# ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 6 | Issue 51 | 27 December 2017 to 02 January 2018 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com





## ਪ੍ਰਮੁੱਖ ਧਾਰਮਿਕ ਸਮਾਗਮਾਂ ਦੌਰਾਨ ਸਿਆਸੀ ਮੀਟਿੰਗਾਂ ਤੇ ਰੈਲੀਆਂ ਕੀਤੇ ਜਾਣ ਦੀ ਸਿੱਖ ਧਰਮ 'ਚ ਕੋਈ ਮਨਾਹੀ ਨਹੀਂ : ਏਜੀਪੀਸੀ

**ਫ਼ਰੀਮੌਂਟ/ਬਿਊਰੋ ਨਿਊਜ਼:** ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ (ਏਜੀਪੀਸੀ) ਨੇ ਫ਼ਤਿਹਗੜ੍ਹ ਸਾਹਿਬ ਵਿਖੇ ਛੋਟੇ ਸਾਹਿਬਜ਼ਾਦਿਆਂ ਦੇ ਮਨਾਏ ਜਾਂਦੇ ਸ਼ਹੀਦੀ ਪੁਰਬ ਮੌਕੇ ਰਾਜਨੀਤਿਕ ਰੈਲੀਆਂ ਤੇ ਮੀਟਿੰਗਾਂ 'ਤੇ ਲਗਾਈ ਗਈ ਪਾਬੰਦੀ ਸਬੰਧੀ ਦਾ ਵਿਰੋਧ ਕਰਦਿਆਂ ਕਿਹਾ ਹੈ ਕਿ ਧਾਰਮਿਕ ਸਮਾਗਮਾਂ 'ਚ ਸਿਆਸੀ ਮੀਟਿੰਗਾਂ ਅਤੇ ਰੈਲੀਆਂ ਦੀ ਸਿੱਖ ਧਰਮ ਅਤੇ ਸਿਆਸਤ 'ਚ ਕਈ ਮਨਾਹੀ ਨਹੀਂ ਹੈ। ਉਨ੍ਹਾਂ ਕਿਹਾ ਕਿ ਕਾਫ਼ੀ ਸਮਾਂ ਪਹਿਲਾਂ ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਿਧਾਂਤਾਂ ਮੁਤਾਬਕ ਅਜਿਹੇ ਦਿਹਾੜਿਆਂ ਮੌਕੇ ਸਿਆਸੀ ਮੀਟਿੰਗਾਂ ਅਤੇ ਰੈਲੀਆਂ ਹੋਣੀਆਂ ਚਾਹੀਦੀਆਂ ਹਨ ਤਾਂ ਜੋ ਕਿ ਇਨ੍ਹਾਂ ਸਮਾਗਮਾਂ ਮੌਕੇ ਧਰਮ ਅਤੇ ਵਿਰਸੇ ਨਾਲ ਸਬੰਧਿਤ ਲੋਕਾਂ ਦਰਮਿਆਨ ਵਿਚਰ ਕੇ ਉਨ੍ਹਾਂ ਦੇ ਪੱਖ ਨੂੰ ਜਾਣਿਆ ਜਾ ਸਕੇ। ਏਜੀਪੀਸੀ ਦੇ ਪ੍ਰਧਾਨ ਜਸਵੰਤ ਸਿੰਘ ਹੋਠੀ ਅਤੇ ਕੋਆਡੀਨੇਟਰ ਪ੍ਰਿਤਪਾਲ ਸਿੰਘ ਨੇ ਇੱਥੇ ਜਾਰੀ ਸਾਂਝੇ ਪ੍ਰੈਸ ਬਿਆਨ ਵਿੱਚ ਕਿਹਾ ਕਿ ਗੁਰੂ ਸਾਹਿਬ ਨੇ ਧਰਮ ਤੇ ਰਾਜਨੀਤੀ ਦਾ ਆਪਸੀ ਮੇਲ ਰੱਖਿਆ ਹੈ ਅਤੇ ਰਾਜਨੀਤੀ ਧਰਮ ਨਾਲ ਮਿਲ ਕੇ ਧਰਮ ਦੀ ਛੱਤਰ ਛਾਇਆ ਹੇਠ ਹੋਣੀ ਚਾਹੀਦੀ ਹੈ





## ਲੱਖਾਂ ਸੰਗਤਾਂ ਵਲੋਂ ਫਤਹਿਗੜ੍ਹ ਸਾਹਿਬ ਵਿਖੇ ਸ਼ਰਧਾ ਪੂਰਵਕ ਸਿੱਜਦਾ

### *ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਲਾਸਾਨੀ : ਕੈਪਟਨ ਅਮਰਿੰਦਰ ਸਿੰਘ*

### ਚਨਾਰਥਲ ਨੂੰ ਸਬ ਤਹਿਸੀਲ ਬਣਾਉਣ ਦਾ ਐਲਾਨ

**ਫਤਹਿਗੜ੍ਹ ਸਾਹਿਬ/ਬਿਊਰੋ ਨਿਊਜ਼,** ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਅਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਸ਼ਹੀਦੀ ਸਭਾ ਦੇ ਦੂਜੇ ਦਿਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਥੇ ਗੁਰਦੁਆਰੇ ਵਿੱਚ ਮੱਥਾ ਟੇਕਿਆ। ਇਸ ਵਾਰ ਸਿਆਸੀ ਕਾਨਫਰੰਸਾਂ 'ਤੇ ਰੋਕ ਕਾਰਨ ਸ਼ਹੀਦੀ ਸਭਾ ਮੌਕੇ ਦੂਸ਼ਣਬਾਜ਼ੀ ਦੀ ਥਾਂ ਕਾਂਗਰਸ ਤੇ ਅਕਾਲੀ ਦਲ ਦੇ ਆਗੂ ਸ਼ਰਧਾਲੂ ਵਜੋਂ ਨਤਮਸਤਕ ਹੋਏ ਹਨ। ਮੁੱਖ ਮੰਤਰੀ ਨੇ ਅੱਜ ਫਤਹਿਗੜ੍ਹ ਸਾਹਿਬ ਦੇ 55 ਪਿੰਡਾਂ 'ਤੇ ਆਧਾਰਤ ਚਨਾਰਥਲ ਨੂੰ ਸਬ-ਤਹਿਸੀਲ ਬਣਾਉਣ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਪਟਿਆਲਾ ਤੋਂ ਪਨਿਆਲੀ ਤਕ ਨਵੇਂ ਸ਼ਾਹਰਾਹ ਦਾ ਨਾਂ ਮਾਤਾ ਗੁਜਰੀ ਮਾਰਗ ਰੱਖਣ ਦਾ ਪ੍ਰਸਤਾਵ ਵੀ ਨੈਸ਼ਨਲ ਹਾਈਵੇਅ ਅਥਾਰਟੀ ਨੂੰ ਭੇਜਿਆ ਗਿਆ ਹੈ। ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਮੁਗਲ ਹਕੂਮਤ ਦੇ ਜਬਰ ਖ਼ਿਲਾਫ਼ ਦਿੱਤੀ ਇਸ ਅਦੁੱਤੀ ਸ਼ਹਾਦਤ ਦੀ ਦੁਨੀਆਂ ਭਰ ਵਿੱਚ ਹੋਰ ਕਿਧਰੇ



ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਨੂੰ ਸ਼ਹੀਦੀ ਸਭਾ ਦੌਰਾਨ ਗੁਰਦੁਆਰਾ ਸ਼੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਨਤਮਸਤਕ ਹੋਣ ਮੌਕੇ ਗੁਰਦੁਆਰਾ ਸਾਹਿਬ ਦੇ ਹੈਡ ਗ੍ਰੰਥੀ ਭਾਈ ਹਰਪਾਲ ਸਿੰਘ ਸਿਰੋਪਾਓ ਬਖਸ਼ਿਸ਼ ਕਰਦੇ ਹੋਏ।

## ਪੰਜਾਬ ਤੇ ਕਿਸਾਨਾਂ ਨੂੰ ਆਰਥਿਕ ਮੰਦਹਾਲੀ ਵਿਚੋਂ ਕੱਢਣ ਲਈ ਵਾਹਗਾ ਸਰਹੱਦ ਰਾਹੀਂ ਵਪਾਰ ਖੋਲਿਆ ਜਾਵੇ: ਸਿੱਖ ਯੂਥ ਆਫ ਪੰਜਾਬ

**ਸ਼੍ਰੀ ਹਰਗੋਬਿੰਦਪੁਰ ਸਾਹਿਬ/ ਸਿੱਖ ਸਿਆਸਤ ਬਿਊਰੋ:** ਸਿੱਖ ਯੂਥ ਆਫ ਪੰਜਾਬ ਨੇ ਜ਼ੋਰ ਦੇ ਕੇ ਕਿਹਾ ਹੈ ਪੰਜਾਬ ਤੇ ਕਿਸਾਨਾਂ ਨੂੰ ਆਰਥਿਕ ਮੰਦਹਾਲੀ ਵਿਚੋਂ ਕੱਢਣ ਲਈ ਵਾਹਗਾ ਸਰਹੱਦ ਰਾਹੀਂ ਵਪਾਰ ਖੋਲਿਆ ਜਾਵੇ। ਜਥੇਬੰਦੀ ਦੇ 9ਵੇਂ ਸਥਾਪਨਾ ਦਿਹਾੜੇ ਮੌਕੇ ਲੰਘੇ ਐਤਵਾਰ 24 ਦਸੰਬਰ ਨੂੰ ਸਥਾਨਕ ਗੁਰਦੁਆਰਾ ਦਮਦਮਾ ਸਾਹਿਬ ਵਿਖੇ ਚਾਰ ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਨੂੰ ਸਪਰਪਤ ਕਾਨਫਰੰਸ ਵਿੱਚ ਬੁਲਾਰਿਆਂ ਨੇ ਵੱਡੀ ਗਿਣਤੀ ਵਿੱਚ ਹਾਜ਼ਰ ਨੌਜਵਾਨਾਂ ਨਾਲ ਪੰਜਾਬ ਖ਼ਾਸ ਕਰਕੇ ਸੂਬੇ ਦੇ ਕਿਸਾਨਾਂ ਨੂੰ ਦਰਪੇਸ਼ ਮਸਲਿਆਂ ਸਬੰਧੀ ਅਹਿਮ ਵਿਚਾਰਾਂ ਕੀਤੀਆਂ।

ਇਸ ਮੌਕੇ "ਸਿੱਖਿਆ ਅਤੇ ਸਿੱਖ ਸਿੱਖਿਆ" ਵਿਸ਼ੇ 'ਤੇ ਆਪਣੇ ਵਿਚਾਰ ਸਾਂਝੇ ਕਰਦਿਆਂ ਡਾ. ਗੁਰਪ੍ਰੀਤ ਸਿੰਘ ਨੇ ਕਿਹਾ ਕਿ ਸਿੱਖਿਆ ਦਾ ਮਨੋਰਥ ਮਨੁੱਖ ਅੰਦਰਲੇ ਗਿਆਨ ਨੂੰ ਉਜਾਗਰ ਕਰਨਾ ਹੁੰਦਾ ਹੈ ਪਰ ਅੱਜਕੱਲ ਦੇ ਵਿਦਅਕ ਢਾਚੇਂ ਵਿੱਚ ਵਿਦਆਰਥੀਆਂ ਬਾਹਰੀ ਜਾਣਕਾਰੀ ਬਾਰੇ ਘੋਟਾ ਲਵਾਉਣ 'ਤੇ ਵੱਧ ਜ਼ੋਰ ਦਿੱਤਾ ਜਾ ਰਿਹਾ ਹੈ।

ਉਨ੍ਹਾਂ ਗੁਰ ਇਤਿਹਾਸ, ਸਿੱਖ ਇਤਿਹਾਸ ਅਤੇ ਗੁਰਬਾਣੀ ਦੇ ਹਵਾਲੇ ਨਾਲ ਸਿੱਖ ਸਿੱਖਿਆ ਦੀਆਂ ਵਿਸ਼ੇਸ਼ਤਾਈਆਂ ਉੱਤੇ ਵੀ ਚਾਨਣਾ ਪਾਇਆ ਅਤੇ ਇਹ ਵੀ ਦੱਸਿਆ ਕਿ ਕਿਵੇਂ ਪਹਿਲਾਂ ਅੰਗਰੇਜ਼ਾਂ ਤੇ ਫਿਰ ਭਾਰਤੀ ਸਟੇਟ ਵੱਲੋਂ ਸਿੱਖਿਆ ਨੂੰ ਇਕ ਸੰਦ ਵੱਜੋਂ ਵਰਤਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਮੁੱਢਲੀ ਸਿੱਖਿਆ ਵਿਚੋਂ ਮਾਂ-ਬੋਲੀ ਅਤੇ ਸੱਭਿਆਚਾਰਕ ਸਰੋਕਾਰਾਂ ਨੂੰ ਦਰਕਿਨਾਰ ਕਰਨਾ ਇਕ ਘਾਤਕ ਰੁਝਾਣ ਹੈ ਤੇ ਇਸ ਨੂੰ ਮੋੜਾ ਪਾਉਣਾ ਚਾਹੀਦਾ ਹੈ।

ਭਾਰਤੀ ਮੀਡੀਆ ਵੱਲੋਂ ਸਿੱਖਾਂ ਦੀ ਪੇਸ਼ਕਾਰੀ ਵਿਸ਼ੇ 'ਤੇ ਵਿਚਾਰ ਸਾਂਝੇ ਕਰਦਿਆਂ ਸਿੱਖ ਸਿਆਸਤ ਦੇ ਸੰਪਾਦਕ ਪਰਮਜੀਤ ਸਿੰਘ ਨੇ ਕਿਹਾ ਕਿ ਜਾਣਕਾਰੀ' ਅਤੇ ਮਨੋਰੰਜਨ' ਦੋਵੇਂ ਤਰ੍ਹਾਂ ਦਾ ਮੀਡੀਆ ਹੀ ਨੀਤੀਗਤ ਢੰਗ ਨਾਲ ਸਿੱਖ ਅਕਸ ਨੂੰ ਵਿਗਾੜ ਕੇ ਪੇਸ਼ ਕਰਦਾ ਹੈ। ਉਨ੍ਹਾਂ ਕਿਹਾ ਕਿ ਮਨੋਰੰਜਨ ਵਾਲੇ ਮੀਡੀਏ ਵਿੱਚ ਸਿੱਖ ਕਰਦਾਰਾਂ ਨੂੰ ਹੀਣੇ ਚਿਤਵਿਆ ਤੇ ਚਿਤਰਿਆ ਜਾਂਦਾ ਹੈ ਤੇ ਖਬਰਾਂ ਵਾਲੇ ਮੀਡੀਏ ਵੱਲੋਂ ਖਬਰਾਂ ਪੇਸ਼ ਕਰਨ ਸਮੇਂ ਤੱਥਾਂ ਨੂੰ ਅਜਿਹੇ ਢੰਗ ਨਾਲ ਪੇਸ਼ ਕੀਤਾ ਜਾਂਦਾ ਹੈ ਕਿ ਜਿਸ ਨਾਲ ਸਿੱਖਾਂ ਦੇ ਅਕਸ ਨੂੰ ਵਿਗਾੜ ਕੇ ਪੇਸ਼ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਹ ਇਕ ਮਿੱਥ ਹੈ ਕਿ ਮੀਡੀਆ ਨਿਰਪੱਖ ਜਾਣਕਾਰੀ ਦਿੰਦਾ ਹੈ ਬਲਕਿ ਮੀਡੀਆ ਤਾਂ ਪੂਰੀ ਜਾਣਕਾਰੀ ਹੀ ਨਹੀਂ ਦਿੰਦਾ ਸਿਰਫ ਚੋਣਵੀਂ ਜਿਹੀ ਜਾਣਕਾਰੀ ਇਸ ਖਾਂਸ ਨੁਕਤਾ-ਨਜ਼ਰ ਤੋਂ ਹੀ ਪੇਸ਼ ਕੀਤੀ ਜਾਂਦੀ ਹੈ ਤਾਂ ਕਿ ਪਹਿਲਾਂ ਤੋਂ ਚਿਤਵੀ ਰਾਏ ਘੜੀ ਜਾ ਸਕੇ। ਸੋਸ਼ਲ ਮੀਡੀਆ

**ਬਾਕੀ ਸਫ਼ਾ 35 'ਤੇ**



ਖੱਬਿਓਂ ਸੱਜੇ : ਡਾ. ਗੁਰਪ੍ਰੀਤ ਸਿੰਘ, ਸ. ਪਰਮਜੀਤ ਸਿੰਘ ਸੰਪਾਦਕ ਸਿੱਖ ਸਿਆਸਤ, ਸ. ਪਰਮਜੀਤ ਸਿੰਘ ਟਾਂਡਾ ਜਨਰਲ ਸਕੱਤਰ ਦਲ ਖਾਲਸਾ, ਭਾਈ ਮਨਧੀਰ ਸਿੰਘ, ਸ. ਪਰਮਜੀਤ ਸਿੰਘ ਮੰਡ ਪ੍ਰਧਾਨ ਸਿੱਖ ਯੂਥ ਆਫ ਪੰਜਾਬ। (ਥੱਲੇ) ਸਮਾਗਮ ਵਿੱਚ ਹਾਜ਼ਰੀ ਭਰ ਰਹੇ ਨੌਜਵਾਨ


For Advertisements in Quomantry Amritsar Times Please Call :
**Jai Singh**
510-677-2777












# GLOBAL MULTI SERVICES

## ONE STOP SHOP FOR ALL TRUCKING NEEDS

## Ask for Special Parking Rates. 1st Come 1st Serve.

## Truck Parking Available for 500+ Trucks

i5 TRUCK WASH AND REPAIR
GET A SHOWROOM SHINE, EVERY TIME

Ph.: 209-986-0338
info@i5truckwash.com
www.i5truckwash.com
1137 S Stockton St, Stockton CA 95206

HOME OF ALL TRUCKING SERVICES
GLOBAL TRUCK TERMINAL

Ph.: 800-696-3796
info@GlobalTruckTerminal.com
www.GlobalTruckTerminal.com
1801 E Charter Way, Stockton CA 95205

## Services We Offer:

On site IRP Plate - License Plates - IFTA - Fuel Tax Return
New Mexico & Kentucky Permit - Dot - MC Authority - UCR Permits
Corporation Filing - 2290 Filing - Canadian Permits
Title Transfer etc.

General Truck & Trailer Repair - Brakes - Oil Change
BIT Inspection - Annual Inspection - Transmission
Truck & Trailer Alignment - New & Used Tires - Wheel Balancing
DPF Cleaning & Truck Wash etc.

## Call Maneet Deol for more info : 209-982-9996

# UNITED SPORTS CLUB CALIFORNIA, AMERICA



Amolak Singh Gakhal
Patron
United Sports Club

## 14th World Kabaddi Cup

**15 Sep 2018, Saturday**

James Logan High School 1800 H Street,
Union City, California 94587

ਪੁੱਤਰਾਂ ਦੇ ਦਾਨੀ, ਸਾਹਿਬ-ਏ-ਕਮਾਲ
ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਾਵਨ ਪ੍ਰਕਾਸ਼ ਪੁਰਬ
ਅਤੇ ਨਵੇਂ ਸਾਲ 2018 ਦੀ ਆਮਦ ਦੀਆਂ
ਯੂਨਾਈਟਡ ਸਪੋਰਟਸ ਕਲੱਬ, ਅਮੈਰਿਕਾ ਵਲੋਂ ਸਮੂਹ ਭਾਈਚਾਰੇ ਨੂੰ

## ਲੱਖ ਲੱਖ ਮੁਬਾਰਕਾਂ





**Special Support Form**

IKKI International Entertainment Inc. GB Entertainment, Central Velly Sports Club, Shaheed Udham Singh Sports Club Fresno, Shaheed Bhagat Singh Sports Club Fresno, Bay Area Sports Club, Santa Clara Sports Club, Miri Piri Sports Club, Golden State Sports Club, Sher E Punjab Sports Club Los Banos, Guru Gobind Singh Sports Club, Shaheed Baba Deep Singh Sports Club Sacramento, Baba Sewa Das Kabddi Club North Caroline, King Sports Club Sacramento, Punjab Sports Club Seattle, Fateh Sports Club Turlock, Gurwara San Jose Sports Club, Dashmesh Sports Club Tracy, Bhagat Singh Cricket Club.

Media In charge of World Kabaddi Cup

**S. Ashok Bhaura**

Phone: 510 415 3315, Email: ashokbhaura@gmail.com

Like past years Guru Ka Langar Will be served with the support of Fremont, San Jose, Stockton Gurdwaras, United Sports Club and Raja Sweets Fremont in the next United Sports Club's 14th World Kabaddi Cup

# CHAAT BHAVAN®

**Best Name for Indian Vegetarian Food**

DINE IN • TAKE OUT • CATERING • DELIVERY



ਵਿਆਹ ਸ਼ਾਦੀ,
ਬਰਥ ਡੇ ਪਾਰਟੀ,
ਐਨੀਵਰਸਰੀ ਜਾਂ ਹੋਰ
ਕਿਸੇ ਵੀ ਕਿਸਮ ਦੀ
ਕੇਟਰਿੰਗ ਲਈ ਸਦਾ
ਸਾਨੂੰ ਯਾਦ ਰੱਖੋ।

FOR CATERING INQUIRIES:
**408.472.0229**

*Catering*

FULL SERVICE CATERING
FOR YOUR SPECIAL EVENT
from 50 to upto 10,000 guests.
*Setup a Tasting Appointment Today!*

5355 MOWRY AVENUE • FREMONT
**510.795.1100**

976 E. EL CAMINO REAL • SUNNYVALE
**408.795.1100**

4112 GRAFTON ST • DUBLIN
**925.829.1700**

WWW.CHAATBHAVAN.COM

# ਸਿੱਖ ਰਿਲੀਜੀਅਸ ਸੁਸਾਇਟੀ, ਗੁਰਦੁਆਰਾ ਸਾਹਿਬ ਪੈਲਾਟਾਈਨ

**1280 WINNETKA ST. PALATINE IL 60067, Contact : (847) 358-1117**



## ਸ਼ਹੀਦੀ ਦਿਹਾੜੇ, ਨਵਾਂ ਸਾਲ ਅਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਦਿਹਾੜੇ ਸਬੰਧੀ ਸਮਾਗਮ

ਸਿੱਖ ਰਿਲੀਜੀਅਸ ਸੁਸਾਇਟੀ, ਗੁਰਦੁਆਰਾ ਸਾਹਿਬ ਪੈਲਾਟਾਈਨ ਵਲੋਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ, ਉਨ੍ਹਾਂ ਦੇ ਚਾਰ ਸਾਹਿਬਜ਼ਾਦੇ ਅਤੇ ਮਾਤਾ ਗੁਜਰ ਕੌਰ ਜੀ ਦੇ ਸ਼ਹੀਦੀ ਦਿਹਾੜੇ ਅਤੇ ਨਵੇਂ ਸਾਲ ਸਬੰਧੀ ਮਹਾਨ ਸਮਾਗਮ ਕਰਵਾਇਆ ਜਾ ਰਿਹਾ ਹੈ।

### ਪ੍ਰੋਗਰਾਮ

**26 ਦਸੰਬਰ 2017, ਮੰਗਲਵਾਰ**

ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਜੀ, ਬਾਬਾ ਫਤਹਿ ਸਿੰਘ ਜੀ ਅਤੇ ਮਾਤਾ ਗੁਜਰ ਕੌਰ ਜੀ ਦੇ ਸ਼ਹੀਦੀ ਦਿਹਾੜੇ ਦੇ ਸਬੰਧ ਵਿਚ ਸ਼ਾਮ ਦੇ ਵਿਸ਼ੇਸ਼ ਦੀਵਾਨ ਸਜਾਏ ਜਾਣਗੇ।

**29 ਦਸੰਬਰ 2017, ਸ਼ੁੱਕਰਵਾਰ**

ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਜੀ, ਸਾਹਿਬਜ਼ਾਦਾ ਫ਼ਤਿਹ ਸਿੰਘ ਜੀ ਅਤੇ ਮਾਤਾ ਗੁਜਰ ਕੌਰ ਜੀ ਦੀ ਸ਼ਹੀਦੀ ਨੂੰ ਸਮਰਪਿਤ ਸ੍ਰੀ ਆਖੰਡ ਪਾਠ ਸਾਹਿਬ ਦੀ ਆਰੰਭਤਾ ਸਵੇਰੇ 9.00 ਵਜੇ ਹੋਵੇਗੀ

**31 ਦਸੰਬਰ 2017, ਐਤਵਾਰ**

ਰੱਖੇ ਗਏ ਸ੍ਰੀ ਆਖੰਡ ਪਾਠ ਸਾਹਿਬ ਦੀ ਸੰਪੂਰਨਤਾ ਸਵੇਰੇ 9.15 ਵਜੇ ਹੋਵੇਗੀ।

**05 ਜਨਵਰੀ 2018, ਸ਼ੁੱਕਰਵਾਰ**

ਆਰੰਭ ਸ੍ਰੀ ਆਖੰਡ ਪਾਠ ਸਾਹਿਬ ਸਵੇਰੇ 9.15 ਵਜੇ
ਸੰਪੂਰਨਤਾ: 07 ਜਨਵਰੀ 2018 ਸਵੇਰੇ 9:15 ਵਜੇ

### ਪਹੁੰਚ ਰਹੇ ਕਥਾਵਾਚਕ, ਰਾਗੀ ਅਤੇ ਢਾਡੀ ਜਥੇ

ਭਾਈ ਹਰਜਿੰਦਰ ਸਿੰਘ ਜੀ ਸਭਰਾ:
25 ਦਸੰਬਰ 2017 ਤੋਂ 2 ਜਨਵਰੀ 2018 ਤੱਕ
ਹਾਜ਼ਰੀ ਭਰਨਗੇ

ਭਾਈ ਅਜੀਤ ਸਿੰਘ ਇੰਡਿਆਨਾ ਵਾਲੇ:
31 ਦਸੰਬਰ 2017 ਨੂੰ ਰਾਤ ਦੇ
ਦੀਵਾਨ ਵਿਚ ਹਾਜ਼ਰੀ ਭਰਨਗੇ

31 ਦਸੰਬਰ, ਐਤਵਾਰ ਦਾ ਦਿਹਾੜਾ ਵਿਸ਼ੇਸ਼ ਤੌਰ ਤੇ ਮਨਾਇਆ ਜਾਏਗਾ। ਸ਼ਾਮ ਨੂੰ ਨਵੇਂ ਸਾਲ ਦੇ ਸਬੰਧ ਵਿਚ ਵਿਸ਼ੇਸ਼ ਦੀਵਾਨ ਸਜਾਏ ਜਾਣਗੇ। ਭਾਈ ਅਜੀਤ ਸਿੰਘ ਇੰਡਿਆਨਾ ਵਾਲੇ ਵਿਸ਼ੇਸ਼ ਤੌਰ ਤੇ ਪਹੁੰਚ ਰਹੇ ਹਨ।

ਢਾਡੀ ਜਥਾ ਭਾਈ ਦੇਸਰਾਜ ਸਿੰਘ ਜੀ ਦੀਵਾਨਾ :
ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਗੁਰਪੁਰਬ
ਦੇ ਸਬੰਧ ਵਿਚ ਵਿਸ਼ੇਸ਼ ਤੌਰ ਤੇ ਪਹੁੰਚ ਰਹੇ ਹਨ
ਜੋ 1 ਜਨਵਰੀ 2018 ਤੋਂ 7 ਜਨਵਰੀ 2018 ਤੱਕ
ਹਾਜ਼ਰੀ ਭਰਨਗੇ ਅਤੇ ਸੰਗਤਾਂ ਨਾਲ
ਵਿਚਾਰ ਸਾਂਝੇ ਕਰਨਗੇ।

05 ਜਨਵਰੀ 2018 ਦਿਨ ਸ਼ੁੱਕਰਵਾਰ ਨੂੰ
ਸ਼ਾਮ ਦੇ ਵਿਸ਼ੇਸ਼ ਦੀਵਾਨ ਸਜਾਏ ਜਾਣਗੇ।

07 ਜਨਵਰੀ 2018, ਐਤਵਾਰ ਨੂੰ ਸ੍ਰੀ ਆਖੰਡ
ਪਾਠ ਸਾਹਿਬ ਦੀ ਸੰਪੂਰਨਤਾ ਉਪਰੰਤ ਢਾਡੀ ਵਾਰਾਂ,
ਕਥਾ ਅਤੇ ਕੀਰਤਨੀ ਜਥੇ ਹਾਜ਼ਰੀ ਭਰਨਗੇ।

ਸੰਗਤ ਨੂੰ ਬੇਨਤੀ ਹੈ ਕਿ ਇਨ੍ਹਾਂ ਸਮਾਗਮਾਂ ਵਿਚ ਵੱਧ ਚੜ੍ਹ ਕੇ
ਹਾਜ਼ਰੀ ਭਰੋ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ

**ਗੁਰਦੁਆਰਾ ਸਾਹਿਬ ਦਾ ਫੋਨ ਨੰਬਰ 1-847-358-1117,**
**ਸਟੇਜ ਸੈਕਟਰੀ ਹਰਜੀਤ ਸਿੰਘ ਗਿੱਲ 847-833-5340,**
**ਪ੍ਰਧਾਨ ਮਹਾਂਵੀਰ ਸਿੰਘ ਬਰਾੜ 630-217-2478**



ਭਾਈ ਅਜੀਤ ਸਿੰਘ ਜੀ ਇੰਡਿਆਨਾ ਵਾਲਿਆਂ ਦਾ ਜਥਾ



ਭਾਈ ਹਰਜਿੰਦਰ ਸਿੰਘ ਸਭਰਾ



ਭਾਈ ਦੇਸਰਾਜ ਸਿੰਘ ਜੀ ਦੀਵਾਨਾ ਦਾ ਢਾਡੀ ਜਥਾ

ਦਾਸਰੇ : ਸਮੂਹ ਸੇਵਾਦਾਰ
ਗੁਰਦੁਆਰਾ ਸਾਹਿਬ ਪੈਲਾਟਾਈਨ

SIKH Religious Society
PALATINE GURDWARA

**1280 Winnetka Street, Palatine,**
**IL 60067 Ph: (847) 358-1117**
Website: www.srschicago.org Email: contactus@srschicago.org



# ਮਾਤਾ ਗੁਜਰੀ ਜੀ ਅਤੇ ਚਾਰ ਸਾਹਿਬਜ਼ਾਦਿਆਂ

## ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ

# ਵਿਸ਼ੇਸ਼ ਕਥਾ ਅਤੇ ਕੀਰਤਨ ਸਮਾਗਮ

## ਗੁਰਦੁਆਰਾ ਸਾਹਿਬ ਖਾਲਸਾ ਕੇਅਰ ਫਾਉਂਡੇਸ਼ਨ ਵਿਖੇ

AT GURDWARA SAHIB KHALSA CARE FOUNDATION , 9899 Laurel canyon Blvd, Pacoima CA 91331

31 ਦਸੰਬਰ, 2017 (ਸ਼ਾਮੀ)
07:00 ਵਜੇ ਤੋਂ 12:00 ਵਜੇ ਤੱਕ

7 ਜਨਵਰੀ 2018 (ਸਵੇਰੇ)
12:00 ਵਜੇ ਤੋਂ 01:00 ਵਜੇ ਤੱਕ

ਕੀਰਤਨ ਭਾਈ ਵਰਿਦਰ ਸਿਘ ਜੀ ਅਤੇ ਕਥਾ ਭਾਈ ਪਿੰਦਰਪਾਲ ਸਿਘ ਜੀ

01 ਜਨਵਰੀ, ਸੋਮਵਾਰ ਤੋਂ 06 ਜਨਵਰੀ 2018, ਸ਼ਨੀਵਾਰ ਤੱਕ
ਕੀਰਤਨ ਭਾਈ ਵਰਿਦਰ ਸਿਘ ਜੀ (7:00 PM - 7:30PM)
ਕਥਾ ਭਾਈ ਪਿੰਦਰਪਾਲ ਸਿਘ ਜੀ (7:30 PM - 8:30PM)



## ਭਾਈ ਕਨ੍ਹੱਈਆ ਜੀ ਲੰਗਰ ਸੇਵਾ ਦਲ

ਹੋਰ ਜਾਣਕਾਰੀ ਲਈ ਕ੍ਰਿਪਾ ਕਰਕੇ ਸੰਪਰਕ ਕਰੋ:
ਬਲਦੇਵ ਸਿੰਘ (818) 468-9595 ਬਲਵਿੰਦਰ ਸਿੰਘ (818) 404-0811
ਮੱਖਣ ਸਿੰਘ (661) 225-7157 ਪਰਮਜੀਤ ਸਿੰਘ (626) 354-6653





Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

**Raja™ Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja™ Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders



Raja SWEETS & CATERING
AUTHORIZED CATERER FOR MAJOR 5-STAR HOTELS
Presents
PARADISE BALLROOMS
banquet hall & event center



ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# Paradise Ballrooms

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## Services Include

- Catering
- Silverware
- Chinaware
- Decorated Hall
- Linen
- Several Bar Options
- Security
- Wait Staff
- Full Setup Including table cloth, napkins, chairs etc.

# ਫਤਹਿਗੜ੍ਹ ਸਾਹਿਬ ਇਲਾਕੇ ਦੀ ਸੰਗਤ ਨੇ ਭਾਰੀ ਸ਼ਰਧਾ ਨਾਲ ਮਨਾਇਆ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰ ਕੌਰ ਜੀ ਦਾ ਸ਼ਹੀਦੀ ਦਿਹਾੜਾ

**ਸੈਨ ਹੋਜ਼ੇ/ਬਿਊਰੋ ਨਿਊਜ਼:** ਪੰਜਾਬ ਦੇ ਫਤਹਿਗੜ੍ਹ ਸਾਹਿਬ ਇਲਾਕੇ ਦੀ ਸੈਨ ਹੋਜ਼ੇ ਵਿਚਲੀ ਸੰਗਤ ਵਲੋਂ ਛੋਟੇ ਸਾਹਿਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਹਿ ਸਿੰਘ ਤੇ ਮਾਤਾ ਗੁਜਰ ਕੌਰ ਜੀ ਦਾ ਸ਼ਹੀਦੀ ਸਮਾਗਮ ਸਿੱਖ ਗੁਰਦੁਆਰਾ ਸਾਹਿਬ ਸੈਨ ਹੋਜ਼ੇ ਵਿਖੇ ਭਾਰੀ ਸ਼ਰਧਾ ਨਾਲ ਮਨਾਇਆ ਗਿਆ। ਇਸ ਸਬੰਧ ਵਿੱਚ 24 ਦਸੰਬਰ ਨੂੰ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ।





ਰਾਗੀ ਜਥਾ ਭਾਈ ਹਰਚਰਨ ਸਿੰਘ ਖਾਲਸਾ, ਕਥਾਵਾਚਕ ਭਾਈ ਗੁਰਜੀਤ ਸਿੰਘ, ਰਾਗੀ ਜਥਾ ਭਾਈ ਨਿਰੰਜਨ ਸਿੰਘ ਜਵੱਦੀ ਕਲਾਂ, ਰਾਗੀ ਜਥਾ ਭਾਈ ਕੁਲਵੰਤ ਸਿੰਘ, ਖਾਲਸਾ ਸਕੂਲ ਦੇ ਵਿਦਿਆਰਥੀਆਂ ਦੇ ਕੀਰਤਨੀ ਜਥੇ ਅਤੇ ਨਾਭੇ ਵਾਲੀਆਂ ਬੀਬੀਆਂ ਦੇ ਢਾਡੀ ਜਥੇ ਵਲੋਂ ਕੀਰਤਨ, ਕਥਾ ਤੇ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ।

ਗੁਰਦੁਆਰਾ ਸਾਹਿਬ ਦੀ ਪ੍ਰੀਕਰਮਾ ਅੰਦਰ ਨਗਰ ਕੀਰਤਨ ਵੀ ਕੀਤਾ ਗਿਆ ਵਲੋਂ ਜਿਸ ਦੌਰਾਨ ਸੰਗਤਾਂ ਨੇ ਸੈਨ ਹੋਜ਼ੇ ਦੇ ਵਿਦਿਆਰਥੀਆਂ ਦੀ ਗੱਤਕਾ ਟੀਮ ਵਲੋਂ ਪੇਸ਼ ਸਿੱਖ ਮਾਰਸ਼ਲ ਕਲਾ ਗੱਤਕੇ ਦੇ ਜੌਹਰ ਦਾ ਆਨੰਦ ਮਾਣਿਆ। ਸਾਰੇ ਸਮਾਗਮ ਦੌਰਾਨ ਗੁਰੂ ਕਾ ਲੰਗਰ ਅਤੁੱਟ ਵਰਤਿਆ।

# ਵੱਡੇ ਸਾਹਿਬਜ਼ਾਦਿਆਂ ਅਤੇ ਚਮਕੌਰ ਸਾਹਿਬ ਦੇ ਸਮੂਹ ਸ਼ਹੀਦਾਂ ਦੀ ਯਾਦ 'ਚ ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਵਿਸ਼ੇਸ਼ ਸਮਾਗਮ ਕਰਵਾਏ









**ਸ਼ਿਕਾਗੋ/ਮੱਖਣ ਸਿੰਘ ਕਲੇਰ:** ਇਥੋਂ ਦੇ ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਵਲੋਂ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਤੇ ਚਮਕੌਰ ਸਾਹਿਬ ਦੇ ਸਮੂਹ ਸ਼ਹੀਦਾਂ ਦੀ ਯਾਦ ਵਿੱਚ 21 ਦਸੰਬਰ ਤੋਂ 29 ਦਸੰਬਰ ਤੱਕ ਵਿਸ਼ੇਸ਼ ਸਹੀਦੀ ਸਮਾਗਮ ਕਰਵਾਏ ਜਾ ਰਹੇ ਹਨ। 21 ਦਸੰਬਰ ਦੀ ਸ਼ਾਮ ਨੂੰ ਵੱਡੇ ਸਾਹਿਬਜ਼ਾਦੇ ਅਤੇ ਅਤੇ ਚਮਕੌਰ ਸਾਹਿਬ ਦੇ ਸਮੂਹ ਸ਼ਹੀਦਾਂ ਦੀ ਯਾਦ ਵਿੱਚ ਵਿਸ਼ੇਸ਼ ਦਿਵਾਨ ਸਜਾਏ ਗਏ ਜਿਸ ਵਿੱਚ ਗੁਰਦੁਆਰਾ ਸਾਹਿਬ ਦੇ ਕੀਰਤਨੀਏ ਭਾਈ ਰਾਜਿੰਦਰ ਸਿੰਘ ਜਲੰਧਰ ਵਾਲਿਆਂ ਦੇ ਜਥੇ ਅਤੇ ਹੈਡ ਗ੍ਰੰਥੀ ਭਾਈ ਪਰਮਿੰਦਰਜੀਤ ਸਿੰਘ ਨੇ ਹਾਜਰੀ ਲਗਾਈ। 22 ਦਸੰਬਰ ਸ਼ੁਕਰਵਾਰ ਨੂੰ ਸੰਗਤਾਂ ਵਲੋਂ ਸਮੂਹ ਸ਼ਹੀਦਾਂ ਦੀ ਯਾਦ ਵਿੱਚ ਰੈਣ ਸਬਾਈ ਕੀਰਤਨ ਕੀਤੇ ਗਏ। 10 ਦਸੰਬਰ ਨੂੰ ਵੱਡੇ ਸਾਹਿਬਜ਼ਾਦਿਆਂ ਦੀ ਯਾਦ ਵਿੱਚ ਸਹਿਜ ਪਾਠ ਆਰੰਭ ਕਰਵਾਏ ਗਏ ਸਨ ਜਿਨ੍ਹਾਂ ਦੇ ਭੋਗ ਐਤਵਾਰ 24 ਦਸੰਬਰ ਨੂੰ ਪਾਏ ਗਏ। ਉਪਰੰਤ ਵਿਸ਼ੇਸ਼ ਦੀਵਾਨ ਸਜਾਏ ਗਏ ਜਿਸ ਵਿੱਚ ਭਾਈ ਰਾਜਿੰਦਰ ਸਿੰਘ ਜਲੰਧਰ ਵਾਲਿਆਂ ਦੇ ਜਥੇ ਵਲੋਂ ਕੀਰਤਨ ਰਾਹੀਂ ਗੁਰਬਾਣੀ ਦੇ ਸ਼ਬਦ ਗਾਇਨ ਕੀਤੇ ਗਏ। ਹੈਡ ਗ੍ਰੰਥੀ ਭਾਈ ਪਰਮਿੰਦਰਜੀਤ ਸਿੰਘ ਨੇ ਕਥਾ ਰਾਹੀਂ ਸੰਗਤਾਂ ਨੂੰ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਤੇਗ ਬਹਾਦਰ ਸਾਹਿਬ ਜੀ ਤੱਕ ਸੰਖੇਪ ਰੂਪ ਵਿੱਚ ਉਪਰੰਤ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਵਲੋਂ ਆਨੰਦਪੁਰ ਸਾਹਿਬ ਵਿੱਚ ਕੀਤੇ ਚੋਜਾਂ ਦਾ ਇਤਿਹਾਸ ਖਾਲਸਾ ਪੰਥ ਦੀ ਸਾਜਨਾ,ਪਹਾੜੀ ਰਾਜਿਆਂ ਨਾਲ ਲੜਾਈਆਂ ਤੇ ਫਿਰ ਆਨੰਦਪੁਰੀ ਨੂੰ ਛੱਡਣਾਂ ਤੇ ਸਰਸਾ ਕੰਢੇ ਪਰਿਵਾਰ ਦਾ ਵਿਛੋੜਾ ਤੇ ਸਿੰਘਾਂ ਦੀਆਂ ਸ਼ਹੀਦੀਆਂ ਤੇ ਕੱਚੀ ਗੜੀ ਵਿੱਚ 40 ਸਿੰਘਾਂ ਦੇ ਜਥੇ ਸਮੇਤ ਪਹੁੰਚਣਾ ਤੇ ਕਹੇ ਹੋਏ ਬੋਲ ਸਵਾ ਲਾਖ ਸੇ ਏਕ ਲੜਾਊਂ ਨੂੰ ਪੂਰਾ ਕਰਨਾਂ ਤੇ ਵੱਡੇ ਸਾਹਿਬਜ਼ਾਦਿਆਂ ਤੇ ਸਾਥੀ ਸਿੰਘਾਂ ਦੀ ਸ਼ਹੀਦੀ ਹੋਣੀ ਤੇ ਪੰਜ ਸਿੰਘਾਂ ਦੇ ਹੁਕਮ ਨੂੰ ਮੰਨਦਿਆਂ ਕੱਚੀ ਗੜੀ ਵਿੱਚੋਂ ਲਲਕਾਰ ਕੇ ਜਾਣ ਤੱਕ ਦਾ ਇਤਿਹਾਸ ਸਰਵਣ ਕਰਵਾਇਆ ਗਿਆ।

# ਡਾਕਟਰ ਦੀਪ ਸਿੰਘ ਸਰਾ ਵਰਜੀਨੀਆ ਸਟੇਟ ਦੇ ਡਿਸਟ੍ਰਿਕਟ 10 ਤੋਂ ਕਾਂਗਰਸਮੈਨ ਦੀ ਚੋਣ ਲੜਣਗੇ



**ਸੈਨਹੋਜ਼ੇ/ਬਿਊਰੋ ਨਿਊਜ਼:** ਸਿੱਖ ਭਾਈਚਾਰੇ ਦੇ ਜਾਣੇ ਪਛਾਣੇ ਤੇ ਸਰਗਰਮ ਸਮਾਜ ਸੇਵੀ ਡਾਕਟਰ ਦੀਪ ਸਿੰਘ ਸਰਾ ਵਰਜੀਨੀਆ ਸਟੇਟ ਡਿਸਟ੍ਰਿਕਟ 10 ਤੋਂ ਕਾਂਗਰਸਮੈਨ ਦੀ ਚੋਣ ਲੜਨਗੇ। ਬੇਅ ਏਰੀਆ ਦੇ ਸਿੱਖ ਪਤਵੰਤਿਆਂ ਨੇ 23 ਦਸੰਬਰ ਸ਼ਨਿਚਰਵਾਰ ਨੂੰ ਸੈਨ ਹੋਜੇ 'ਚ ਉੱਘੇ ਸਿੱਖ ਆਗੂ ਭਾਈ ਜਸਵੰਤ ਸਿੰਘ ਹੋਠੀ ਦੇ ਘਰ ਵਿਖੇ ਡਾਕਟਰ ਦੀਪ ਸਿੰਘ ਸਰਾ ਨਾਲ ਮਿਲਣੀ ਕੀਤੀ ਜਿਸ ਵਿੱਚ ਡਾਕਟਰ ਸਿੰਘ ਵੱਲੋਂ ਕਾਂਗਰਸਮੈਨ ਦੀ ਚੋਣ, ਜੋ ਮਈ 2018 ਵਿੱਚ ਪ੍ਰਾਇਮਰੀ ਚੋਣ ਹੋਵੇਗੀ ਬਾਰੇ ਵਿਚਾਰ ਵਟਾਂਦਰਾ ਹੋਇਆ। ਇਸ ਮੌਕੇ ਜਿੱਥੇ ਮਾਇਕ ਮੱਦਦ ਕੀਤੀ ਗਈ ਉੱਥੇ ਡਾਕਟਰ ਪ੍ਰਿਤਪਾਲ ਸਿੰਘ ਨੇ ਆਉਣ ਵਾਲੇ ਸਮੇਂ ਵਿੱਚ ਹਰ ਸੰਭਵ ਮੱਦਦ ਦਾ ਭਰੋਸਾ ਵੀ ਦਿੱਤਾ।

# ਯੂਬਾਸਿਟੀ ਦੇ ਟਿਆਰਾ ਬਿਊਨਾ ਗੁਰੂ ਘਰ ਵਿਖੇ ਭਾਰੀ ਸ਼ਰਧਾ ਨਾਲ ਮਨਾਇਆ ਸ਼ਹੀਦੀ ਦਿਹਾੜਾ

**ਯੂਬਾਸਿਟੀ/ਸੇਵਾ ਸਿੱਖ ਬੈਂਸ:** ਯੂਬਾਸਿਟੀ ਸਿੱਖਾਂ ਦੇ ਸੰਘਣੀ ਵਸੋਂ ਅਤੇ ਨਗਰ ਕੀਰਤਨ ਦੇ ਨਾਂ ਜਾਣੇ ਜਾਂਦੇ ਸ਼ਹਿਰ 'ਚ 24 ਦਸੰਬਰ ਐਤਵਾਰ ਨੂੰ ਸਵੇਰੇ 11:00 ਵਜੇ ਤੋਂ ਬਾਅਦ ਦੁਪਹਿਰ 12.30 ਵਜੇ ਤੱਕ ਖਾਲਸਾ ਸਕੂਲ ਵੱਲੋਂ ਦਸਮੇਸ ਹਾਲ ਵਿਚ ਪ੍ਰਬੰਧਕੀ ਕਮੇਟੀ ਦੇ ਸਹਿਯੋਗ ਨਾਲ ਪ੍ਰੋਗਰਾਮ ਸਾਕਾ ਚਮਕੌਰ ਤੇ ਸਾਕਾ ਸਰਹੰਦ ਕੀਤਾ। ਇਸ ਵਿਚ ਦਸਮ ਪਿਤਾ ਦੇ ਮਾਤਾ ਗੁਜ਼ਰ ਕੌਰ ਜੀ, ਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਤੇ ਭਾਈ ਬਚਿੱਤਰ ਸਿੰਘ, ਭਾਈ ਉਦੈ ਸਿੰਘ, ਭਾਈ ਜੀਵਨ ਸਿੰਘ ਤਿੰਨ (ਪੰਜ ਪਿਆਰਿਆਂ ਵਿਚੋਂ) ਤੇ ਹੋਰ ਬਹੁਤ ਸਾਰੇ ਸਿੰਘਾਂ ਦੀ ਸ਼ਹੀਦੀ ਬਾਰੇ ਵਿਸਥਾਰ ਨਾਲ ਦਸਿਆ ਗਿਆ। ਇਸ ਸਾਰੇ ਪ੍ਰੋਗਰਾਮ ਨੂੰ ਪ੍ਰੋਜੈਕਟਰ ਦੀ ਮਦਦ ਨਾਲ ਸਲਾਈਡਾਂ ਰਾਹੀਂ ਸਕਰੀਨ ਤੇ ਦਿਖਾਇਆ ਗਿਆ ਇਹ ਪ੍ਰੋਗਰਾਮ 'ਚ ਸਿੱਖ ਤਿਹਾਸ ਦੇ 1794 ਈਸਵੀ ਦਸੰਬਰ 20 ਤੋਂ ਦਸੰਬਰ 27 ਤੱਕ ਦੇ ਸ਼ਹਾਦਤਾਂ ਭਰੇ ਦਿਨਾਂ ਦਾ ਇਤਿਹਾਸ ਬਹੁਤ ਹੀ ਵਧੀਆ ਤੇ ਸੌਖੇ ਢੰਗ ਨਾਲ ਅੰਗਰੇਜੀ ਤੇ ਪੰਜਾਬੀ ਵਿਚ ਸੰਗਤ ਤੇ ਬੱਚਿਆਂ ਨੂੰ ਸਮਝਾਇਆ ਗਿਆ ਸਭ ਨੇ ਸਾਹ ਰੋਕ ਕਿ ਬਹੁਤ ਹੀ ਧਿਆਨ ਨਾਲ ਸੁਣਿਆ ਤੇ ਜਾਣਿਆ। ਸੰਗਤ ਨੇ ਇਸ ਪ੍ਰੋਗਰਾਮ ਵਿਚ ਹਿੱਸਾ ਲੈ ਕਿ ਸਿੰਘਾਂ ਤੇ ਸਾਹਿਬਜ਼ਾਦਿਆਂ ਦੀਆਂ ਸ਼ਹੀਦੀਆਂ ਬਾਰੇ ਬਹੁਤ ਕੁਝ ਜਾਣਿਆ। ਇਹ ਸਾਰਾ ਪ੍ਰੋਗਰਾਮ ਬੱਚਿਆਂ ਨੇ ਚਲਾਇਆ। ਸਟੇਜ ਤੋਂ ਨਾਲ ਨਾਲ ਪੰਜਾਬੀ ਵਿਚ ਜਾਣਕਾਰੀ ਸੁਖਦੇਵ ਸਿੰਘ ਢਿੱਲੋਂ ਦਿੰਦੇ ਸਨ ਅਤੇ ਨਾਲ ਹੀ ਪ੍ਰਜੈਕਟਰ ਦੀ ਮਦਦ ਨਾਲ ਥਾਵਾਂ, ਤਸਵੀਰਾਂ ਰਾਹੀਂ ਚਾਨਣਾ ਪਾਇਆ ਜਾਂਦਾ ਸੀ। ਪ੍ਰੋਗਰਾਮ ਬਹੁਤ ਹੀ ਤਰਤੀਬਵੱਧ ਸੀ। ਅਖ਼ੀਰ ਚ ਆਨੰਦ ਸਾਹਿਬ ਜੀ ਦੇ ਪਾਠ ਉਪਰੰਤ ਅਰਦਾਸ ਕੀਤੀ ਗਈ ਕੁਝ ਕੁ ਕਵਿਤਾਵਾਂ ਵੀ ਪੜ੍ਹੀਆਂ ਗਈਆਂ । ਗੁਰੂ ਘਰ ਦੇ ਪ੍ਰਧਾਨ ਬਲਬੀਰ ਸਿੰਘ ਸੋਹਲ ਨੇ ਜੋ ਬੱਚਿਆਂ ਨੇ ਇਸ ਪ੍ਰੋਗਰਾਮ ਚ ਹਿੱਸਾ ਲੈਣ ਵਾਲੇ ਬੱਚਿਆਂ ਨੂੰ ਧੰਨਵਾਦ ਪੱਤਰ ਦਿੱਤੇ । ਅਖੀਰ ਚ ਸਕੂਲ ਦੇ ਪ੍ਰਬੰਧਕ ਸਣੇ ਟੀਚਰ, ਬੱਚਿਆਂ ਤੇ ਗੁਰੂ ਘਰ ਦੇ ਪ੍ਰਬੰਧਕਾਂ ਨੇ ਸਾਂਝੀ ਤਸਵੀਰ ਵੀ ਖਿਚਵਾਈ।



B Sons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!


Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.703.1451 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533

# ਸਿੱਖ ਗੁਰੂਆਂ ਦੀਆਂ ਸਾਰੀਆਂ ਹੀ ਤਸਵੀਰਾਂ ਨਕਲੀ ਅਤੇ ਕਾਲਪਨਿਕ

## *ਸਿੱਖ ਸਿਧਾਂਤ ਕਿਸੇ ਦੀ ਵੀ ਪੂਜਾ ਕਰਨ ਦੀ ਇਜ਼ਾਜ਼ਤ ਨਹੀਂ ਦਿੰਦੇ*

**ਅੰਮ੍ਰਿਤਸਰ/ ਸਿੱਖ ਸਿਆਸਤ ਬਿਊਰੋ:** ਸਿੱਖ ਯੂਥ ਆਫ਼ ਪੰਜਾਬ ਨੇ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਵਿਚਾਲੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਤਸਵੀਰਾਂ ਸੰਬੰਧੀ ਛਿੜੀ ਸ਼ਬਦੀਜੰਗ 'ਤੇ ਸਖਤ ਟਿਪਣੀ ਕਰਦਿਆਂ ਕਿਹਾ ਕਿ ਸਿੱਖ ਗੁਰੂਆਂ ਦੀਆਂ ਸਾਰੀਆਂ ਹੀ ਤਸਵੀਰਾਂ ਨਕਲੀ ਅਤੇ ਕਾਲਪਨਿਕ ਹਨ। ਕਾਂਗਰਸ ਵਲੋਂ ਗੁਰੂ ਸਾਹਿਬ ਦੇ ਚਿੱਤਰ ਨਾਲ ਕੀਤੀ ਛੇੜ-ਛਾੜ ਤੇ ਚਲ ਰਹੇ ਵਿਵਾਦ ਉਤੇ ਬੋਲਦਿਆਂ ਪਾਰਟੀ ਪ੍ਰਧਾਨ ਪਰਮਜੀਤ ਸਿੰਘ ਮੰਡ ਅਤੇ ਬੁਲਾਰੇ ਹਰਜੋਤ ਸਿੰਘ ਨੇ ਕਿਹਾ ਕਿ ਦੋ ਗਲਤ ਧਾਰਨਾਵਾਂ ਕਦੇ ਵੀ ਇੱਕ ਨੂੰ ਸਹੀ ਨਹੀਂ ਬਣਾ ਸਕਦੀਆਂ। ਉਨ੍ਹਾਂ ਨੇ ਸਿੱਖ ਪੰਥ ਨੂੰ ਜੋਰ ਦਿੰਦਿਆਂ ਕਿਹਾ ਕਿ ਸਿੱਖਾਂ ਨੂੰ ਸ਼ਬਦ-ਗੁਰੂ ਨੂੰ ਪੂਜਨਾ ਚਾਹੀਦਾ ਹੈ ਨਾਂ ਕਿ ਗੁਰੂ ਸਾਹਿਬਾਨ ਦੀ ਕਿਸੇ ਵੀ ਮਨੋਕਲਪਿਤ ਤਸਵੀਰ ਨੂੰ। ਉਨ੍ਹਾਂ ਕਿਹਾ ਕਿ ਦੋਹਾਂ ਪਾਰਟੀਆਂ ਵੱਲੋਂ ਦੂਜੇ ਨੂੰ ਗਲਤ ਸਿੱਧ ਕਰਨ ਲਈ ਦਿੱਤੀਆਂ ਦਲੀਲ਼ਾਂ ਸਿੱਖੀ ਸਿਧਾਂਤਾਂ ਦੇ ਖਿਲਾਫ ਹਨ। ਉਨ੍ਹਾਂ ਕਿਹਾ ਕਿ ਸਿੱਖ ਗੁਰੂਆਂ ਦੀਆਂ ਤਸਵੀਰਾਂ ਬਨਾਉਣੀਆਂ ਅਤੇ ਪੂਜਨੀਆਂ ਗੁਰਮਤਿ ਦੇ ਵਿਰੁੱਧ ਹਨ । ਪ੍ਰਚੱਲਿਤ ਤਸਵੀਰਾਂ ਕੋਰੀ ਕਲਪਨਾ 'ਤੇ ਆਧਾਰਿਤ ਹਨ , ਇਨ੍ਹਾਂ ਨੂੰ ਤਿਆਗਣਾ ਚਾਹੀਦਾ ਹੈ ਅਤੇ ਹਰ ਸਿੱਖ ਨੂੰ ਮਨਮਤ ਨੂੰ ਛੱਡ ਕੇ ਗੁਰਮਤਿ ਨੂੰ ਨੂੰ ਅਪਨਾਉਣਾ ਚਾਹੀਦਾ ਹੈ । ਉਨ੍ਹਾਂ ਮੰਨਿਆ ਕਿ ਬੇਸ਼ੱਕ ਗੁਰੂਆਂ ਅਤੇ ਉਹਨਾਂ ਦੇ ਪਰਵਾਰਿਕ ਮੈਂਬਰਾਂ ਦੀਆਂ ਤਸਵੀਰਾਂ ਲੰਬੇ ਸਮੇਂ ਤੋਂ ਘਰ-ਘਰ ਵਿੱਚ ਪ੍ਰਚਲਿਤ ਹਨ ਪਰ ਇਹ ਸਿਧਾਂਤਕ ਪੱਖ ਤੋਂ ਗਲਤ ਪਿਰਤ ਹੈ ਅਤੇ ਸਿਧਾਂਤਕ ਨਿਘਾਰ ਦੀ ਨਿਸ਼ਾਨੀ ਹੈ। ਆਪਣਾ ਪੱਖ ਰੱਖਦੇ ਹੋਏ ਉਨ੍ਹਾਂ ਸਿਰਦਾਰ ਕਪੂਰ ਸਿੰਘ ਦੀ ਲਿਖਤ ਵਿਚੋ ਉਦਾਹਰਣ ਦਿੰਦਿਆਂ ਦੱਸਿਆ ਕਿ '1610 ਈਸਵੀ ਵਿੱਚ ਜਦੋਂ ਕੁੱਝ ਸਿੱਖਾਂ ਨੇ ਗੁਰੂ ਹਰਗੋਬਿੰਦ ਸਾਹਿਬ ਨੂੰ ਉਨ੍ਹਾਂ ਦੀ ਤਸਵੀਰ ਬਨਾਉਣ ਲਈ ਪੁੱਛਿਆ ਸੀ ਤਾਂ ਗੁਰੂ ਸਾਹਿਬ ਨੇ ਹਲੀਮੀ ਨਾਲ ਸਾਫ ਮਨਾ ਕਰ ਦਿੱਤਾ ਸੀ'। ਇਸ ਤੋਂ ਇਲਾਵਾ ਭਾਈ ਗੁਰਦਾਸ ਜੀ ਨੇ ਵੀ ਸ਼ੰਕਾ ਦੂਰ ਕਰਦਿਆਂ ਸ਼ਬਦ-ਗੁਰੂ ਨੂੰ ਗੁਰੂ ਮੰਨਣ ਲਈ ਕਿਹਾ ਹੈ ਨਾਂ ਕਿ ਤਸਵੀਰਾਂ ਨੂੰ ।

ਅੰਮ੍ਰਿਤਸਰ ਟਾਈਮਜ਼ Weekly Punjabi Newspaper
Corporate Office
4127 Bay Street, Suite 8
Fremont, CA 94538
Email: asrtimes@gmail.com
ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਸਰਹਿੰਦ ਅਤੇ ਚਮਕੌਰ ਸਾਹਿਬ ਦੀਆਂ ਸ਼ਹਾਦਤਾਂ ਤੋਂ ਸੇਧ ਲੈ ਕੇ ਵਰਤਮਾਨ ਸੁਧਾਰੀਏ : ਡਾ. ਉੱਦੋ ਕੇ

## *ਗੁਰਦੁਆਰਾ ਸਿੰਘ ਸਭਾ ਮਿਲਪੀਟਸ ਵਿਖੇ ਵਿਸ਼ੇਸ਼ ਸੈਮੀਨਾਰ*





**ਸੈਨਹੋਜ਼ੇ/ਤਰਲੋਚਨ ਸਿੰਘ ਦੁਪਾਲ ਪੁਰ:** ਸ਼ਹੀਦੀ ਸਾਕੇ ਆਪਾ ਕੁਰਬਾਨ ਕਰ ਗਏ ਸੂਰਮਿਆਂ ਦੇ ਖੂਨ ਨਾਲ ਇਤਿਹਾਸ ਵਿਚ ਲਿਖੀਆਂ ਮਹਿਜ਼ ਖੂਨੀ ਇਬਾਰਤਾਂ ਹੀ ਨਹੀਂ ਹੁੰਦੇ ਅਤੇ ਨਾ ਹੀ ਸਾਲ ਦੀ ਸਾਲ ਉਨ੍ਹਾਂ ਨੂੰ ਸਿਰਫ ਚੇਤੇ ਕਰ ਲੈਣਾ ਹੀ ਕਾਫ਼ੀ ਹੁੰਦਾ ਹੈ। ਸ਼ਹੀਦਾਂ ਦੀਆਂ ਯਾਦਗਾਰਾਂ ਮਨਾਉਣ ਦਾ ਮਕਸਦ ਇਹ ਹੋਣਾ ਚਾਹੀਦਾ ਕਿ ਉਨ੍ਹਾਂ ਤੋਂ ਅਣਖ, ਸਿਦਕ ਅਤੇ ਕੁਰਬਾਨੀ ਦੀ ਪ੍ਰੇਰਨਾ ਲੈ ਕੇ ਵਰਤਮਾਨ ਲਈ ਜੂਝਿਆ ਜਾਵੇ। ਇਹ ਭਾਵ ਪੂਰਤ ਸ਼ਬਦ ਸਿੱਖ ਜਗਤ ਦੇ ਨਾਮਵਰ ਬੁਲਾਰੇ ਡਾ. ਸੁਖਪ੍ਰੀਤ ਸਿੰਘ ਉੱਦੋ ਕੇ ਗੁਰਦੁਆਰਾ ਸਿੰਘ ਸਭਾ ਬੇਅ ਏਰੀਆ ਮਿਲਪੀਟਸ ਵਿਖੇ ਇਕ ਵਿਸ਼ੇਸ਼ ਇਕੱਠ ਨੂੰ ਸੰਬੋਧਨ ਕਰਦਿਆਂ ਆਖੇ। ਗੁਰਦੁਆਰਾ ਸਿੰਘ ਸਭਾ ਦੇ ਮੁੱਖ ਸੇਵਾਦਾਰ ਭਾਈ ਜਸਵੰਤ ਸਿੰਘ ਹੋਠੀ ਅਤੇ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਘਰ ਦੇ ਸੈਮੀਨਾਰ ਹਾਲ ਵਿਚ ਚਾਰ ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਬਾਰੇ ਕਰਵਾਏ ਵਿਸ਼ੇਸ਼ ਸੈਮੀਨਾਰ ਵਿਚ ਆਪਣੇ ਖੋਜ ਭਰਪੂਰ ਲੈਕਚਰ ਦੁਆਰਾ ਪੰਜਾਬ ਤੋਂ ਆਏ ਡਾ. ਉੱਧੋ ਕੇ ਨੇ ਪਰਿਵਾਰ ਵਿਛੋੜਾ ਤੋਂ ਲੈ ਕੇ ਸਰਹਿੰਦ ਅਤੇ ਸ੍ਰੀ ਚਮਕੌਰ ਸਾਹਿਬ ਦੇ ਇਤਿਹਾਸ ਦਾ ਬਾਖੂਬੀ ਵਰਨਣ ਕੀਤਾ। ਉਨ੍ਹਾਂ ਪੰਥ ਦੀ ਅਜੋਕੀ ਅਧੋਗਤੀ ਵਾਲੀ ਹਾਲਤ ਬਾਰੇ ਮਿਸਾਲਾਂ ਦਿੰਦਿਆਂ ਆਖਿਆ ਕਿ ਜਿਵੇਂ ਦੁਸ਼ਮਣ ਨੇ ਉਦੋਂ ਗੁਰੂ ਕੇ ਖਾਲਸੇ ਨੂੰ ਕੱਚੀ ਗੜ੍ਹੀ ਵਿਚ ਘੇਰਾ ਪਾਇਆ ਸੀ ਅਤੇ ਦੋ ਸ਼ੀਰ ਖੋਰ ਸਾਹਿਬਜ਼ਾਂਦਿਆਂ ਨੂੰ ਨੀਹਾਂ ਵਿਚ ਚਿਣ ਦਿੱਤਾ ਸੀ, ਉਵੇਂ ਅੱਜ ਵੀ ਗੁਰਾਂ ਦੇ ਨਾਂ 'ਤੇ ਜਿਉਂਦੇ ਪੰਜਾਬ ਨੂੰ ਸਾਜਿਸ਼ੀ ਮਾਰੂ ਅਲਾਮਤਾਂ ਨੇ ਪੀਡਾ ਘੇਰਾ ਪਾਇਆ ਹੋਇਆ ਹੈ।

ਡਾ.ਉਦੋਕੇ ਨੇ ਕਿਹਾ ਕਿ ਨਸ਼ਿਆਂ ਰੂਪੀ ਜ਼ਹਿਰਾਂ ਦਾ ਪ੍ਰਕੋਪ, ਅੱਖਾਂ ਤੇ ਕੰਨਾਂ ਰਾਹੀਂ ਪ੍ਰੋਸੀ ਜਾ ਰਹੀ ਅਸ਼ਲੀਲਤਾ, ਪੰਥ ਦੇ ਕੇਂਦਰ ਉੱਤੇ ਭਾਰੂ ਪ੍ਰਵਾਰਵਾਦ ਅਤੇ ਅੰਨ੍ਹੇ ਵਾਹ ਪ੍ਰਵਾਸ ਪਲਾਇਨ ਵਰਗੇ ਅਸਹਿ ਦੁੱਖ ਅੱਜ ਪੰਜਾਬ ਵਿਚ ਪੈਰ ਪੈਰ 'ਤੇ ਪ੍ਰਵਾਰ ਵਿਛੋੜੇ ਪਾ ਰਹੇ ਹਨ। ਆਪਣੇ ਡੇਢ ਘੰਟੇ ਦੇ ਭਾਸ਼ਨ ਵਿਚ ਡਾ. ਉੱਦੋ ਕੇ ਨੇ ਵੱਖ ਵੱਖ ਸਰੋਤਾਂ ਤੋਂ ਮਿਲੇ ਅੰਕੜੇ ਪੇਸ਼ ਕਰਦਿਆਂ ਇਕੱਠ ਨੂੰ ਅਪੀਲ ਕੀਤੀ ਨਵਾਬ ਮਲੇਰ ਕੋਟਲਾ ਵੱਲੋਂ ਮਾਰੇ ਹਾਅ ਦੇ ਨਾਹਰੇ ਨੂੰ ਆਉ ਹੁਣ ਆਪਾਂ ਵੀ ਅਮਲ ਵਿਚ ਲਿਆਈਏ ਤੇ ਯਥਾ ਸ਼ਕਤੀ ਉਪਰਾਲੇ ਕਰਕੇ ਪੁਰਖਿਆਂ ਦੀ ਧਰਤੀ ਲਈ ਜੂਝੀਏ। ਇਸ ਮੌਕੇ ਗੁਰੂ ਘਰ ਦੀ ਤਰਫੋਂ ਭਾਈ ਜਸਵੰਤ ਸਿੰਘ ਹੋਠੀ ਵੱਲੋਂ ਡਾ. ਉੱਦੋ ਕੇ ਨੂੰ ਸਨਮਾਨਿਤ ਕੀਤਾ ਗਿਆ. ਸਮਾਪਤੀ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ। **ਬਲਵਿੰਦਰਪਾਲ ਸਿੰਘ ਖਾਲਸਾ** ਦੀ ਰਿਪੋਰਟ ਅਨੁਸਾਰ ਸਿੱਖ ਚਿੰਤਕ ਤੇ ਇਤਿਹਾਸਕਾਰ ਡਾ. ਸੁਖਪ੍ਰੀਤ ਸਿੰਘ ਉਦੋਕੇ ਨੇ ਇਹ ਗੱਲ ਜ਼ੋਰ ਦੇ ਕੇ ਕਹੀ ਕਿ ਸਿੱਖ ਕੌਮ ਦੀ ਹੋਂਦ ਤੇ ਹਸਤੀ ਨੂੰ ਅੱਜ ਵੀ ਓਨਾ ਹੀ ਖਤਰਾ ਹੈ ਜਿਨਾਂ ਤਿੰਨ ਸੌ ਸਾਲ ਪਹਿਲਾਂ ਸੀ।

**ਬਾਕੀ ਸਫ਼ਾ 34 'ਤੇ**

# ਟੀ ਵੀ 84 ਦੀ ਪੰਜਵੀਂ ਵਰ੍ਹੇਗੰਢ ਦੇ ਮੌਕੇ ਉਤੇ ਯਾਦਗਾਰੀ ਫੰਡ ਰੇਜ਼ਿੰਗ ਕੀਤਾ

### *ਬੁਲਾਰਿਆਂ ਵਲੋਂ ਪੰਥਕ ਮੀਡੀਆ ਮਜ਼ਬੂਤ ਕਰਨ ਦੀ ਲੋੜ ਉੱਤੇ ਜ਼ੋਰ, ਸਿੱਖ ਮੁਸਲਮਾਨ ਸਾਂਝ ਦਾ ਬੇਮਿਸਾਲ ਸੁਨੇਹਾ ਦਿੰਦੀ ਸੀ ਲੋਕਾਂ ਦੀ ਹਾਜ਼ਰੀ*



**ਨਿਊਯਾਰਕ/ ਹੁਸਨ ਲੜੋਆ ਬੰਗਾ:** ਚੈਨਲ ਟੀ ਵੀ 84 ਨੂੰ 5 ਸਾਲ ਪੂਰੇ ਹੋਣ ਦੇ ਇਕ ਸਮਾਗਮ ਸਥਾਨਕ 5 ਸਟਾਰ ਬੈਂਕੁਇਟ ਹਾਲ ਵਿਚ ਕਰਵਾਇਆ ਗਿਆ ਜਿਸ ਵਿਚ ਨੌਰਥ ਅਮਰੀਕਾ ਤੋਂ ਸੈਂਕੜੇ ਹਮਾਇਤੀਆਂ ਨੇ ਸ਼ਿਰਕਤ ਕੀਤੀ। ਸਿੱਖ ਨੁਕਤਾਨਿਗ੍ਹਾ ਤੋਂ ਖਬਰਾਂ ਦਾ ਵਿਸ਼ਲੇਸ਼ਣ ਕਰਦਾ ਆਪਣੀ ਕਿਸਮ ਦਾ ਇਹ ਪਹਿਲਾ ਚੈਨਲ ਸਿੱਖ ਸੰਗਤਾਂ ਦੇ ਮਨਾਂ ਵਿਚ ਆਪਣੀ ਥਾਂ ਬਣਾਉਣ ਵਿਚ ਕਾਮਯਾਬ ਹੋਇਆ ਹੈ। ਜਿੱਥੇ ਵੱਖ ਵੱਖ ਪੰਥਕ ਜਥੇਬੰਦੀਆਂ ਵੱਲੋਂ ਇਸ ਸਮਾਗਮ ਕਰਵਾਇਆ ਕੀਤਾ ਗਿਆ ਜਿਨ੍ਹਾਂ ਵਿਚ ਈਸਟ ਕੋਸਟ ਸਿੱਖ ਕੋਆਰਡੀਨੇਸ਼ਨ ਕਮੇਟੀ, ਸਿੱਖ ਯੂਥ ਆਫ ਅਮਰੀਕਾ, ਸਿੱਖਸ ਫਾਰ ਜਸਟਿਸ, ਸਿੱਖ ਕਲਚਰਲ ਸੁਸਾਇਟੀ, ਸਿੱਖ ਸੇਵਕ ਸੁਸਾਇਟੀ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਦੋਆਬਾ ਸਿੱਖ ਐਸੋਸੀਏਸ਼ਨ ਅਤੇ ਸੰਤ ਬਾਬਾ ਪ੍ਰੇਮ ਸਿੰਘ ਸੋਸਾਇਟੀ ਦੇ ਨਾਮ ਸ਼ਾਮਲ ਹਨ, ਉਥੇ ਇਸ ਸਮਾਗਮ ਵਿਚ ਯੂ ਕੇ ਤੋਂ ਵਿਦਵਾਨ ਅਤੇ ਸੰਯੁਕਤ ਰਾਸ਼ਟਰ ਦੀ ਸਲਾਹਕਾਰ ਕਮੇਟੀ ਦੇ ਮੈਂਬਰ ਡਾ. ਇਕਤਿਦਾਰ ਕਰਾਮਤ ਚੀਮਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਆਪਣੀ ਤਕਰੀਰ ਵਿਚ ਉਨ੍ਹਾਂ ਕਿਹਾ ਕਿ ਸੰਯੁਕਤ ਰਾਸ਼ਟਰ ਹਰ ਇਕ ਅੰਤਰਰਾਸ਼ਟਰੀ ਕਾਨੂੰਨਾਂ ਮੁਤਾਬਕ ਹੈ। ਟੀ ਵੀ 84 ਵੱਲੋਂ ਸਿੱਖ ਝਰੋਖੇ ਵਿਚੋਂ ਖ਼ਬਰਾਂ ਦੀ ਕੀਤੀ ਜਾ ਰਹੀ ਪੇਸ਼ਕਾਰੀ ਸਿਰਫ਼ ਵਿਲੱਖਣ ਨਹੀਂ ਸਗੋਂ ਸਿੱਖਾਂ ਨੂੰ ਆਪਣੇ ਹੱਕਾਂ ਲਈ ਲਾਮਬੰਦ ਹੋ ਕੇ ਲੜਨ ਲਈ ਪ੍ਰੇਰ ਰਹੀ ਹੈ। ਖਾਲਿਸਤਾਨ ਪ੍ਰਤੀ ਲੋਕਾਂ ਵੱਲੋਂ ਉਠਾਏ ਜਾਂਦੇ ਸਵਾਲਾਂ ਦੇ ਉਨ੍ਹਾਂ ਤਸੱਲੀਬਖਸ਼ ਜਵਾਬ ਦਿੱਤੇ। ਖਾਲਿਸਤਾਨ ਅਫੇਅਰਜ਼ ਸੈਂਟਰ ਦੇ ਸੰਚਾਲਕ ਡਾ. ਅਮਰਜੀਤ ਸਿੰਘ ਨੇ ਸੰਗਤਾਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਅੱਜ ਇਸ ਮੀਡੀਆ ਦੇ ਯੁੱਗ ਵਿਚ ਸਾਨੂੰ ਪੰਥਕ ਮੀਡੀਆ ਮਜ਼ਬੂਤ ਕਰਨ ਦੀ ਲੋੜ ਹੈ ਤਾਂ ਜੋ ਸਿੱਖਾਂ ਦੇ ਅਕਸ ਨੂੰ ਤੋੜ ਮਰੋੜ ਕੇ ਪੇਸ਼ ਕੀਤੇ ਜਾਣ ਦੇ ਅਮਲਾਂ ਦਾ ਬਾਦਲੀਲ ਜਵਾਬ ਦਿੱਤਾ ਜਾ ਸਕੇ। ਇਸ ਸਮਾਗਮ ਵਿਚ ਨੌਜਵਾਨਾਂ ਵੱਲੋਂ ਵੀ ਵੱਡੀ ਗਿਣਤੀ ਵਿਚ ਹਾਜ਼ਰੀ ਲਗਵਾਈ ਗਈ। ਨੌਜਵਾਨ ਬੁਲਾਰਿਆਂ ਵਿਚ ਵਰਜੀਨੀਆ ਤੋਂ ਪਵਨ ਸਿੰਘ, ਨਿਊਯਾਰਕ ਤੋਂ ਤੇਜਕਰਨ ਕੌਰ, ਸਾਹਿਬ ਕੌਰ, ਮੇਹਰ ਕੌਰ ਅਤੇ ਮਹਿਤਾਬ ਕੌਰ ਸਮੇਤ ਹੋਰ ਨਾਂਅ ਸ਼ਾਮਲ ਹਨ, ਜਿਨ੍ਹਾਂ ਮੀਡੀਆ ਦੀ ਅਹਿਮੀਅਤ ਅਤੇ ਟੀ ਵੀ 84 ਵੱਲੋਂ ਕੀਤੇ ਜਾ ਕੰਮ ਬਾਰੇ ਆਪਣੇ ਵਿਚਾਰ ਰੱਖੇ। ਆਈਆਂ ਸਮੂਹ ਸੰਗਤਾਂ ਵੱਲੋਂ ਟੀ ਵੀ 84 ਦੀ ਹਰ ਤਰੀਕੇ ਨਾਲ ਮਦਦ ਕਰਨ ਦਾ ਭਰੋਸਾ ਦਵਾਇਆ ਗਿਆ। ਸਟੇਜ ਦੀ ਸੇਵਾ ਗੁਰਮੀਤ ਸੋਢੀ ਅਤੇ ਕਿਰਪਾਲ ਸਿੰਘ ਬਿਲਿੰਗ ਵੱਲੋਂ ਨਿਭਾਈ ਗਈ।


ALL STATE INSURANCE

Allstate. You're in good hands.

ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ

AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



CIS CALIFORNIA IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- H-1 B VISA PETITION
- STUDENT VISA
- RELIGIOUS VISA
- LEGAL SERVICES





Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585

Fremont Office
4127 Bay Street, Suite 5

Tracy Office
95 W. 11th Street, Suite 205

www.caials.com rosy@caials.com



CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us




# ਜਥੇਦਾਰ ਗੁਰਦੇਵ ਸਿੰਘ ਕਾਉਂਕੇ ਦਾ ਸ਼ਹੀਦੀ ਦਿਹਾੜਾ ਸ੍ਰੀ ਅਕਾਲ ਤਖਤ ਸਾਹਿਬ ਤੇ ਮਨਾਇਆ ਜਾਵੇ : ਯੂਨਾਈਟਿਡ ਖਾਲਸਾ ਦਲ

**ਲੰਡਨ/ਬਿਊਰੋ ਨਿਊਜ਼:**
ਯੂਨਾਈਟਿਡ ਖਾਲਸਾ ਦਲ ਯੂ.ਕੇ. ਵਲੋਂ ਸ੍ਰੀ ਅਕਾਲ ਤਖਤ ਸਾਹਿਬ ਉੱਤੇ ਹੋਏ ਸਰਬੱਤ ਖਾਲਸਾ ਵਲੋਂ ਨਿਯੁਕਤ ਕੀਤੇ ਗਏ ਜਥੇਦਾਰ ਸਿੰਘ ਸਾਹਿਬ ਭਾਈ ਗੁਰਦੇਵ ਸਿੰਘ ਜੀ ਕਾਉਂਕੇ ਨੂੰ ਸਲਾਨਾ ਬਰਸੀ ਤੇ ਹਾਰਦਿਕ ਪ੍ਰਣਾਮ ਕਰਦਿਆਂ ਜ਼ੋਰਦਾਰ ਢੰਗ ਨਾਲ ਮੰਗ ਕੀਤੀ ਗਈ ਹੈ ਕਿ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਦਾ ਸ਼ਹੀਦੀ ਦਿਹਾੜਾ ਸ੍ਰੀ ਅਕਾਲ ਤਖਤ ਸਾਹਿਬ ਤੇ ਮਨਾਇਆ ਜਾਵੇ

ਦਲ ਦੇ ਜਨਰਲ ਸਕੱਤਰ ਸ. ਲਵਸ਼ਿੰਦਰ ਸਿੰਘ ਡੱਲੇਵਾਲ ਵਲੋਂ ਸਮੂਹ ਪੰਥਕ ਜਥੇਬੰਦੀਆਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਰਬੱਤ ਖਾਲਸਾ ਵਲੋਂ ਥਾਪੇ ਹੋਏ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ, ਤਖਤ ਸ੍ਰੀ ਦਮਦਮਾ ਸਾਹਿਬ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰਾਂ ਨੂੰ ਅਪੀਲ ਕੀਤੀ ਗਈ ਹੈ ਕਿ ਭਾਈ ਗੁਰਦੇਵ ਸਿੰਘ ਜੀ ਕਾਉਂਕੇ ਦਾ ਸ਼ਹਾਦਤ ਦਿਹਾੜਾ ਅਕਾਲ ਤਖਤ ਸਾਹਿਬ ਤੇ ਮਨਾਉਣਾ ਅਰੰਭ ਕੀਤਾ ਜਾਵੇ ਅਤੇ ਉਹਨਾਂ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਲਗਾਈ ਜਾਵੇ ।

ਯੂਨਾਈਟਿਡ ਖਾਲਸਾ ਦਲ ਯੂ.ਕੇ. ਦੇ ਆਗੂਆਂ ਦਾ ਕਹਿਣਾ ਹੈ ਕਿ ਜਥੇਦਾਰ ਕਾਉਂਕੇ ਨੂੰ ਸ਼ਹੀਦ ਕਰਨ ਵਾਲੇ ਕਿਸੇ ਵੀ ਦੋਸ਼ੀ ਪੁਲਿਸ ਅਧਿਕਾਰੀ ਜਾਂ ਕਰਮਚਾਰੀ ਖਿਲਾਫ ਕੋਈ ਵੀ ਕਾਰਵਾਈ ਨਹੀਂ ਹੋਈ । ਹਾਲਾਂ ਕਿ ਤਿਵਾੜੀ ਰਿਪੋਰਟ ਵਿੱਚ ਦੋਸ਼ੀ ਪੁਲਸੀਆਂ ਦਾ ਪੂਰਾ ਵੇਰਵਾ ਦਰਜ ਹੈ ਅਤੇ ਚਸ਼ਮਦੀਦ ਗਾਵਾਹਾਂ ਦੇ ਬਿਆਨ ਕਲਮਬੱਧ ਹਨ । ਕਹਿਣੀ ਅਤੇ ਕਰਨੀ ਦੇ ਪੂਰੇ ਸੂਰਬੀਰ ਯੋਧੇ ਭਾਈ ਗੁਰਦੇਵ ਸਿੰਘ ਜੀ ਦਾ ਹਰ ਕਦਮ ਖਾਲਿਸਤਾਨ ਦੇ ਨਿਸ਼ਾਨੇ ਵਲ ਨੂੰ ਸੇਧਤ ਸੀ ਭਾਵੇਂ ਕਿ ਆਪ ਜੀ ਨੇ ਖਾਲਿਸਤਾਨ ਦੀ ਜਨਤਕ ਤੌਰ ਤੇ ਮੰਗ ਨਹੀਂ ਸੀ ਕੀਤੀ । ਇਸ ਗੱਲ ਨੂੰ ਸਰਕਾਰ ਭਲੀ ਪ੍ਰਕਾਰ ਜਾਣਦੀ ਸੀ । ਇਸੇ ਕਰਕੇ ਜਥੇਦਾਰ ਸਾਹਿਬ ਨੂੰ ਜਗਰਾਉਂ ਦੇ ਤੱਤਕਲੀਨ ਪੁਲੀਸ ਮੁਖੀ ਸਵਰਨੇ ਘੋਟਨੇ ਦੀ ਪੁਲਿਸ ਪਾਰਟੀ ਨੇ 25 ਦਸੰਬਰ 1992 ਨੂੰ ਪਿੰਡ ਦੇ ਲੋਕਾਂ ਸਾਹਮਣੇ ਗ੍ਰਿਫਤਾਰ ਕਰ ਲਿਆ ਅਤੇ ਸੱਤ ਦਿਨ ਪੁਲੀਸ ਹਿਰਾਸਤ ਵਿੱਚ ਅਣਮਨੁੱਖੀ ਤਸੀਹੇ ਦੇਣ ਮਗਰੋਂ ਪਹਿਲੀ ਜਨਵਰੀ 1993 ਨੂੰ ਸਵੇਰ ਸਾਰ ਸ਼ਹੀਦ ਕਰ ਦਿੱਤਾ ਗਿਆ ਸੀ। ਪਰ ਅਖਬਾਰਾਂ ਵਿੱਚ ਪੁਲੀਸ ਨੇ ਮਨਘੜਤ ਕਹਾਣੀ ਅਨੁਸਾਰ ਭਾਈ ਸਾਹਿਬ ਨੂੰ ਪੁਲੀਸ ਦੀ ਜਿਪਸੀ ਚੋਂ ਫਰਾਰ ਕਰਾਰ ਦੇ ਦਿੱਤਾ ਸੀ । ਪੁਲੀਸ ਹਿਰਾਸਤ ਵਿੱਚ ਅਣਮਨੁੱਖੀ ਤਸੱਨਾਲ ਹੋਈ ਸ਼ਹਾਦਤ ਬਾਰੇ ਪੰਥਕ ਧਿਰਾਂ ਵਲੋਂ ਜਬਰਦਸਤ ਅਵਾਜ਼ ਉਠਾਈ ਗਈ ਸੀ , ਜਿਸ ਕਾਰਨ ਭਾਈ ਸਾਹਿਬ ਦੀ ਹਿਰਾਸਤੀ ਮੌਤ ਦੀ ਬਕਾਇਦਾ ਜਾਂਚ ਹੋਈ, ਪਰ ਕਿਸੇ ਵੀ ਦੋਸ਼ੀ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਗਈ ਇੱਥੋਂ ਤੱਕ ਕਿ ਭਾਜਪਾ ਦੇ ਗੁਲਾਮ ਬਾਦਲ ਨੇ ਜਥੇਦਾਰ ਸਾਹਿਬ ਦੀ ਸ਼ਹਾਦਤ ਬਾਰੇ ਜਾਂਚ ਰਿਪੋਰਟ ਨੂੰ ਵੀ ਜਨਤਕ ਨਹੀਂ ਕੀਤਾ ਕਿਉਂ ਕਿ ਸਵਰਨੇ ਘੋਟਨੇ ਦੁਸ਼ਟ ਨਾਲ ਬਾਦਲ ਦੀ ਖਾਸ ਯਾਰੀ ਰਹੀ ਹੈ । ਸ਼ਹੀਦ ਭਾਈ ਗੁਰਦੇਵ ਸਿੰਘ ਜੀ ਨੇ ਪੁਰਾਤਨ ਸ਼ਹੀਦ ਭਾਈ ਤਾਰੂ ਸਿੰਘ ਜੀ ਵਾਂਗ ਸਿੱਖ ਸੰਘਰਸ਼ ਦੌਰਾਨ ਜੂਝਣ ਵਾਲੇ ਯੋਧਿਆਂ ਨੂੰ ਆਪਣੇ ਪੁੱਤਰਾਂ ਨਾਲੋਂ ਵੱਧ ਪਿਆਰ ਦਿੱਤਾ ,ਉਹਨਾਂ ਦੀ ਯੋਗ ਮੱਦਦ ਕੀਤੀ , ਜੇਹਲਾਂ ਵਿੱਚ ਬੰਦ ਸਿੰਘਾਂ ਨੂੰ ਲੰਗਰ ਵਾਸਤੇ ਰਸਦ ਘੱਲਦੇ ਰਹੇ, ਸ਼ਹੀਦ ਪਰਿਵਾਰਾਂ ਦੀ ਯੋਗ ਮੱਦਦ ਕੀਤੀ, ਉਹਨਾਂ ਦੇ ਦੁੱਖ ਨੂੰ ਆਪਣਾ ਦੁੱਖ ਸਮਝਿਆ ਅਤੇ ਕੌਮ ਦੀ ਖਾਤਰ ਆਪਣੇ ਖ਼ੂਨ ਦਾ ਆਖਰੀ ਕਤਰਾ ਵਹਾ ਦਿੱਤਾ । ਸਰਬੱਤ ਖਾਲਸਾ ਵਲੋਂ ਥਾਪੇ ਗਏ ਸ੍ਰੀ ਅਕਾਲ ਤਖਤ ਸਾਹਿਬ ਦੇ ਤਤਕਾਲੀ ਜਥੇਦਾਰਾਂ ਨੂੰ ਯੂਨਾਈਟਿਡ ਖਾਲਸਾ ਦਲ ਯੂ.ਕੇ. ਇਸ ਸਬੰਧੀ ਪੰਜਾਬ ਅਤੇ ਵਿਦੇਸ਼ਾਂ ਵਿੱਚ ਸਥਾਪਤ ਸਿੱਖ ਜਥੇਬੰਦੀਆਂ ਨੂੰ ਅਵਾਜ ਬੁਲੰਦ ਕਰਨ ਦੀ ਅਪੀਲ ਕੀਤੀ ਗਈ ਹੈ ਕਿਉਂਕਿ ਸਿੱਖਾਂ ਦੇ ਸਰਵਉੱਚ ਅਸਥਾਨ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਸ਼ਹਾਦਤ ਬਾਰੇ ਆਮ ਸਿੱਖਾਂ ਬਹਤ ਘੱਟ ਜਣਦੇ ਹਨ ਜਦਕਿ ਭਾਈ ਗੁਰਦੇਵ ਸਿੰਘ ਕਾਉਂਕੇ ਵੀਹਵੀਂ ਸਦੀ ਦੌਰਾਨ ਸਿੱਖ ਕੌਮ ਦੀ ਆਨ, ਸ਼ਾਨ, ਬਾਣ, ਕੌਮੀ ਹੱਕਾਂ ਹਿੱਤਾਂ ਅਤੇ ਕੌਮੀ ਅਜ਼ਾਦੀ ਲਈ ਆਪਾ ਕੁਰਬਾਨ ਕਰਨ ਵਾਲੇ ਸਿਰਫ ਇੱਕ ਹੀ ਜਥੇਦਾਰ ਹੋਏ ਹਨ ਜਿਹੜੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਵਜੋਂ ਸ਼ਹੀਦ ਹੋਏ ਹਨ।



ਮੌਜੂਦਾ ਜਥੇਦਾਰਾਂ ਦਾ ਫਰਜ਼ ਬਣਦਾ ਹੈ ਕਿ ਉਹ ਆਪਣੇ ਇਸ ਸੱਤਵਾਦੀ ਮਹਾਂਪੁਰਸ਼ ਭਰਾ ਦੇ ਨਕਸ਼ੇ ਕਦਮਾਂ ਤੇ ਚੱਲਕੇ ਕੌਮੀ ਸਮਰਪਨਾ ਦਾ ਪ੍ਰਗਟਾਵਾ ਕਰਦੇ ਹੋਏ ਸਿੱਖ ਕੌਮ ਦੀ ਚੜਦੀ ਕਲਾ ਕੌਮੀ ਅਜ਼ਾਦੀ ਲਈ ਚੱਲ ਰਹੇ ਖਾਲਿਸਤਾਨ ਦੇ ਸੰਘਰਸ਼ ਦੀ ਅਗਵਾਈ ਕਰਨ ।

## ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਨੂੰ ਗੁਰੂ ਘਰ ਬਣਾਉਣ ਦੀ ਮਨਜ਼ੂਰੀ ਮਿਲੀ

**ਫਰੀਮਾਂਟ/ਬਿਊਰੋ ਨਿਊਜ਼:** ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ, ਕੈਲੀਫੋਰਨੀਆਂ ਨੂੰ ਸ੍ਰੀ ਗੁਰੂ ਰਵੀਦਾਸ ਦੇ ਨਾਂਅ ਉੱਤੇ ਯੂਨੀਅਨ ਸਿਟੀ ਵਿਚ ਗੁਰੂ ਘਰ ਬਣਾਉਣ ਦੀ ਮਨਜ਼ੂਰੀ ਮਿਲ ਗਈ ਹੈ । ਇਸ ਗੁਰੂਘਰ ਦੀ ਉਸਾਰੀ ਅਗਲੇ ਸਾਲ (ਸੰਨ 2018) ਸ਼ੁਰੂ ਹੋ ਜਾਵੇਗੀ। ਤਿੰਨ ਏਕੜ ਜ਼ਮੀਨ ਉੱਤੇ ਬਣਾਈ ਜਾਣ ਵਾਲੀ ਇਸ ਗੁਰੂ ਘਰ ਦੀ ਇਮਾਰਤ ਦੇ ਨਕਸ਼ੇ ਸਿਟੀ ਵਲੋਂ ਅਪਰੂਵ ਹੋ ਗਏ ਹਨ । ਗੁਰੂਘਰ ਦੀ ਮਨਜ਼ੂਰੀ ਲਈ ਚੇਅਰਮੈਨ ਹਰਮੇਸ਼ ਮਦਾਰਾ, ਵਾਈਸ ਚੇਅਰਮੈਨ ਵਿਨੋਦ ਕੁਮਾਰ, ਪ੍ਰਧਾਨ ਕੇਵਲ ਸਿੰਘ ਖਜਾਨਚੀ, ਸ਼ਿਵ ਸੰਧੂ, ਜਨਰਲ ਸੈਕਟਰੀ, ਸੰਤੋਖ ਸਰੋਆ, ਕਰਮਜੀਤ ਸਿੰਘ ਮਾਹੀ, ਮਹਿੰਦਰ ਸਿੰਘ ਮਾਹੀ, ਅਮਰਜੀਤ ਸਿੰਘ ਮਾਹੀ, ਕੇਵਲ ਸਿੰਘ ਸੈਂਪਲੇ, ਕੁਲਵੰਤ ਸਿੰਘ ਸੰਧੂ, ਸੋਹਣ ਸਿੰਘ ਝੱਲੀ, ਸੋਹਣ ਸਿੰਘ ਢਾਡਾ, ਅਜੈਬ ਸਿੰਘ ਸੁੰਡਾ, ਸਰਬਜੀਤ ਸਿੰਘ, ਰਾਮ ਲੁਭਾਇਆ, ਮਹਿੰਦਰ ਮਧਾਰਾ, ਰਾਮ ਧੰਨ, ਤਰਲੋਚਨ ਸਿੰਘ, ਬਲਵਿੰਦਰ ਸਿੰਘ ਮੋਮੀ ਨੇ ਤਨ ਮਨ ਤੇ ਧਨ ਨਾਲ ਸੇਵਾ ਕੀਤੀ। ਗੁਰੂ ਘਰ ਦੀ ਉਸਾਰੀ ਲਈ ਸਰਗਰਮ ਕਮਿਉਨਿਟੀ ਦੇ ਆਗੂਆਂ ਨੇ ਸਮੂਹ ਸਾਧ ਸੰਗਤ ਨੂੰ ਬੇਨਤੀ ਕੀਤੀ ਹੈ ਕਿ ਹੁਣ ਗੁਰੂਘਰ ਦੀ ਮਨਜ਼ੂਰੀ ਮਿਲ ਚੁੱਕੀ ਹੈ ਅਤੇ ਸਭਨਾਂ ਨੂੰ ਤਨ, ਮਨ ਤੇ ਧਨ ਨਾਲ ਗੁਰੂਘਰ ਦੀ ਇਮਾਰਤ ਦੀ ਉਸਾਰੀ ਵਿਚ ਸਾਥ ਦੇਣਾ ਚਾਹੀਦਾ ਹੈ। ਸਾਡੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਨਾਲ ਖੜੇ ਹੋਣਾ ਚਾਹੀਦਾ ਹੈ। ਕੌਂਸਲਰ ਦੀ 12 ਦਸੰਬਰ ਨੂੰ ਹੋਈ ਮੀਟਿੰਗ ਵਿਚ ਕਮਿਉਨਿਟੀ ਮੈਂਬਰਾਂ ਡਾਕਟਰ ਹਰਮੇਸ਼ ਕੁਮਾਰ, ਸੁਖਰਾਜ ਚੋਪੜਾ, ਵਿਨੋਦ ਕੁਮਾਰ ਚੁੰਬਰ, ਮਿਸਟਰ ਢਿੱਲੋਂ, ਮੱਖਣ ਸਿੰਘ ਬੈਂਸ, ਅਮਰੀਕ ਚੰਦ ਲਾਖਾ, ਬਲਵੀਰ ਥਿੰਦ, ਸੁਰਿੰਦਰ ਸੋਨੀ, ਹਰਮੇਸ਼ ਸਿੱਧੂ, ਕਰਨੈਲ ਸਿੰਘ, ਅਤੇ ਵਰਿੰਦਰ ਸਿੰਘ ਊਬੀ ਨੇ ਪ੍ਰੋਜੈਕਟ ਦੀ ਸਪੋਰਟ ਲਈ ਹਿੱਸਾ ਲਿਆ। ਬਹੁਤ ਸਾਰੀਆਂ ਬੀਬੀਆਂ ਤੇ ਭੈਣਾਂ ਨੇ ਵੀ ਵਧ ਚੜ੍ਹ ਕੇ ਹਿੱਸਾ ਲਿਆ। ਵਾਈਸ ਚੇਅਰਮੈਨ ਸ੍ਰੀ ਵਿਨੋਦ ਕੁਮਾਰ ਵਲੋਂ ਸਾਰੀ ਸੰਗਤ ਦਾ ਤਹਿ ਦਿਲੋਂ ਲੱਖ ਲੱਖ ਧੰਨਵਾਦ ਕੀਤਾ ਜਾਂਦਾ ਹੈ। ਗੁਰੂਘਰ ਦੀ ਉਸਾਰੀ ਦੀ ਜਾਣਕਾਰੀ ਸਬੰਧੀ ਹੋਰ ਜਾਣਕਾਰੀ ਤੇ ਸਹਿਯੋਗ ਵਾਸਤੇ ਵਿਨੋਦ ਕੁਮਾਰ ਚੁੰਬਰ (510-953-9800) ਅਤੇ ਪ੍ਰਧਾਨ ਕੇਵਲ ਸਿੰਘ (510-299-6418) ਨਾਲ ਫੋਨ ਉੱਤੇ ਰਾਬਤਾ ਕੀਤਾ ਜਾ ਸਕਦਾ ਹੈ।

# ਬਾਪੂ ਬਲਬੀਰ ਸਿੰਘ ਰੰਧਾਵਾ ਦੇ ਸਸਕਾਰ ਮੌਕੇ ਵੱਖ-ਵੱਖ ਸ਼ਖਸੀਅਤਾਂ ਵਲੋਂ ਸ਼ਰਧਾਂਜਲੀਆਂ

**ਸੈਕਰਾਮੈਂਟੋ/ਬਿਊਰੋ ਨਿਊਜ਼,**
ਪੰਜਾਬ ਮੇਲ ਯੂ.ਐੱਸ.ਏ. ਅਖਬਾਰ ਦੇ ਮੁੱਖ ਸੰਪਾਦਕ ਦੇ ਪਿਤਾ ਸ. ਬਲਬੀਰ ਸਿੰਘ ਰੰਧਾਵਾ, ਜਿਹੜੇ ਪਿਛਲੇ ਦਿਨੀਂ ਪ੍ਰਮਾਤਮਾ ਵੱਲੋਂ ਬਖਸ਼ੀ ਉਮਰ ਭੋਗ ਕੇ ਗੁਰੂ ਚਰਨਾਂ ਵਿਚ ਜਾ ਵਿਰਾਜੇ ਸਨ,ਦਾ ਸਸਕਾਰ ਬੀਤੇ ਦਿਨ ਇਥੇ ਕਰ ਦਿੱਤਾ ਗਿਆ।

ਇਸ ਮੌਕੇ ਭਾਰੀ ਗਿਣਤੀ ਵਿਚ ਲੋਕਾਂ ਨੇ ਪਹੁੰਚ ਕੇ ਵਿਛੜੀ ਰੂਹ ਦੇ ਦਰਸ਼ਨ ਕੀਤੇ ਅਤੇ ਸ਼ਰਧਾਂਜਲੀਆਂ ਭੇਂਟ ਕੀਤੀਆਂ।

ਇਸ ਮੌਕੇ ਗੁਰਦੁਆਰਾ ਸਾਹਿਬ ਫੇਅਰਫੀਲਡ, ਗੁਰਦੁਆਰਾ ਸਾਹਿਬ ਬਰਾਡਸ਼ਾਹ ਰੋਡ ਸੈਕਰਾਮੈਂਟੋ, ਗੁਰਦੁਆਰਾ ਸਾਹਿਬ ਰੋਜ਼ਵਿਲ, ਗੁਰਦੁਆਰਾ ਸਾਹਿਬ ਸੈਲਮਾ, ਗੁਰਦੁਆਰਾ ਸਾਹਿਬ ਫਰਿਜ਼ਨੋ, ਗੁਰਦੁਆਰਾ ਸਾਹਿਬ ਯੂਬਾ ਸਿਟੀ, ਗੁਰਦੁਆਰਾ ਸਾਹਿਬ ਫਰੀਮਾਂਟ, ਗੁਰਦੁਆਰਾ ਸਾਹਿਬ ਲੋਡਾਈ, ਗੁਰਦੁਆਰਾ ਸਾਹਿਬ ਮੁਡੈਸਟੋ, ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਆਫ ਅਮਰੀਕਾ, ਕੋਹਿਨੂਰ ਕਲੱਬ, ਇੰਡਸ ਵੈਲੀ ਚੈਂਬਰ ਆਫ ਕਾਮਰਸ, ਇੰਡੀਅਨ ਕੇਅਰ ਐਸੋਸੀਏਸ਼ਨ ਫੇਅਰਫੀਲਡ, ਇੰਡੋ ਅਮਰੀਕਨ ਕਲਚਰਲ ਆਰਗੇਨਾਈਜ਼ੇਸ਼ਨ, ਕੈਲੀਫੋਰਨੀਆ, ਇੰਡੋ ਯੂ.ਐੱਸ. ਹੈਰੀਟੇਜ ਐਸੋਸੀਏਸ਼ਨ, ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ, ਯੂਨਾਈਟਿਡ ਸਪੋਰਟਸ ਕਲੱਬ, ਹਰਿਆਣਾ ਅਮਰੀਕਨ ਐਸੋਸੀਏਸ਼ਨ, ਇੰਟਰਨੈਸ਼ਨਲ ਪੰਜਾਬੀ ਕਲਚਰ ਅਕੈਡਮੀ, ਡਾਇਮੰਡ ਕਲੱਬ ਆਫ ਕੈਲੀਫੋਰਨੀਆ, ਸ਼੍ਰੋਮਣੀ ਅਕਾਲੀ ਦਲ, ਆਮ ਆਦਮੀ ਪਾਰਟੀ, ਕਾਂਗਰਸ ਪਾਰਟੀ, ਪੰਜਾਬੀ ਸਾਹਿਤ ਸਭਾ, 21 ਇੰਟਰਨੈਸ਼ਨਲ ਦੇ ਮੈਂਬਰਾਂ ਤੋਂ ਇਲਾਵਾ ਅਸੈਂਬਲੀ ਮੈਂਬਰ ਐਸ਼ ਕਾਲੜਾ ਵੀ ਹਾਜ਼ਰ ਸਨ।



ਅਸੈਂਬਲੀ ਮੈਨ ਜਿਮ ਕੂਪਰ ਅਤੇ ਮੇਅਰ ਸਟੀਵ ਲੀ ਨੇ ਆਪਣੇ ਸ਼ੋਕ ਸੰਦੇਸ਼ ਰੰਧਾਵਾ ਪਰਿਵਾਰ ਨੂੰ ਭੇਜੇ।

ਗੁਰਦੁਆਰਾ ਸਾਹਿਬ ਬਰਾਡਸ਼ਾਹ ਰੋਡ ਵਿਖੇ ਬਾਪੂ ਬਲਬੀਰ ਸਿੰਘ ਰੰਧਾਵਾ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕੀਤੀ ਗਈ। ਉਨ੍ਹਾਂ ਦੇ ਸਪੁੱਤਰ ਗੁਰਜਤਿੰਦਰ ਸਿੰਘ ਰੰਧਾਵਾ ਨੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਨ ਲਈ ਸਮੂਹ ਸੰਗਤ ਦਾ ਧੰਨਵਾਦ ਕੀਤਾ।


ACURA

AutoNation Acura Stevens Creek

4747 Stevens Creek Bl.
Santa Clara, CA 95051

ਹਰ ਤਰ੍ਹਾਂ ਦੀ ਨਵੀਂ Acura RDX SUV, Acura MDX SUV, Acura TLX Sedan, Acura ILX Sedan, Acura RLX Sedan & Acura NSX Sports ਖ਼ਰੀਦਣ ਲਈ AutoNation Acura Stevens Creek 'ਤੇ ਦਰਸ਼ਨ ਦਿਓ ਜੀ, ਜੋ ਕਿ Santa Clara ਵਿੱਚ ਬਹੁਤ ਹੀ ਸੋਹਣੀ ਜਗ੍ਹਾ 'ਤੇ ਫਰੀਵੇ 280 ਅਤੇ 880 ਦੇ ਨਜ਼ਦੀਕ ਸਥਿਤ ਹੈ। ਸਾਡੇ ਕੋਲ ਹਰ ਤਰ੍ਹਾਂ ਦੀ ਕਾਰ, ਹਰ ਰੰਗ ਵਿਚ ਉਪਲਬਧ ਹੈ। ਅਸੀਂ ਹਰ ਤਰ੍ਹਾਂ ਦੀ ਕੀਮਤ ਮੈਚ ਜਾਂ ਬੀਟ ਕਰਦੇ ਹਾਂ। ਸਾਡੇ ਕੋਲੋਂ ਹਰ ਤਰ੍ਹਾਂ ਦੀ New & Used ਕਾਰ ਠੀਕ ਕੀਮਤ 'ਤੇ ਲੈ ਸਕਦੇ ਹੋ।

ਤੁਸੀਂ ਜੇ ਹੁਣੇ ਹੁਣੇ ਅਮਰੀਕਾ ਆਏ ਹੋ, ਤੁਹਾਡਾ ਨਵਾਂ, ਪੁਰਾਣਾ ਜਾਂ ਬੈਡ ਕਰੈਡਿਟ ਹੈ, ਅਸੀਂ ਤੁਹਾਡੀ ਪੂਰੀ ਤਰ੍ਹਾਂ ਨਾਲ ਮਦਦ ਕਰਾਂਗੇ।

ਵਧੀਆ ਤੋਂ ਵਧੀਆ ਡੀਲ ਲੈਣ ਲਈ ਤੁਸੀਂ ਤੁਹਾਡੇ ਆਪਣੇ ਮਿੱਤਰ ਨੂੰ ਸੰਪਰਕ ਕਰ ਸਕਦੇ ਹੋ ਜੋ ਕਿ ਪਿਛਲੇ 15 ਸਾਲਾਂ ਤੋਂ ਬੇ ਏਰੀਆਂ ਅਤੇ ਸੈਂਟਾ ਕਲਾਰਾ ਵਿੱਚ ਤੁਹਾਡੀ ਸੇਵਾ ਕਰਦਾ ਆ ਰਿਹਾ ਹੈ।



Rashpal Singh Aulakh
Sales Manager
AutoNation Acura Stevens Creek
Santa Clara, CA 95051

ਕਾਲ ਕਰੋ ਜਾਂ ਆ ਕੇ ਮਿਲੋ

Cell : 510.299.4326

Email : aulakhr1@autonation.com



When tired of all treatments for any disease at any age Try

HOMEOPATHIC

Experienced Consultant Physician since 1973

American Red Cross

ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ

We sell homeopathic medicines

ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ, ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ

7021 Village Parkway Dublin CA 94568



GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA

Office: 408.729.6691
Cell: 408.687.1899
email: homeomedicine@yahoo.com
www.homeopathyatoz.com

ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ 'Jus Punjabi TV' ਉੱਤੇ ਹਰ ਐਤਵਾਰ 4:00 ਵਜੇ ਅਤੇ 'ਰੇਡੀਓ 1170AM' ਉੱਤੇ ਮੰਗਲਵਾਰ ਸਵੇਰੇ 10:00 ਵਜੇ ਤੋਂ 10:30 ਵਜੇ ਤੱਕ ਸੁਣੋ

## ਸ. ਮਿਲਾਪ ਸਿੰਘ ਉਭੀ ਪਰਿਵਾਰ ਨੂੰ ਸਦਮਾ

*ਮਾਤਾ ਜੀ ਰਣਜੀਤ ਕੌਰ ਉੱਭੀ ਦਾ ਅਕਾਲ ਚਲਾਣਾ*

**ਸਸਕਾਰ ਅਤੇ ਅੰਤਮ ਅਰਦਾਸ 30 ਦਸੰਬਰ ਸ਼ਨਿਚਰਵਾਰ ਨੂੰ**

**ਸੈਨਹੋਜ਼ੇ/ਬਿਊਰੋ ਨਿਊਜ਼:** ਗੁਰਦੁਆਰਾ ਸਾਹਿਬ ਸੈਨਹੋਜੇ ਦੇ ਕਮੇਟੀ ਮੈਂਬਰ ਸ. ਮਿਲਾਪ ਸਿੰਘ ਉਭੀ ਦੇ ਸਤਿਕਾਰਯੋਗ ਮਾਤਾ ਜੀ ਬੀਬੀ ਰਣਜੀਤ ਕੌਰ ਉੱਭੀ ਦੇ ਬੀਤੇ ਦਿਨੀਂ ਅਕਾਲ ਚਲਾਣਾ ਕਰ ਜਾਣ ਨਾਲ ਉੱਭੀ ਪਰਿਵਾਰ ਨੂੰ ਭਾਰੀ



ਸਦਮਾ ਪਹੁੰਚਾ ਹੈ। ਉਹ ਗੁਰਦੁਆਰਾ ਸਾਹਿਬ ਸੈਨਹੋਜੇ ਦੇ ਫਾਊਂਡਰ ਮੈਂਬਰ ਸਵਰਗਵਾਸੀ ਪਿਆਰਾ ਸਿੰਘ ਉੱਭੀ ਦੀ ਧਰਮ ਪਤਨੀ ਸਨ ਜਿਨ੍ਹਾਂ ਨੇ ਬੜਾ ਲੰਮਾ ਸਮਾਂ ਗੁਰੂ ਘਰ ਸੈਨਹੋਜੇ ਵਿਖੇ ਬਤੌਰ ਖ਼ਜ਼ਾਨਚੀ ਦੀ ਸੇਵਾ ਨਿਭਾਈ।

ਮਾਤਾ ਰਣਜੀਤ ਕੌਰ ਉੱਭੀ ਦਾ ਸਸਕਾਰ 30 ਦਸੰਬਰ ਸ਼ਨਿਚਰਵਾਰ ਨੂੰ ਸਵੇਰੇ 10:00 ਵਜੇ ਤੋਂ 12:00 ਵਜੇ ਤੱਕ ਚੈਪਲ ਆਫ਼ ਚਾਈਮਜ, 32992, ਮਿਸ਼ਨ ਬੁਲੇਵਾੜ, ਹੇਵਰਡ (Chapel of Chimes located at 32992 Mission Blvd in Hayward, CA) ਵਿਖੇ ਕੀਤਾ ਜਾਵੇਗਾ। ਉਪਰੰਤ ਪਾਠ ਦਾ ਭੋਗ ਅਤੇ ਅੰਤਮ ਅਰਦਾਸ ਗੁਰਦੁਆਰਾ ਸਾਹਿਬ ਸੈਨ ਹੋਜ਼ੇ ਵਿਖੇ ਹੋਵੇਗੀ। ਪਰਿਵਾਰ ਵਲੋਂ ਸਭਨਾਂ ਨੂੰ ਅੰਤਮ ਅਰਦਾਸ ਵਿੱਚ ਸ਼ਾਮਲ ਹੋਣ ਦੀ ਬੇਨਤੀ ਹੈ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਕਾਲ ਕਰੋ: ਮਿਲਾਪ ਸਿੰਘ ਉਭੀ ਫੋਨ :408 833 0523

## ਨਿੱਝਰ ਭਰਾਵਾਂ ਨੂੰ ਗਹਿਰਾ ਸਦਮਾ

### ਮਾਤਾ, ਪਿਤਾ ਦਾ ਦੇਹਾਂਤ

**ਡੈਲਸ (ਟੈਕਸਸ)/ਹਰਜੀਤ ਸਿੰਘ ਢੇਸੀ:** ਟੈਕਸ ਸਟੇਟ ਵਿਚ ਲੰਮੇ ਸਮੇਂ ਤੋਂ ਵਸਦੇ, ਉੱਘੀਆਂ ਸ਼ਖਸੀਅਤਾਂ ਨਿੱਝਰ ਬ੍ਰਾਦਰਜ਼, ਅਮਰੀਕ ਸਿੰਘ ਹਿਊਸਟਨ ਰਾਜਾ ਸਿੰਘ ਤੇ ਸੰਤੋਖ ਸਿੰਘ ਨੂੰ ਉਦੋਂ ਅਸਹਿ ਸਦਮਾ ਪੁੱਜਾ ਜਦੋਂ ਉਨ੍ਹਾਂ ਦੇ ਪਿਤਾ ਸਰਦਾਰ ਪਿਆਰ ਸਿੰਘ ਨਿੱਝਰ ਅਤੇ ਸਰਦਾਰਨੀ ਅਮਰ ਕੌਰ ਨਿੱਝਰ



ਸੰਖੇਪ ਬਿਮਾਰੀ ਪਿੱਛੋਂ ਅਕਾਲ ਚਲਾਣਾ ਕਰ ਗਏ ਹਨ। ਨਿੱਝਰ ਪਰਿਵਾਰ, ਸਕੇ ਸਬੰਧੀਆਂ ਅਤੇ ਦੋਸਤਧ ਮਿੱਤਰਾਂ ਵਲੋਂ ਪਿਛਲੇ ਦਿਨੀਂ ਪਿਆਰਾ ਸਿੰਘ ਨੂੰ ਇੰਡੀਆ ਵਿਚ ਅਤੇ ਮਾਤਾ ਅਮਰ ਕੌਰ ਜੀ ਨੂੰ ਡੈਲਸ ਵਿਖੇ ਸੇਜਲ ਅੱਖਾਂ ਨਾਲ ਅੰਤਮ ਵਿਦਾਇਗੀ ਦਿੱਤੀ ਗਈ। ਬਾਪੂ ਜੀ ਤੇ ਮਾਤਾ ਜੀ ਬਹੁਤ ਹੀ ਨਿੱਘੇ ਅਤੇ ਮਿਲਾਪੜੇ ਸੁਭਾਅ ਦੇ ਮਾਲਕ ਸਨ। ਉਨ੍ਹਾਂ ਨੂੰ ਬਹੁਤ ਹੀ ਸ਼ਿਦਤ ਨਾਲ ਯਾਦ ਕੀਤਾ ਜਾਂਦਾ ਰਹੇਗਾ। ਉਹ ਆਪਣੇ ਪਿੱਛੇ ਵੱਡਾ ਪਰਿਵਾਰ ਛੱਡ ਗਏ ਹਨ। ਨਿੱਝਰ ਪਰਿਵਾਰ ਦਾ ਪਿਛਲਾ ਪਿੰਡ ਡਮੇਲੀ ਤਹਿਸੀਲ ਫਗਵਾੜਾ (ਕਪੂਰਥਲਾ) ਹੈ। ਮਾਤਾ ਅਮਰ ਕੌਰ ਨਮਿਤ ਅੰਤਿਮ ਅਰਦਾਸ ਗੁਰਦੁਆਰਾ ਸਿੱਖ ਟੈਂਪਲ ਗਾਰਲੈਂਡ ਵਿਖੇ ਬਾਅਦ ਦੁਪਹਿਰ 1.00 ਵਜੇ ਤੋਂ ਬਾਅਦ ਦੁਪਹਿਰ 3.00 ਵਜੇ ਤੱਕ ਹੋਵੇਗੀ।

## ਸਾਹਿਬਜ਼ਾਦਿਆਂ ਦੀ ਮਹਾਨ ਸ਼ਹਾਦਤ ਬਾਰੇ ਗੁਰਦੁਆਰਾ ਸਿੰਘ ਸਭਾ ਮਿਲਪੀਟਸ ਵਿਖੇ ਵਿਚਾਰ ਚਰਚਾ ਦੌਰਾਨ ਨੌਜਵਾਨਾਂ ਨੇ ਸਿੱਖ ਇਤਿਹਾਸ ਦੇ ਅਹਿਮ ਪਲਾਂ ਨੂੰ ਯਾਦ ਕੀਤਾ





**ਮਿਲਪੀਟਸ/ਬਲਵਿੰਦਰਪਾਲ ਸਿੰਘ ਖਾਲਸਾ :** ਦਸੰਬਰ ਦਾ ਮਹੀਨਾ ਚੜ੍ਹਦਿਆਂ ਹੀ ਪੈਗ਼ੰਬਰਾਂ ਦੇ ਸ਼ਹਿਨਸ਼ਾਹ ਦੇ ਚਾਰ ਸਾਹਿਬਜ਼ਾਦਿਆਂ ਦੀ ਯਾਦ ਵੈਰਾਗ ਤੇ ਚੜ੍ਹਦੀ ਕਲਾ ਦੇ ਇਲਾਹੀ ਪ੍ਰਵਾਹ ਨਾਲ ਆਪਣੀ ਦਸਤਕ ਦੇਣਾ ਸ਼ੁਰੂ ਕਰ ਦਿੰਦੀ ਹੈ। ਇਹ ਯਾਦ ਸਿੱਖ ਕੌਮ ਦੇ ਹਰ ਵਰਗ ਨੂੰ ਸੰਸਾਰ ਦੀਆਂ ਬੇਨਜ਼ੀਰ ਸ਼ਹਾਦਤਾਂ ਬਾਰੇ ਬਹੁਤ ਕੁਝ ਸੋਚਣ, ਸਮਝਣ ਤੇ ਕੁਝ ਕਰਨ ਲਈ ਮਜਬੂਰ ਕਰਦੀ ਹੈ। ਸਿੱਖ ਨੌਜਵਾਨਾਂ ਵਿਚ ਇਕ ਅਜੀਬ ਜੋਸ਼ ਉਬਾਲੇ ਮਾਰਦਾ ਹੈ ਤੇ ਉਹ ਕੁਝ ਕਰਨ ਲਈ ਉਤਾਵਲੇ ਹੋਣ ਲਗਦੇ ਹਨ।

ਕੁਝ ਇਸੇ ਤਰਾਂ ਦੇ ਪ੍ਰਭਾਵ ਨਾਲ ਇਲਾਕੇ ਦੇ ਛੋਟੇ ਵਡੇ ਨੌਜਵਾਨਾਂ ਨੇ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜ਼ੋਰਵਾਰ ਸਿੰਘ ਤੇ ਬਾਬਾ ਫਤਹਿ ਸਿੰਘ ਦੀ ਜੀਵਨੀ, ਉਦੇਸ਼, ਸਿਰੜ, ਸਿਦਕ ਤੇ ਸ਼ਹਾਦਤ ਵਰਗੇ ਅਹਿਮ ਨੁਕਤਿਆਂ ਉਤੇ ਵਿਚਾਰ ਚਰਚਾ ਦਾ ਪ੍ਰਬੰਧ ਕੀਤਾ। ਸ਼ੁਰੂਆਤ ਵਿਚ ਪ੍ਰਭਜੋਤ ਸਿੰਘ ਨੇ ਕੰਪਿਊਟਰ ਦੀ ਸਹਾਇਤਾ ਨਾਲ ਸਾਹਿਬਜ਼ਾਦਿਆਂ ਦੀ ਸੰਖੇਪ ਵਿਚ ਜੀਵਨੀ ਬਾਰੇ ਪੰਜਾਬੀ ਤੇ ਅੰਗਰੇਜ਼ੀ ਵਿਚ ਦੱਸਿਆ। ਬਾਈ ਧਾਰ ਦੇ ਪਹਾੜੀ ਹਿੰਦੂ ਰਾਜਿਆਂ ਤੇ ਮੁਸਲਮਾਨ ਹਾਕਮਾਂ ਦੁਆਰਾ ਕੀਤੀ ਘੇਰਾਬੰਦੀ ਕਰਕੇ ਗੁਰੂ ਸਾਹਿਬ, ਗੁਰੂ ਪਰਿਵਾਰ ਤੇ ਸਿੱਖ ਫੌਜਾਂ ਨੂੰ ਅਨੰਦਪੁਰ ਸਾਹਿਬ ਛਡਣਾ ਪਿਆ। ਸਿਰਸਾ ਨਦੀ ਉਤੇ ਗੁਰੂ ਦਸਮ ਪਾਤਸ਼ਾਹ ਤੇ ਸਾਹਿਬਜ਼ਾਦਿਆਂ ਤੇ ਮਾਤਾ ਜੀ ਦੇ ਪਏ ਪਰਵਾਰ ਵਿਛੋੜੇ ਤੋਂ ਲੈ ਕੇ ਸਰਹੰਦ ਤੇ ਚਮਕੌਰ ਸਾਹਿਬ ਤੱਕ ਦੇ ਇਤਿਹਾਸ ਉਤੇ ਚਾਨਣਾ

**ਬਾਕੀ ਸਫ਼ਾ 35 'ਤੇ**

## ਖਾਲਸਾ ਕੇਅਰ ਫਾਊਂਡੇਸ਼ਨ ਵਲੋਂ ਬੇਸਹਾਰਾ ਤੇ ਲੋੜਵੰਦ ਪਰਿਵਾਰਾਂ ਦੀ ਮਦਦ ਲਈ ਸ਼ਲਾਘਾਯੋਗ ਉੱਦਮ







**ਲਾਸ ਏਂਜਲਸ/ਬਿਊਰੋ ਨਿਊਜ਼:** ਮਾਨਵਤਾ ਦੀ ਸੇਵਾ ਨੂੰ ਸਮਰਪਿਤ ਖਾਲਸਾ ਕੇਅਰ ਫਾਉਂਡੇਸ਼ਨ ਪੈਕੋਇਮਾ ਵਲੋਂ ਬੇਸਹਾਰਾ ਤੇ ਲੋੜਵੰਦ ਪਰਿਵਾਰਾਂ ਦੀ ਮਦਦ ਲਈ ਮੁਹਿੰਮ ਦੌਰਾਨ ਖਾਣ ਪੀਣ ਦੀਆਂ ਵਸਤਾਂ ਤੇ ਕਪੜੇ ਵੰਡੇ ਗਏ। ਇਨ੍ਹਾਂ ਵਿੱਚ ਚਾਵਲ, ਕੇਨਡ ਫੂਡ, ਪਾਸਤਾ, ਮਕਰੌਨੀ, ਪਨੀਰ ਤੇ ਖਾਦ ਸਮੱਗਰੀ ਸ਼ਾਮਲ ਸੀ। ਇਸਤੋਂ ਇਲਾਵਾ ਕੰਬਲ, ਜੈਂਕਟਾਂ ਦੇ ਨਾਲ ਖੇਡਾਂ ਦਾ ਸਮਾਨ ਬਾਸਕਟਬਾਲਾਂ, ਸਾਕਰ ਗੇਂਦ ਅਤੇ ਬੱਚਿਆਂ ਲਈ ਖਿਡਾਉਣੇ ਵੀ ਦਿੱਤੇ ਗਏ। ਇਸ ਵਸਤਾਂ ਦਾਨੀ ਸੱਜਣਾਂ ਦੇ ਉੱਦਮ ਨਾਲ ਮੁਹੱਈਆ ਕਰਵਾਈਆਂ ਗਈਆਂ।

ਖਾਲਸਾ ਕੇਅਰ ਫਾਉਂਡੇਸ਼ਨ ਪੈਕੋਇਮਾ ਦੇ ਵਾਲੰਟੀਅਰਾਂ ਨੇ ਦਸੰਬਰ ਦੇ ਦੂਜੇ ਹਫ਼ਤੇ ਅੰਦਾਜ਼ਨ 750 ਪਰਿਵਾਰਾਂ ਵਾਸਤੇ ਜਰੂਰੀ ਸਾਰੀਆਂ ਵਸਤਾਂ ਦੇ ਪੈਕਟ ਤਿਆਰ ਕੀਤੇ । ਇਹ ਵਸਤਾਂ ਵੰਡਣ ਲਈ 16 ਦਸੰਬਰ ਦਾ ਦਿਨ ਨਿਸਚਿਤ ਕਰਕੇ ਜਬਾਨੀ ਕਲਾਮੀ ਤੇ ਹੋਰਨਾਂ ਪ੍ਰਚਾਰ ਸਾਧਨਾਂ ਰਾਹੀਂ ਇਹ ਸੁਨੇਹਾ ਵੱਧ ਤੋਂ ਵੱਧ ਲੋਕਾਂ ਪਹੁੰਚਾਉਣ ਦਾ ਯਤਨ ਕੀਤਾ ਗਿਆ। ਉਸ ਦਿਨ ਬੜੇ ਵਧੀਆ ਸਮਾਰੋਹ ਦਾ ਪ੍ਰਬੰਧ ਕਰਕੇ ਵੱਡਿਆਂ ਤੇ ਛੋਟਿਆਂ

**ਬਾਕੀ ਸਫ਼ਾ 35 'ਤੇ**

*ਦਸਤਾਵੇਜੀ ਫਿਲਮ ਦੀ ਘੋਖ -2*

## ਅਕਾਲੀ ਦਲ (ਬਾਦਲ) ਦੇ ਤਾਂ ਏਜੰਡੇ ਉੱਤੇ ਹੀ ਨਹੀਂ ਨਵੰਬਰ '84 ਦੀ ਨਸਲਕੁਸ਼ੀ ਤੇ ਝੂਠੇ ਮੁਕਬਲਿਆਂ ਦੇ ਪੀੜਤਾਂ ਲਈ ਇਨਸਾਫ

**ਅੰਮ੍ਰਿਤਸਰ/ਨਰਿੰਦਰਪਾਲ ਸਿੰਘ:** ਸ਼੍ਰੋਮਣੀ ਅਕਾਲੀ ਦਲ ਦੇ 97ਵੇਂ ਸਥਾਪਨਾ ਦਿਹਾੜੇ ਮੌਕੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਵਲੋਂ ਤਿਆਰ ਕਰਵਾਈ ਗਈ ਦਸਤਾਵੇਜੀ ਫਿਲਮ 'ਜੋ ਲਰੈ ਦੀਨ ਕੇ ਹੇਤ' ਜਿਥੇ ਦਲ ਦੇ 97 ਸਾਲਾ ਦੇ ਸਫਰ ਦੀ ਅੱਧ-ਅਧੂਰੀ ਤੇ ਇੱਕ ਪਾਸੜ ਪੇਸ਼ਕਾਰੀ ਹੈ ਉਥੇ ਇਹ ਵੀ ਅਗਾਉਂ ਹੀ ਸੂਚਿਤ ਕਰ ਰਹੀ ਹੈ ਕਿ ਦਲ ਦੇ ਭਵਿੱਖਤ ਏਜੰਡੇ ਵਿੱਚ 1980 ਤੋਂ 1995 ਦੌਰਾਨ ਪੰਜਾਬ ਵਿੱਚ ਪੁਲਿਸ ਤੇ ਭਾਰਤੀ ਦਸਤਿਆਂ ਵਲੋਂ ਝੂਠੇ ਮੁਕਾਬਲਿਆਂ ਵਿੱਚ ਮਾਰ ਮੁਕਾ ਦਿੱਤੇ ਗਏ ਤੇ ਸਦਾ ਲਈ ਲਾਪਤਾ ਕਰ ਦਿੱਤੇ ਗਏ ਹਜਾਰਾਂ ਸਿੱਖਾਂ ਅਤੇ ਨਵੰਬਰ '84 ਦੀ ਨਸਲਕੁਸ਼ੀ ਦੇ ਪੀੜਤਾਂ ਨੂੰ ਇਨਸਾਫ ਦਿਵਾਉਣ ਦਾ ਕੋਈ ਏਜੰਡਾ ਨਹੀ ਹੈ। ਇਸ 47 ਮਿੰਟ 14 ਸੈਕੰਡ ਦੀ ਦਸਤਾਵੇਜੀ ਫਿਲਮ ਦੇ ਅਖੀਰਲੇ ਹਿੱਸੇ ਵਿੱਚ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਵਾਗਡੋਰ ਸੁਖਬੀਰ ਸਿੰਘ ਬਾਦਲ ਦੇ ਹੱਥ ਹੋਣ ਦਾ ਜਿਕਰ ਕਰਦਿਆਂ ਇੱਕ ਜਿੰਮੇਵਾਰ ਤੇ ਕਾਬਲ ਸ਼ਖਸ਼ ਦੱਸਿਆ ਗਿਆ ਹੈ ਤੇ ਕਿਹਾ ਗਿਆ ਹੈ ਕਿ ਸੁਖਬੀਰ ਬਾਦਲ ਇਹ ਮਹਿਸੂਸ ਕਰਦਾ ਹੈ ਕਿ ਦਲ ਦੇ ਅੱਗੇ ਅਜੇ ਬਹੁਤ ਚਣੌਤੀਆਂ ਹਨ। ਇਨ੍ਹਾਂ ਚਣੌਤੀਆਂ ਦਾ ਜ਼ਿਕਰ ਕਰਦਿਆਂ ਕਿਹਾ ਗਿਆ ਹੈ ਕਿ "ਸਿਆਸੀ ਤੌਰ ਤੇ ਪੰਜਾਬ ਨੂੰ ਅਜੇ ਇਸਦੇ ਬਣਦੇ ਹੱਕ ਨਹੀਂ



ਫਿਲਮ ਦੇ ਇਕ ਦ੍ਰਿਸ਼ ਵਿੱਚ ਸੁਖਬੀਰ ਸਿੰਘ ਬਾਦਲ।

ਮਿਲੇ, ਚੰਡੀਗੜ੍ਹ ਅਤੇ ਪੰਜਾਬੀ ਬੋਲਦੇ ਹੋਰ ਇਲਾਕੇ ਪੰਜਾਬ ਤੋਂ ਬਾਹਰ ਹਨ, ਰਾਜਾਂ ਨੂੰ ਵੱਧ ਅਧਿਕਾਰ ਦੇਣ ਦੀ ਅਕਾਲੀ ਦਲ ਦੀ ਮੰਗ ਪੂਰੀ ਨਹੀਂ ਹੋਈ, (੩) ਪੰਜਾਬ ਸਿਰ ਚੜ੍ਹਿਆ ਕੇਂਦਰ ਦਾ ਕਰਜ਼ਾ ਇਸ ਦੀ ਆਰਥਿਕਤਾ ਨੂੰ ਤਬਾਹ ਕਰ ਰਿਹਾ ਹੈ, ਕਿਸਾਨੀ ਅਤੇ ਪਾਣੀਆਂ ਦੇ ਮਾਮਲੇ 'ਚ ਪੰਜਾਬ ਨਾਲ ਵਿਤਕਰਾ ਪਹਿਲਾਂ ਵਾਙ ਹੀ ਹੋ ਰਿਹਾ ਹੈ"। ਇਨ੍ਹਾਂ ਗੱਲਾਂ ਦੇ ਜ਼ਿਕਰ ਤੋਂ ਬਾਅਦ ਕਿਹਾ ਗਿਆ ਹੈ ਕਿ "ਪਰ ਇਹ ਚਣੌਤੀਆਂ ਸ਼੍ਰੋਮਣੀ ਅਕਾਲੀ ਦਲ ਦੀ ਜੁਝਾਰੂ ਸੋਚ ਅਤੇ ਜਜ਼ਬੇ ਨੂੰ ਕੀਲ ਨਹੀਂ ਸਕਦੀਆਂ"।

ਅਕਾਲੀ ਦਲ ਨੇ ਕਿਧਰੇ ਵੀ ਇਹ ਜਿਕਰ ਨਹੀ ਕੀਤਾ ਕਿ ਉਸਨੇ ਸੂਬੇ ਅੰਦਰ ਪੰਜਾਬ ਪੁਲਿਸ ਤੇ ਭਾਰਤੀ ਦਸਤਿਆਂ ਵਲੋਂ ਮਾਰ ਮੁਕਾ ਦਿੱਤੇ ਗਏ ਸਿੱਖਾਂ ਦੇ ਵਾਰਸਾਂ ਨੂੰ ਕੋਈ ਇਨਸਾਫ ਦਿਵਾਉਣ ਦੀ ਕੋਈ ਇੱਛਾ ਸ਼ਕਤੀ ਪ੍ਰਗਟਾਈ ਹੈ। ਨਵੰਬਰ 1984 ਵਿੱਚ ਦਿੱਲੀ ਸਮੇਤ ਦੇਸ਼ ਦੇ ਵੱਖ ਵੱਖ ਪ੍ਰਮੁਖ ਸ਼ਹਿਰਾਂ ਵਿੱਚ ਯੋਜਨਾਬੱਧ ਤਰੀਕੇ ਨਾਲ ਅੰਜ਼ਾਮ ਦਿੱਤੇ ਸਿੱਖ ਨਸਲਕੁਸ਼ੀ ਦੇ ਵਹਿਸ਼ੀ ਕਾਰੇ ਨੂੰ ਹਰ ਵਾਰ ਚੋਣ ਮੁੱਦਾ ਬਨਾਉਣ ਵਾਲਾ ਦਲ, ਇਸ ਦਸਤਾਵੇਜ਼ੀ ਵਿੱਚ ਇਸ ਮੁੱਦੇ ਤੇ ਵੀ ਖਾਮੋਸ਼ ਹੈ।

ਇਹ ਵੀ ਜਿਕਰਯੋਗ ਹੈ ਕਿ ਅਕਾਲੀ ਦਲ (ਬਾਦਲ) ਨੇ ਆਪਣੇ 1997 ਦੀ ਵਿਧਾਨ ਸਭਾ ਚੋਣ ਮੌਕੇ ਪੇਸ਼ ਚੋਣ ਮਨੋਰਥ ਪੱਤਰ ਵਿਚ ਸੂਬੇ ਵਿੱਚ ਸਾਲ 1980 ਤੋਂ 1995 ਤੀਕ ਦੇ ਸਮੇਂ ਦੌਰਾਨ ਅੰਜ਼ਾਮ ਦਿੱਤੇ ਸਰਕਾਰੀ ਕਤਲੇਆਮ ਦੀ ਜਾਂਚ ਲਈ ਸੱਚਾਈ ਕਮਿਸ਼ਨ ਸਥਾਪਿਤ ਕਰਨ ਦਾ ਵਾਅਦਾ ਕੀਤਾ ਸੀ ਜਿਸਦਾ ਦਲ ਨੇ ਪਿਛਲੇ 20 ਸਾਲ ਦੌਰਾਨ ਕਦੇ ਜਿਕਰ ਵੀ ਨਹੀ ਕੀਤਾ। ਜਿਥੋਂ ਤੀਕ ਰਾਜਾਂ ਨੂੰ ਵੱਧ ਹੱਕ ਦਿੱਤੇ ਜਾਣ ਜਾਂ ਦਰਿਆਈ ਪਾਣੀਆਂ ਦੀ ਵੰਡ ਦਾ ਸਵਾਲ ਹੈ ਇਸ ਹਕੀਕਤ ਨੂੰ ਦਲ ਵੀ ਭਲੀਭਾਂਤ ਸਮਝਦਾ ਹੈ ਕਿ ਕੇਂਦਰ ਵਿੱਚਲੀ ਉਸਦੀ ਸਿਆਸੀ ਤੇ ਸੱਤਾ ਵਿੱਚ ਭਾਈਵਾਲ ਪਾਰਟੀ ਭਾਜਪਾ, ਰਾਜਾਂ ਨੂੰ ਵੱਧ ਅਧਿਕਾਰ ਦਿੱਤੇ ਜਾਣ ਦੇ ਖਿਲਾਫ ਹੈ ਤੇ ਭਾਜਪਾ ਦੇਸ਼ ਦੇ ਦਰਿਆਵਾਂ ਨੂੰ ਆਪਸ ਵਿੱਚ ਜੋੜੇ ਜਾਣ ਦਾ ਐਲਾਨ ਪਹਿਲਾਂ ਹੀ ਕਰ ਚੁੱਕੀ ਹੈ। ਪੰਜਾਬ ਸਿਰ ਚੜ੍ਹੇ ਫੌਜਾਂ ਦੇ ਤਾਇਨਾਤੀ ਦੇ ਜਿਸ ਕਰਜੇ ਨੂੰ ਮੁਆਫ ਕਰਾਉਣ ਦੀ ਗੱਲ ਬਾਦਲ ਦਲ ਆਪਣੀ ਦਸਤਾਵੇਜੀ ਫਿਲਮ ਵਿੱਚ ਕਰ ਰਿਹਾ ਹੈ ਉਸ ਬਾਰੇ ਦਲ ਦੀ 1996 ਤੋਂ 2004 ਦੇ ਕਾਰਜਕਾਲ ਤੇ ਵਿਸ਼ੇਸ਼ ਕਰਕੇ ਸਾਲ 2014 ਤੋਂ ਜਨਵਰੀ 2017 ਤੀਕ ਕੀ ਪ੍ਰਾਪਤੀ ਰਹੀ ਹੈ ਜਦੋਂ ਕਿ ਦਲ 1997 ਤੋਂ 2002 ਅਤੇ 2012 ਤੋਂ ਜਨਵਰੀ 2017 ਤੀਕ, ਕੇਂਦਰ ਵਿੱਚ ਵੀ ਉਸਦੀ ਭਾਈਵਾਲ ਪਾਰਟੀ ਸੱਤਾ ਵਿੱਚ ਰਹੀ ਹੈ। ਕਿਸਾਨੀ ਨੂੰ ਦਰਪੇਸ਼ ਮਸਲਿਆਂ ਦੇ ਹੱਲ ਲਈ ਯਤਨਸ਼ੀਲ ਰਹਿਣ ਦਾ ਅਹਿਦ ਕਰਨ ਵਾਲਾ ਇਹ ਦਲ ਸਾਲ 2007 ਤੋਂ 2017 ਤੀਕ ਅਜਿਹੇ ਭਖ਼ਦੇ ਮਸਲੇ ਹਲ ਕਰਨ ਹਿੱਤ ਕੀ ਕੁਝ ਕਰਨ ਵਿੱਚ ਸਫਲ ਹੋਇਆ ਹੈ ਇਸਦਾ ਦਸਤਾਵੇਜੀ ਫਿਲਮ ਵਿੱਚ ਕੋਈ ਜ਼ਿਕਰ ਨਹੀਂ ਹੈ।



# ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਪ੍ਰਕਾਸ਼ ਪੁਰਬ ਦੇ ਸ਼ਤਾਬਦੀ ਸਮਾਗਮ ਪਟਨਾ ਸਾਹਿਬ ਵਿਚ ਪੂਰੀ ਸ਼ਾਨੋਂ ਸ਼ੌਕਤ ਨਾਲ ਹੋਏ ਸੰਪੂਰਨ

**ਭਾਰੀ ਗਿਣਤੀ 'ਚ ਸੰਗਤਾਂ ਦੀ ਹਾਜ਼ਰੀ 'ਚ ਨਾਮਵਰ ਸ਼ਖ਼ਸੀਅਤਾਂ ਦਾ ਸਨਮਾਨ**

**ਪਟਨਾ ਸਾਹਿਬ/ਬਿਊਰੋ ਨਿਊਜ਼:** ਬਿਹਾਰ ਸਰਕਾਰ ਅਤੇ ਤਖ਼ਤ ਸ੍ਰੀ ਹਰਿਮੰਦਰ ਪਟਨਾ ਸਾਹਿਬ ਦੀ ਪ੍ਰਬੰਧਕੀ ਕਮੇਟੀ ਦੇ ਸਾਂਝੇ ਯਤਨਾਂ ਨਾਲ ਕਰਵਾਏ ਗਏ ਗੁਰੂ ਗੋਬਿੰਦ ਸਿੰਘ ਦੇ 350 ਸਾਲਾ ਪ੍ਰਕਾਸ਼ ਪੁਰਬ ਦੇ ਸ਼ਤਾਬਦੀ ਸਮਾਗਮ ਸਾਲ ਭਰ ਚੱਲਣ 'ਤੇ ਸ਼ੁਕਰਾਨਾ ਸਮਾਰੋਹ ਅਤੇ 351ਵੇਂ ਪ੍ਰਕਾਸ਼ ਪੁਰਬ ਦੇ ਸਮਾਗਮ ਪੂਰਨ ਗੁਰ-ਮਰਿਆਦਾ ਅਤੇ ਜਾਹੋ ਜਲਾਲ ਨਾਲ ਮੁਕੰਮਲ ਹੋ ਗਏ। ਆਖਰੀ ਦਿਨ ਤਕ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਲੱਖਾਂ ਸ਼ਰਧਾਲੂਆਂ ਨੇ ਮੱਥਾ ਟੇਕਿਆ। ਇਨ੍ਹਾਂ ਸਮਾਗਮਾਂ ਵਿੱਚ ਦੇਸ਼ ਦੀਆਂ ਪ੍ਰਮੁੱਖ ਰਾਜਨੀਤਕ, ਧਾਰਮਿਕ ਅਤੇ ਸਮਾਜਿਕ ਸ਼ਖ਼ਸੀਅਤਾਂ ਨੇ ਹਾਜ਼ਰੀ ਭਰੀ। ਸੰਤ ਸਮਾਜ ਦੇ ਸਮਾਗਮ ਵਿੱਚ ਗੁਰਮਤਿ ਵਿਚਾਰਾਂ ਮਗਰੋਂ ਹਾਜ਼ਰ ਸ਼ਖ਼ਸੀਅਤਾਂ ਦਾ ਤਖ਼ਤ ਸਾਹਿਬ ਵੱਲੋਂ ਸਨਮਾਨ ਕੀਤਾ ਗਿਆ। ਰਸਮੀ ਤੌਰ 'ਤੇ ਤਿੰਨ ਦਿਨ ਚੱਲੇ ਧਾਰਮਿਕ ਸਮਾਗਮ ਵਿੱਚ



ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਪੰਡਾਲ 'ਚ ਸੁਭਾਇਮਾਨ ਗੁਰੂ ਗ੍ਰੰਥ ਸਾਹਿਬ।

ਦੇਸ਼-ਵਿਦੇਸ਼ ਤੋਂ ਆਈਆਂ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ। ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਅਤੇ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਜਥੇਦਾਰ ਹਰਪ੍ਰੀਤ ਸਿੰਘ ਨੇ ਉਚੇਚੇ ਤੌਰ 'ਤੇ ਹਾਜ਼ਰੀ ਭਰੀ। ਭਾਈ ਮਹਿੰਦਰ ਸਿੰਘ ਯੂਕੇ ਵਾਲਿਆਂ ਦੇ ਨਿਸ਼ਕਾਮ ਸੇਵਕ ਜਥੇ ਨੇ ਕਈ ਦਿਨਾਂ ਤੋਂ ਸੰਗਤਾਂ ਲਈ ਲੰਗਰਾਂ ਦੇ ਵਿਸ਼ੇਸ਼ ਪ੍ਰਬੰਧ ਕੀਤੇ ਹੋਏ ਸਨ। ਬਾਬਾ ਬਚਨ ਸਿੰਘ ਕਾਰ ਸੇਵਾ ਦਿੱਲੀ ਵਾਲਿਆਂ ਦਾ ਸਨਮਾਨ ਵੀ ਕੀਤਾ ਗਿਆ। ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠਣ ਦੀ ਸੇਵਾ ਗੁਰਦੁਆਰਾ ਟਾਹਲੀ ਸਾਹਿਬ ਦੇ ਮੁੱਖ ਸੇਵਾਦਾਰ ਸੰਤ ਦਇਆ ਸਿੰਘ ਨੇ ਕੀਤੀ। ਕਥਾਵਾਚਕ ਭਾਈ ਪਿੰਦਰਪਾਲ ਸਿੰਘ ਨੇ ਗੁਰੂ ਸਾਹਿਬ ਦੇ ਜੀਵਨ ਬਿਰਤਾਂਤ ਬਾਰੇ ਦੱਸਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀਕੇ ਅਤੇ ਪਟਨਾ ਸਾਹਿਬ ਦੀ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਸਮਾਗਮਾਂ ਵਿੱਚ ਹਾਜ਼ਰੀ ਲੁਆਈ। ਕਵੀਸ਼ਰ ਅਤੇ ਢਾਡੀ ਦਰਬਾਰ ਦੌਰਾਨ ਜਥਿਆਂ ਨੇ ਗੁਰੂ ਗੋਬਿੰਦ ਸਿੰਘ ਵੱਲੋਂ ਕੀਤੀਆਂ ਲਾਸਾਨੀਆਂ ਕੁਰਬਾਨੀਆਂ ਦਾ ਗਾਇਨ ਕੀਤਾ। ਪਟਨਾ ਸ਼ਹਿਰ ਵਿੱਚ ਤਖ਼ਤ ਸ੍ਰੀ ਪਟਨਾ ਸਾਹਿਬ ਸਮੇਤ ਬਾਕੀ ਗੁਰੂ ਘਰਾਂ 'ਤੇ ਵੀ ਪਿਛਲੇ ਕਈ ਦਿਨਾਂ ਤੋਂ ਦੀਪਮਾਲਾ ਕੀਤੀ ਹੋਈ ਸੀ। ਸਾਰੇ ਬਾਜ਼ਾਰਾਂ ਨੂੰ ਦੀਪਮਾਲਾ ਨਾਲ ਖ਼ੂਬਸੂਰਤ ਢੰਗ ਨਾਲ ਸਜਾਇਆ ਗਿਆ ਸੀ। ਸੰਗਤਾਂ ਦੀ ਵੱਡੀ ਆਮਦ ਨੂੰ ਕੰਟਰੋਲ ਕਰਨ ਲਈ ਥਾਂ-ਥਾਂ 'ਤੇ ਬੈਰੀਅਰ ਲਾਏ ਹੋਏ ਸਨ।

**ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਨਹੀਂ ਪਹੁੰਚੇ**

ਤਖ਼ਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਜਾਰੀ ਕੀਤੇ ਪ੍ਰੋਗਰਾਮ ਵਿੱਚ ਦੇਸ਼ ਦੇ ਰਾਸ਼ਟਰਪਤੀ ਰਾਮਨਾਥ ਕੋਵਿੰਦ, ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ, ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟੜ, ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਸਮੇਤ ਹੋਰ ਬਹੁਤ ਸਾਰੇ ਆਗੂਆਂ ਦੇ ਨਾਂ ਛਾਪੇ ਗਏ ਸਨ ਪਰ ਉਨ੍ਹਾਂ ਆਪਣੀ ਹਾਜ਼ਰੀ ਨਹੀਂ ਭਰੀ। ਉਂਜ ਇਸ ਸਾਲ 5 ਜਨਵਰੀ ਨੂੰ ਗਾਂਧੀ ਮੈਦਾਨ 'ਚ ਗੁਰੂ ਗੋਬਿੰਦ ਸਿੰਘ ਦੇ ਮਨਾਏ ਗਏ 350ਵੇਂ ਪ੍ਰਕਾਸ਼ ਪੁਰਬ ਸਮਾਗਮਾਂ ਵਿੱਚ ਪ੍ਰਧਾਨ ਮੰਤਰੀ ਸਮੇਤ ਹੋਰ ਬਹੁਤ ਸਾਰੇ ਮੰਤਰੀ ਆਏ ਸਨ।

## ਬਲਵੰਤ ਸਿੰਘ ਰਾਮੂਵਾਲੀਏ ਵਲੋਂ ਨਿਤੀਸ਼ ਕੁਮਾਰ ਦੀਆਂ ਸਿਫ਼ਤਾਂ

### ਜਥੇਦਾਰ ਨੇ ਰਾਮੂਵਾਲੀਆ ਨੂੰ ਸਿਰੋਪਾ ਦੇ ਕੇ ਕੀਤਾ ਸਨਮਾਨਿਤ



ਬਲਵੰਤ ਸਿੰਘ ਰਾਮੂਵਾਲੀਆ ਦਾ ਸਨਮਾਨ ਕਰਦੇ ਹੋਏ ਮੁੱਖ ਮੰਤਰੀ ਨਿਤੀਸ਼ ਕੁਮਾਰ।

**ਪਟਨਾ ਸਾਹਿਬ/ਬਿਊਰੋ ਨਿਊਜ਼ :**
ਸਾਬਕਾ ਕੇਂਦਰੀ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਨਤਮਸਤਕ ਹੋਏ। ਉਨ੍ਹਾਂ ਪਟਨਾ ਸਾਹਿਬ ਵਿਖੇ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਮਗਰੋਂ ਸੰਗਤ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਅਤੇ 351ਵੇ ਪ੍ਰਕਾਸ਼ ਪੁਰਬ ਮਨਾਉਣ ਲਈ ਕੀਤੇ ਗਏ ਪ੍ਰਬੰਧਾਂ ਦੀਆਂ ਧੁੰਮਾਂ ਪੂਰੀ ਦੁਨੀਆਂ ਵਿੱਚ ਪੈ ਰਹੀਆਂ ਹਨ। ਉਨ੍ਹਾਂ ਕਿਹਾ ਕਿ ਨਿਤੀਸ਼ ਕੁਮਾਰ ਨੂੰ ਸਿੱਖ ਹੁਣ ਨਫ਼ੀਸ ਕੁਮਾਰ ਕਹਿਣ ਲੱਗ ਪਏ ਹਨ ਕਿਉਂਕਿ ਨਫ਼ੀਸ ਉਹ ਅਨਮੋਲ ਸ਼ੈਅ ਹੁੰਦੀ ਹੈ, ਜਿਸ ਦੀ ਕੋਈ ਕੀਮਤ ਨਹੀਂ ਦਿੱਤੀ ਜਾ ਸਕਦੀ।

ਜਥੇਦਾਰ ਇਕਬਾਲ ਸਿੰਘ ਨੇ ਬਲਵੰਤ ਸਿੰਘ ਰਾਮੂਵਾਲੀਆਂ ਨੂੰ ਸਿਰੋਪਾ ਦੇ ਕੇ ਸਨਮਾਨਿਤ ਕੀਤਾ।

ਬਾਅਦ ਵਿੱਚ ਸ੍ਰੀ ਰਾਮੂਵਾਲੀਆ, ਮੁੱਖ ਮੰਤਰੀ ਨਿਤੀਸ਼ ਕੁਮਾਰ ਨੂੰ ਉਨ੍ਹਾਂ ਦੀ ਸਰਕਾਰੀ ਰਿਹਾਇਸ਼ 'ਤੇ ਜਾ ਕੇ ਵੀ ਮਿਲੇ। ਮੁੱਖ ਮੰਤਰੀ ਨੇ ਸ੍ਰੀ ਰਾਮੂਵਾਲੀਆ ਨੂੰ ਯਾਦ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ। ਇਸ ਤੋਂ ਪਹਿਲਾਂ ਹੋਏ ਸਮਾਗਮਾਂ ਵਿੱਚ ਕੇਂਦਰੀ ਮੰਤਰੀ ਐਸ.ਐਸ. ਆਹਲੂਵਾਲੀਆ ਨੇ ਨਿਤੀਸ਼ ਕੁਮਾਰ ਦੀਆਂ ਸਿਫਤਾਂ ਕਰਦਿਆਂ ਕਿਹਾ ਸੀ ਕਿ ਮੁੱਖ ਮੰਤਰੀ ਨੇ ਜਿਸ ਸ਼ਰਧਾ ਨਾਲ ਧਾਰਮਿਕ ਸਮਾਗਮ ਕਰਵਾਏ ਹਨ ਤਾਂ ਉਨ੍ਹਾਂ ਦਾ ਨਾਂ ਸਰਦਾਰ ਨਿਤੀਸ਼ ਕੁਮਾਰ ਸਿੰਘ ਹੋਣਾ ਚਾਹੀਦਾ ਹੈ।

## ਗੁਰੂ ਦੇ ਰੰਗ ਵਿੱਚ ਰੰਗੀ ਗਈ ਸਾਰੀ ਪਟਨਾ ਨਗਰੀ

**ਪਟਨਾ ਸਾਹਿਬ/ਬਿਊਰੋ ਨਿਊਜ਼:** ਸਾਹਿਬੇ-ਕਮਾਲ ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਦੇ 351ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਗਰ ਕੀਰਤਨ ਗੁਰੂ ਗ੍ਰੰਥ ਸਾਹਿਬ ਦੀ ਛੱਤਰ ਛਾਇਆ ਹੇਠ ਪੰਜ ਪਿਆਰਿਆਂ ਦੀ ਅਗਵਾਈ 'ਚ ਗੁਰਦੁਆਰਾ ਗਊਘਾਟ ਤੋਂ ਸ਼ੁਰੂ ਹੋ ਕੇ ਦੇਰ ਰਾਤ ਤਖ਼ਤ ਸ੍ਰੀ ਹਰਿਮੰਦਰ ਪਟਨਾ ਸਾਹਿਬ ਆ ਕੇ ਮੁਕੰਮਲ ਹੋਇਆ। ਨਗਰ ਕੀਰਤਨ ਵਿੱਚ ਸ਼ਾਮਲ ਜਥਿਆਂ ਦਾ ਜਾਹੋ ਜਲਾਲ ਦੇਖਣ ਵਾਲਾ ਸੀ। ਨਗਰ ਕੀਰਤਨ ਨੇ ਬਾਅਦ ਦੁਪਹਿਰ ਸਵਾ ਦੋ ਕੁ ਵਜੇ ਗੁਰਦੁਆਰਾ ਗਊਘਾਟ ਤੋਂ ਚਾਲੇ ਪਾਏ। ਪਟਨਾ ਸਾਹਿਬ ਅਤੇ ਆਲੇ-ਦੁਆਲੇ ਦੇ ਇਲਾਕੇ ਪੂਰੀ ਤਰ੍ਹਾਂ ਨਾਲ ਗੋਬਿੰਦ ਦੇ ਰੰਗ ਵਿੱਚ ਰੰਗੇ ਗਏ। ਨਿਹੰਗ ਸਿੰਘਾਂ ਦੇ ਜਥਿਆਂ ਵਿੱਚ ਬਾਬਾ ਬਿਧੀਚੰਦ ਅਤੇ ਬਾਬਾ ਬੁੱਢਾ ਜੀ ਤਰਨਾ ਦਲ ਦੇ ਨਿਹੰਗ ਸਿੰਘਾਂ ਨੇ ਗੱਤਕੇ ਦੇ ਕਰਤੱਬ ਦਿਖਾਏ। ਨਿਹੰਗ ਜਥੇਬੰਦੀਆਂ ਨੇ ਘੋੜਿਆਂ ਅਤੇ ਹਾਥੀਆਂ ਨਾਲ ਨਗਰ ਕੀਰਤਨ ਵਿੱਚ ਸ਼ਾਮਲ ਹੋ ਕੇ ਇਸ ਦੀ ਰੌਣਕ ਨੂੰ ਚਾਰ ਗੁਣਾ ਕਰ ਦਿੱਤਾ। ਦਲ ਬਾਬਾ ਬਿਧੀ ਚੰਦ ਦੇ ਮੁਖੀ ਬਾਬਾ ਅਵਤਾਰ ਸਿੰਘ ਆਪਣੇ ਲਾਮ-ਲਸ਼ਕਰ ਨਾਲ ਨਗਰ ਕੀਰਤਨ ਵਿੱਚ ਸ਼ਾਮਲ ਹੋਏ। ਪਟਨਾ ਸ਼ਹਿਰ ਦੇ ਬਾਜ਼ਾਰਾਂ ਵਿੱਚੋਂ ਜਦੋਂ ਨਗਰ ਕੀਰਤਨ ਲੰਘ ਰਿਹਾ ਸੀ ਤਾਂ ਸਥਾਨਕ ਲੋਕਾਂ ਨੇ ਸੰਗਤਾਂ ਲਈ ਚਾਹ ਅਤੇ ਦੁੱਧ



ਪਟਨਾ ਸਾਹਿਬ ਵਿਚ ਪੂਰੇ ਜਾਹੋ ਜਲਾਲ ਨਾਲ ਸਜਾਏ ਗਏ ਨਗਰ ਕੀਰਤਨ 'ਚ ਜੁੜਿਆ ਸੰਗਤ ਦਾ ਸੈਲਾਬ।

ਦੇ ਖੁੱਲ੍ਹੇ ਲੰਗਰ ਲਾਏ ਹੋਏ ਸਨ। ਲੋਕ ਆਪਣੇ ਘਰਾਂ ਦੀਆਂ ਛੱਤਾਂ 'ਤੇ ਚੜ੍ਹ ਕੇ ਨਗਰ ਕੀਰਤਨ ਦੇ ਜਾਹੋ ਜਲਾਲ ਨੂੰ ਮਾਣ ਰਹੇ ਸਨ। ਨਗਰ ਕੀਰਤਨ ਦੇ ਸਵਾਗਤ ਲਈ ਲੋਕਾਂ ਵੱਲੋਂ ਕਈ ਥਾਵਾਂ 'ਤੇ ਫੁੱਲਾਂ ਦੀ ਵਰਖਾ ਕੀਤੀ ਗਈ। ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਬਾਅਦ ਦੁਪਹਿਰ ਨਗਰ ਕੀਰਤਨ ਵਿੱਚ ਸ਼ਾਮਲ ਹੋਣ ਲਈ ਇਥੇ ਪਹੁੰਚ ਗਏ ਸਨ। ਤਖ਼ਤ ਪਟਨਾ ਸਾਹਿਬ ਤਕ ਨਗਰ ਕੀਰਤਨ ਪਹੁੰਚਣ ਨੂੰ ਕਾਫੀ ਸਮਾਂ ਲੱਗਾ। ਜਿਨ੍ਹਾਂ ਬਾਜ਼ਾਰਾਂ ਵਿੱਚੋਂ ਦੀ ਹੋ ਕੇ ਨਗਰ ਕੀਰਤਨ ਨਿਕਲ ਰਿਹਾ ਸੀ, ਉਨ੍ਹਾਂ ਬਾਜ਼ਾਰਾਂ ਨੂੰ ਜ਼ਿਲ੍ਹਾ ਪ੍ਰਸ਼ਾਸਨ ਨੇ ਬਹੁਤ ਹੀ ਖ਼ੂਬਸੂਰਤ ਢੰਗ ਨਾਲ ਸਜਾਇਆ ਹੋਇਆ ਸੀ। ਕੇਂਦਰੀ ਮੰਤਰੀ ਐਸ ਐਸ ਆਹਲੂਵਾਲੀਆ ਆਪ ਸੰਗਤਾਂ ਵਿੱਚ ਜਾ ਕੇ ਸੇਵਾ ਕਰ ਰਹੇ ਸਨ। ਨਗਰ ਕੀਰਤਨ ਸ਼ੁਰੂ ਹੋਣ ਤੋਂ ਪਹਿਲਾਂ ਗੁਰਦੁਆਰਾ ਗਊਘਾਟ ਵਿੱਚ ਹੋਏ ਇਕੱਠ ਦੌਰਾਨ ਪੰਥ ਸ਼ਖ਼ਸੀਅਤਾਂ ਨੇ ਹਿੱਸਾ ਲਿਆ। ਇਨ੍ਹਾਂ ਵਿੱਚ ਕੇਂਦਰੀ ਮੰਤਰੀ ਐਸ ਐਸ ਆਹਲੂਵਾਲੀਆ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ, ਤਖ਼ਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ, ਦਮਦਮੀ ਟਕਸਾਲ ਦੇ ਮੁਖੀ ਸੰਤ ਹਰਨਾਮ ਸਿੰਘ ਖਾਲਸਾ, ਪਦਮਸ੍ਰੀ ਬਲਬੀਰ ਸਿੰਘ ਸੀਚੇਵਾਲ, ਗੁਰਦੁਆਰਾ ਟਾਹਲੀ ਸਾਹਿਬ ਦੇ ਮੁੱਖ ਸੇਵਾਦਾਰ ਦਇਆ ਸਿੰਘ, ਸੰਤ ਅਮਰੀਕ ਸਿੰਘ ਖੁਖਰੈਣ ਵਾਲੇ, ਸੰਤ ਘਾਲਾ ਸਿੰਘ ਅਤੇ ਹੋਰ ਬਹੁਤ ਸਾਰੀਆਂ ਧਾਰਮਿਕ ਸ਼ਖ਼ਸੀਅਤਾਂ ਸ਼ਾਮਲ ਸਨ। ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਇਸ ਪਵਿੱਤਰ ਧਰਤੀ ਤੋਂ ਨੌਜਵਾਨੀ ਨੂੰ ਨਸ਼ਿਆਂ ਤੋਂ ਬਚਾਉਣ ਦਾ ਸੁਨੇਹਾ ਲੈ ਕੇ ਜਾਣ। ਉਨ੍ਹਾਂ ਕਿਹਾ ਕਿ ਸਿੱਖ ਕੌਮ ਨੇ ਉਨ੍ਹਾਂ ਨੂੰ ਜਿਹੜੀ ਵੱਡੀ ਜ਼ਿੰਮੇਵਾਰੀ ਸੌਂਪੀ ਹੈ, ਉਸ ਨੂੰ ਉਹ ਪੂਰੀ ਤਨਦੇਹੀ ਨਾਲ ਨਿਭਾਉਣਗੇ। ਜਥੇਦਾਰ ਅਵਤਾਰ ਸਿੰਘ ਮੱਕੜ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਬਣਨ ਦੇ ਪਹਿਲੇ 6 ਮਹੀਨਿਆਂ ਵਿੱਚ ਹੀ ਚਾਰ ਸ਼ਤਾਬਦੀ ਸਮਾਗਮ ਆ ਗਏ ਸਨ, ਜਿਹੜੇ ਉਨ੍ਹਾਂ ਸਿੱਖ ਕੌਮ ਦੀ ਅਗਵਾਈ ਹੇਠ ਬੜੀ ਕਾਮਯਾਬੀ ਨਾਲ ਮਨਾਏ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾਕਟਰ ਰੂਪ ਸਿੰਘ ਅਤੇ ਪੰਥ ਦੇ ਸਿਰਮੌਰ ਕਥਾਵਾਚਕ ਭਾਈ ਪਿੰਦਰਪਾਲ ਸਿੰਘ ਨੇ ਵੀ ਆਪਣੇ ਵਿਚਾਰਾਂ ਦੀ ਸਾਂਝ ਪਾਈ। ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਵੱਲੋਂ ਆਈਆਂ ਸ਼ਖ਼ਸੀਅਤਾਂ ਦਾ ਸਨਮਾਨ ਕੀਤਾ ਗਿਆ।

## ਸੁਖਬੀਰ ਬਾਦਲ ਪਰਿਵਾਰ ਸਮੇਤ ਤਖ਼ਤ ਪਟਨਾ ਸਾਹਿਬ ਵਿਖੇ ਨੱਤਮਸਤਕ

**ਪਟਨਾ ਸਾਹਿਬ/ਬਿਊਰੋ ਨਿਊਜ਼:** ਇੱਥੇ ਗੁਰੂ ਗੋਬਿੰਦ ਸਿੰਘ ਜੀ ਦੇ 351ਵੇਂ ਪ੍ਰਕਾਸ਼ ਪੁਰਬ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਕੇਂਦਰੀ ਮੰਤਰੀ ਹਰਸਿਮਰਤ ਬਾਦਲ ਅਤੇ ਉਨ੍ਹਾਂ ਦੀਆਂ ਦੋਵੇਂ ਧੀਆਂ ਨੇ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਮੱਥਾ ਟੇਕਿਆ। ਉਨ੍ਹਾਂ ਵਿਸ਼ੇਸ਼ ਪੰਡਾਲ ਵਿੱਚ ਚੱਲ ਰਹੇ ਸੰਤ ਸਮਾਗਮ ਵਿੱਚ ਵੀ ਹਾਜ਼ਰੀ ਭਰੀ। ਇੱਥੇ ਮੰਚ 'ਤੇ ਗਿਆਨੀ ਇਕਬਾਲ ਸਿੰਘ ਅਤੇ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਉਨ੍ਹਾਂ ਦਾ ਸਨਮਾਨ ਕੀਤਾ। ਇਸ ਮੌਕੇ ਸੁਖਬੀਰ ਬਾਦਲ ਅਤੇ ਕੇਂਦਰੀ ਮੰਤਰੀ ਹਰਸਿਮਰਤ ਬਾਦਲ ਨੇ ਪ੍ਰਕਾਸ਼ ਪੁਰਬ ਦੇ ਪ੍ਰਬੰਧਾਂ ਲਈ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦੀਆਂ ਸਿਫ਼ਤਾਂ ਦੇ ਪੁਲ ਬੰਨ੍ਹੇ। ਉਨ੍ਹਾਂ ਕਿਹਾ ਕਿ ਨਿਤੀਸ਼ ਕੁਮਾਰ ਨੇ ਦੂਜੀ ਵਾਰ ਪ੍ਰਕਾਸ਼ ਪੁਰਬ ਲਈ ਬਿਹਤਰੀਨ ਪ੍ਰਬੰਧ ਕੀਤੇ ਹਨ। ਫ਼ਤਹਿਗੜ੍ਹ ਸਾਹਿਬ 'ਚ ਸਿਆਸੀ ਪਾਰਟੀਆਂ ਵੱਲੋਂ ਰੈਲੀਆਂ ਕਰਨ 'ਤੇ ਲਾਈ ਗਈ ਪਾਬੰਦੀ 'ਤੇ ਟਿੱਪਣੀ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਅਕਾਲ ਤਖ਼ਤ ਦਾ ਹੁਕਮ ਮੰਨਣ ਲਈ ਪਾਬੰਦ ਹਨ। ਮਾਘੀ ਮੇਲੇ 'ਤੇ ਵੀ ਸਿਆਸੀ ਕਾਨਫਰੰਸਾਂ ਨਾ ਕੀਤੇ ਜਾਣ ਬਾਰੇ ਪੁੱਛੇ ਸਵਾਲ ਦਾ ਸਿੱਧਾ ਜਵਾਬ ਦੇਣ ਤੋਂ ਸੁਖਬੀਰ ਟਾਲਾ ਵੱਟ ਗਏ। ਇਸ ਤੋਂ ਬਾਅਦ ਉਹ ਮੁੱਖ ਮੰਤਰੀ ਨਿਤੀਸ਼ ਕੁਮਾਰ ਨੂੰ ਮਿਲਣ ਲਈ ਉਨ੍ਹਾਂ ਦੀ ਰਿਹਾਇਸ਼ 'ਤੇ ਪਹੁੰਚੇ। ਉਨ੍ਹਾਂ ਪ੍ਰਕਾਸ਼ ਪੁਰਬ ਵੱਡੇ ਪੱਧਰ 'ਤੇ ਮਨਾਉਣ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਤੇ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਨੇ ਵੀ ਮੁੱਖ ਮੰਤਰੀ ਨਿਤੀਸ਼ ਕੁਮਾਰ ਦੇ ਉਪਰਾਲਿਆਂ ਦੀ ਸ਼ਲਾਘਾ ਕੀਤੀ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਕਮੇਟੀ ਅਤੇ ਦਿੱਲੀ ਕਮੇਟੀ ਵੱਲੋਂ ਮੁੱਖ ਮੰਤਰੀ ਨਿਤੀਸ਼ ਕੁਮਾਰ ਨੂੰ ਸਿਰੋਪਾਓ ਭੇਟ ਕਰ ਕੇ ਸਨਮਾਨਿਤ ਕੀਤਾ ਗਿਆ। ਮੁੱਖ ਮੰਤਰੀ ਵੱਲੋਂ ਵੀ ਸੁਖਬੀਰ ਬਾਦਲ, ਹਰਸਿਮਰਤ ਬਾਦਲ, ਭਾਈ ਗੋਬਿੰਦ ਸਿੰਘ ਲੌਂਗੋਵਾਲ ਤੇ ਹੋਰ ਪਤਵੰਤਿਆਂ ਨੂੰ ਯਾਦਗਾਰੀ ਚਿੰਨ੍ਹ ਭੇਟ ਕੀਤੇ ਗਏ।



**ਮੱਕੜ ਦੀ ਫ਼ਤਹਿ ਦਾ ਸੁਖਬੀਰ ਨੇ ਨਾ ਦਿੱਤਾ ਕੋਈ ਜਵਾਬ**

ਤਖ਼ਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਸੁਖਬੀਰ ਬਾਦਲ ਨੂੰ ਸਟੇਜ ਤੋਂ ਹੱਥ ਜੋੜ ਕੇ ਫ਼ਤਹਿ ਬੁਲਾਈ ਤਾਂ ਸਾਹਮਣੇ ਸੰਗਤ ਵਿੱਚ ਬੈਠਿਆਂ ਉਨ੍ਹਾਂ ਅੱਖ ਮਿਲਾਉਣ ਦੀ ਥਾਂ ਮੂੰਹ ਘੁਮਾ ਲਿਆ। ਸਟੇਜ 'ਤੇ ਹਾਜ਼ਰ ਸ਼ਖ਼ਸੀਅਤਾਂ ਨੇ ਵੀ ਇਸ ਗੱਲ ਦਾ ਨੋਟਿਸ ਲਿਆ ਕਿ ਸੁਖਬੀਰ ਬਾਦਲ ਨੇ ਸ੍ਰੀ ਮੱਕੜ ਨੂੰ ਜਾਣਬੁੱਝ ਕੇ ਅਣਗੌਲਿਆ ਕੀਤਾ ਹੈ। ਸਟੇਜ ਤੋਂ ਵਾਪਸ ਜਾਣ ਲੱਗਿਆਂ ਵੀ ਸੁਖਬੀਰ ਬਾਦਲ ਦਫ਼ਤਰ ਅੰਦਰ ਨਹੀਂ ਗਏ ਜਦਕਿ ਸੁਰੱਖਿਆ ਅਮਲੇ ਨੇ ਸਾਰੇ ਪ੍ਰਬੰਧ ਕੀਤੇ ਹੋਏ ਸਨ।

## ਨਿਤੀਸ਼ ਕੁਮਾਰ ਨੇ ਪੰਜਾਬੀਆਂ ਦਾ ਦਿਲ ਜਿੱਤ ਲਿਐ : ਭਾਈ ਲੌਂਗੋਵਾਲ

**ਪਟਨਾ ਸਾਹਿਬ/ਬਿਊਰੋ ਨਿਊਜ਼:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਤਖ਼ਤ ਪਟਨਾ ਨਤਮਸਤਕ ਹੋਣ ਮਗਰੋਂ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਪੰਜਾਬੀਆਂ ਦਾ ਦਿਲ ਜਿੱਤ ਲਿਆ ਹੈ। ਉਹ ਅੱਜ ਸ਼ਾਮੀਂ ਪਟਨਾ ਸਾਹਿਬ ਪੁੱਜੇ ਸਨ। ਉਨ੍ਹਾਂ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਬਿਹਾਰ ਦੇ ਲੋਕਾਂ ਨੇ ਜਿਸ ਢੰਗ ਨਾਲ ਗੋਬਿੰਦ ਸਿੰਘ ਦੇ ਪ੍ਰਕਾਸ਼ ਦਿਹਾੜੇ ਮਨਾਏ ਹਨ, ਉਹ ਸ਼ਲਾਘਾਯੋਗ ਹਨ। ਜਥੇਦਾਰ ਲੌਂਗੋਵਾਲ ਨੇ ਕਿਹਾ ਕਿ ਉਨ੍ਹਾਂ ਨੂੰ ਆਉਣ ਸਾਰ ਹੀ ਇਸ ਗੱਲ ਦਾ ਅਹਿਸਾਸ ਹੋਇਆ ਕਿ ਬਿਹਾਰ ਸਰਕਾਰ ਨੇ ਪ੍ਰਬੰਧਾਂ ਵਿੱਚ ਕੋਈ ਕਸਰ ਨਹੀਂ ਛੱਡੀ ਹੋਈ। ਜਿੱਥੇ ਬੱਸਾਂ, ਆਟੋ ਰਿਕਸ਼ੇ ਆਵਾਜਾਈ ਲਈ ਮੁਫ਼ਤ ਹਨ, ਉਥੇ ਲੋਕਾਂ ਵਿੱਚ ਮੇਜ਼ਬਾਨੀ ਦੀ ਭਾਵਨਾ ਵੀ ਪ੍ਰਬਲ ਹੈ। ਉਨ੍ਹਾਂ ਕਿਹਾ ਕਿ 2019 ਵਿੱਚ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਆ ਰਿਹਾ ਹੈ। ਸ਼੍ਰੋਮਣੀ ਕਮੇਟੀ ਸਿਰਤੋੜ ਯਤਨ ਕਰੇਗੀ ਕਿ ਇਸੇ ਤਰਜ਼ 'ਤੇ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਇਆ ਜਾਵੇ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਡਾ. ਰੂਪ ਸਿੰਘ, ਐਡਵੋਕੇਟ ਸਿਆਲਕਾ ਅਤੇ ਗੁਰਮੀਤ ਸਿੰਘ ਬੂਹ ਤੇ ਮੀਡੀਆ ਇੰਚਾਰਜ ਹਰਭਜਨ ਸਿੰਘ ਵਕਤਾ ਵੀ ਹਾਜ਼ਰ ਸਨ।

# ਗੁਰੂ ਗੋਬਿੰਦ ਸਿੰਘ ਜੀ ਦੇ ਦੱਸੇ ਮਾਰਗ ਉਤੇ ਚਲਦਿਆਂ ਵਿਤਕਰੇਬਾਜ਼ੀ ਨੂੰ ਦੂਰ ਕਰਨਾ ਹੀ ਦਸਮ ਪਿਤਾ ਨੂੰ ਸੱਚੀ ਸ਼ਰਧਾਂਜਲੀ : ਡਾ. ਮਨਮੋਹਨ ਸਿੰਘ

## ਕੈਪਟਨ ਵਲੋਂ ਚਮਕੌਰ ਸਾਹਿਬ 'ਚ ਸਕਿੱਲ ਯੂਨੀਵਰਸਿਟੀ ਬਣਾਉਣ ਦਾ ਐਲਾਨ



ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਅਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਤਖ਼ਤ ਕੇਸਗੜ੍ਹ ਸਾਹਿਬ ਵਿਖੇ ਸਿਰੋਪੇ ਬਖਸ਼ਿਸ਼ ਕੀਤੇ ਜਾਣ ਦੀ ਝਲਕ।

**ਸ੍ਰੀ ਆਨੰਦਪੁਰ ਸਾਹਿਬ/ਬਿਊਰੋ ਨਿਊਜ਼:** ਸ੍ਰੀ ਗੁਰੂ ਗੋਬਿੰਦ ਸਿੰਘ ਦੇ 350 ਸਾਲਾ ਪ੍ਰਕਾਸ਼ ਪੁਰਬ ਸਮਾਗਮਾਂ ਦੀ ਸੰਪੂਰਨਤਾ ਮੌਕੇ ਕਰਵਾਏ ਗਏ ਰਾਜ ਪੱਧਰੀ ਸਮਾਗਮ ਦੌਰਾਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਚਮਕੌਰ ਸਾਹਿਬ ਦੀ ਧਰਤੀ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਕਿਲ ਯੂਨੀਵਰਸਿਟੀ ਅਤੇ ਖ਼ਾਲਸਾ ਪੰਥ ਦੇ ਜਨਮ ਅਸਥਾਨ ਸ੍ਰੀ ਆਨੰਦਪੁਰ ਸਾਹਿਬ ਦੇ ਸਰਬਪੱਖੀ ਵਿਕਾਸ ਲਈ ਆਨੰਦਪੁਰ ਸਾਹਿਬ ਅਰਬਨ ਡਿਵੈਲਪਮੈਂਟ ਅਥਾਰਟੀ ਬਨਾਉਣ ਦਾ ਐਲਾਨ ਕੀਤਾ ਹੈ। ਮੁੱਖ ਮੰਤਰੀ ਨੇ ਆਪਣੇ ਸੰਬੋਧਨ ਵਿੱਚ ਇਲਾਕੇ ਅੰਦਰ ਇੰਡਸਟਰੀ ਅਤੇ ਸੈਰ ਸਪਾਟੇ ਨੂੰ ਪ੍ਰਫੁੱਲਿਤ ਕਰਨ ਲਈ ਲੋੜੀਂਦੇ ਫੈਸਲੇ ਲੈਣ ਦੀ ਗੱਲ ਵੀ ਕਹੀ। ਉਨ੍ਹਾਂ ਕਿਹਾ ਕਿ ਆਨੰਦਪੁਰ ਸਾਹਿਬ ਵਿੱਚ ਫੂਡ ਪਾਰਕ ਬਣਾਉਣਾ ਵੀ ਵਿਚਾਰ ਅਧੀਨ ਹੈ। ਉਨ੍ਹਾਂ ਐਲਾਨ ਕੀਤਾ ਕਿ ਸ੍ਰੀ ਆਨੰਦਪੁਰ ਸਾਹਿਬ ਦੀ ਕਰੱਸ਼ਰ ਇੰਡਸਟਰੀ ਨੂੰ ਹੁੰਗਾਰਾ ਦੇਣ ਲਈ ਇਸ ਨੂੰ ਕਰੱਸ਼ਰ ਜ਼ੋਨ ਬਣਾਇਆ ਜਾਵੇਗਾ। ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਕਿਹਾ ਕਿ ਗੁਰੂ ਗੋਬਿੰਦ ਸਿੰਘ ਦਾ ਜੀਵਨ ਅਤੇ ਫਲਸਫ਼ਾ ਫਿਰਕੂ ਸਦਭਾਵਨਾ, ਧਾਰਮਿਕ ਸਹਿਣਸ਼ੀਲਤਾ, ਸ਼ਾਂਤੀ ਅਤੇ ਆਪਸੀ ਭਾਈਚਾਰੇ ਦੀਆਂ ਤੰਦਾਂ ਨੂੰ ਮਜ਼ਬੂਤ ਬਣਾਉਣ ਦਾ ਮਾਰਗ ਵਿਖਾਉਂਦਾ ਹੈ। ਉਨ੍ਹਾਂ ਕਿਹਾ ਕਿ ਦਸਵੇਂ ਗੁਰੂ ਨੇ ਕਦੇ ਵੀ ਕਿਸੇ ਧਰਮ ਨਾਲ ਵਿਤਕਰਾ ਨਹੀਂ ਕੀਤਾ ਸਗੋਂ ਰੰਗ, ਜਾਤ, ਨਸਲ ਦੇ ਵਖਰੇਵਿਆਂ ਦੇ ਬਾਵਜੂਦ ਸਾਰਿਆਂ ਦਾ ਮਨੁੱਖ ਵਜੋਂ ਸਤਿਕਾਰ ਕੀਤਾ। ਸਾਬਕਾ ਪ੍ਰਧਾਨ ਮੰਤਰੀ ਨੇ ਕਿਹਾ ਕਿ ਗੁਰੂ ਗੋਬਿੰਦ ਸਿੰਘ ਨੂੰ ਸੱਚੀ ਸ਼ਰਧਾਂਜਲੀ ਇਹੀ ਹੋਵੇਗੀ ਕਿ ਉਨ੍ਹਾਂ ਦੇ ਦੱਸੇ ਮਾਰਗ 'ਤੇ ਚਲਦਿਆਂ ਵਿਤਕਰੇਬਾਜ਼ੀ ਨੂੰ ਦੂਰ ਕਰੀਏ। ਉਨ੍ਹਾਂ ਕਿਹਾ ਕਿ ਮਰਦਾਂ ਅਤੇ ਔਰਤਾਂ ਦੋਵਾਂ ਨੂੰ ਸਿੱਖਿਆ ਦੇ ਬਰਾਬਰ ਮੌਕੇ ਮੁਹੱਈਆ ਕਰਵਾਉਣੇ ਚਾਹੀਦੇ ਹਨ ਤਾਂ ਜੋ ਉਹ ਸਮਾਜ ਦੇ ਆਦਰਸ਼ ਨਾਗਰਿਕ ਬਣ ਸਕਣ। ਉਨ੍ਹਾਂ ਸਮਾਜ ਵਿੱਚੋਂ ਨਸ਼ਿਆਂ ਦੀ ਅਲਾਮਤ ਨੂੰ ਖ਼ਤਮ ਕਰਨ ਲਈ ਲੋਕਾਂ ਦੇ ਸਹਿਯੋਗ ਦੀ ਮੰਗ ਕੀਤੀ। ਉਨ੍ਹਾਂ ਵਾਤਾਵਰਣ ਦੀ ਸੁਰੱਖਿਆ ਲਈ ਧਾਰਮਿਕ ਅਤੇ ਸਵੈ-ਸੇਵੀ ਸੰਸਥਾਵਾਂ ਤੋਂ ਇਲਾਵਾ ਸਾਰਿਆਂ ਨੂੰ ਸਹਿਯੋਗ ਦੇਣ ਦਾ ਵੀ ਸੱਦਾ ਦਿੱਤਾ। ਆਪਣੇ ਸਵਾਗਤੀ ਭਾਸ਼ਣ ਵਿੱਚ ਵਿਧਾਨ ਸਭਾ ਦੇ ਸਪੀਕਰ ਰਾਣਾ ਕੇ.ਪੀ. ਸਿੰਘ ਨੇ ਕਿਹਾ ਕਿ ਉਹ ਇਸ ਧਾਰਮਿਕ ਮਹੱਤਤਾ ਵਾਲੇ ਹਲਕੇ ਤੋਂ ਚੁਣੇ ਜਾਣ ਲਈ ਖ਼ੁਦ ਨੂੰ ਵਡਭਾਗਾ ਸਮਝਦੇ ਹਨ। ਉਨ੍ਹਾਂ ਸ਼ਹਿਰ ਨੂੰ ਬੁਨਿਆਦੀ ਸਹੂਲਤਾਂ, ਪੀਣ ਵਾਲਾ ਪਾਣੀ ਅਤੇ ਸੜਕਾਂ ਆਦਿ ਦੇਣ ਦਾ ਵੀ ਜ਼ਿਕਰ ਕੀਤਾ। ਸੱਭਿਆਚਾਰ ਅਤੇ ਸੈਰ ਸਪਾਟਾ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਗੁਰੂ ਗੋਬਿੰਦ ਸਿੰਘ ਦੇ ਮਹਾਨ ਬਲਿਦਾਨ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਕੁਰਬਾਨੀ ਆਉਣ ਵਾਲੀਆਂ ਪੀੜ੍ਹੀਆਂ ਨੂੰ ਪ੍ਰੇਰਨਾ ਦਿੰਦੀ ਰਹੇਗੀ। ਸਮਾਗਮ ਨੂੰ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਵੀ ਸੰਬੋਧਨ ਕੀਤਾ ਜਦਕਿ ਤਕਨੀਕੀ ਸਿੱਖਿਆ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਹਾਜ਼ਰੀਨ ਦਾ ਧੰਨਵਾਦ ਕੀਤਾ। ਸ਼੍ਰੋਮਣੀ ਕਮੇਟੀ ਵੱਲੋਂ ਪ੍ਰਿੰਸੀਪਲ ਸੁਰਿੰਦਰ ਸਿੰਘ ਨੇ ਸਮਾਗਮ 'ਚ ਹਾਜ਼ਰੀ ਭਰੀ। ਉਹ ਪੂਰੇ ਸਮਾਗਮ ਦੌਰਾਨ ਕਾਂਗਰਸੀ ਸਟੇਜ 'ਤੇ ਮੌਜੂਦ ਰਹੇ। ਇਸ ਮੌਕੇ ਸਾਬਕਾ ਮੁੱਖ ਮੰਤਰੀ ਰਜਿੰਦਰ ਕੌਰ ਭੱਠਲ, ਸਾਬਕਾ ਰਾਜ ਸਭਾ ਮੈਂਬਰ ਐਚ. ਐਸ. ਹੰਸਪਾਲ, ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਲਾਲ ਸਿੰਘ, ਸੰਸਦ ਮੈਂਬਰ ਸੰਤੋਖ ਸਿੰਘ, ਕੈਬਨਿਟ ਮੰਤਰੀ ਮਨਪ੍ਰੀਤ ਸਿੰਘ ਬਾਦਲ, ਰਾਣਾ ਗੁਰਜੀਤ ਸਿੰਘ, ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਸਾਧੂ ਸਿੰਘ ਧਰਮਸੋਤ, ਰਜ਼ੀਆ ਸੁਲਤਾਨਾ, ਵਿਧਾਇਕ ਬਲਬੀਰ ਸਿੱਧੂ ਸਮੇਤ ਪਾਰਟੀ ਵਰਕਰ ਹਾਜ਼ਰ ਸਨ।

## ਸ਼੍ਰੋਮਣੀ ਕਮੇਟੀ ਵਲੋਂ ਸਾਬਕਾ ਪ੍ਰਧਾਨ ਮੰਤਰੀ ਦੇ ਹੱਥ ਵਿੱਚ ਫੜਾਇਆ ਗਿਆ ਸਿਰੋਪਾ

**ਸ੍ਰੀ ਆਨੰਦਪੁਰ ਸਾਹਿਬ/ਬਿਊਰੋ ਨਿਊਜ਼:** ਲਗਾਤਾਰ ਇੱਕ ਦਹਾਕੇ ਤੱਕ ਦੇਸ਼ ਦੇ ਪ੍ਰਧਾਨ ਮੰਤਰੀ ਵਜੋਂ ਦੁਨੀਆਂ ਭਰ ਵਿੱਚ ਵਸਦੇ ਸਿੱਖਾਂ ਦਾ ਕੱਦ ਉੱਚਾ ਕਰਨ ਵਾਲੇ ਡਾ. ਮਨਮੋਹਨ ਸਿੰਘ ਨੂੰ ਐਤਵਾਰ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਨਤਮਸਤਕ ਹੋਣ ਮੌਕੇ ਸਿਰੋਪਾਓ ਗਲ ਵਿੱਚ ਨਾ ਪਾ ਕੇ, ਹੱਥ ਵਿੱਚ ਦੇਣ ਨਾਲ ਕਈ ਸਵਾਲ ਖੜ੍ਹੇ ਹੋ ਗਏ ਹਨ। ਸਾਬਕਾ ਪ੍ਰਧਾਨ ਮੰਤਰੀ ਦੇ ਨਾਲ ਮੌਜੂਦ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਵੀ ਪ੍ਰਸ਼ਾਦ ਵਾਲਾ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ। ਯਾਦ ਰਹੇ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜਦੋਂ ਆਨੰਦਪੁਰ ਸਾਹਿਬ ਦੀ ਫੇਰੀ ਪਾਈ ਸੀ ਤਾਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸਿੱਖ ਕੌਮ ਦੇ ਸਭ ਤੋਂ ਵੱਡੇ ਸਨਮਾਨ ਤੇ ਗੁਰੂਘਰ ਦੀ ਬਖਸ਼ਿਸ਼ ਸਿਰੋਪਾਓ ਬਕਾਇਦਾ ਮਰਿਆਦਾ ਅਨੁਸਾਰ ਉਨ੍ਹਾਂ ਦੇ ਗ਼ਲ ਵਿੱਚ ਪਾਇਆ ਗਿਆ ਸੀ, ਪਰ ਮੰਨੇ ਪ੍ਰਮੰਨੇ ਅਰਥ ਸ਼ਾਸਤਰੀ ਤੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਸਿਰੋਪਾਓ ਦੇਣ ਲੱਗਿਆਂ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨੇ ਤੰਗਦਿਲੀ ਦਾ ਮੁਜ਼ਾਹਰਾ ਕੀਤਾ। ਹੈੱਡ ਗ੍ਰੰਥੀ ਗਿਆਨੀ ਫੂਲਾ ਸਿੰਘ ਨੇ ਸਿਰੋਪਾਓ ਡਾ. ਮਨਮੋਹਨ ਸਿੰਘ ਅਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਗਲੇ ਵਿੱਚ ਪਾਉਣ ਦੀ ਥਾਂ ਪ੍ਰਸ਼ਾਦ ਵਾਲਾ ਸਿਰੋਪਾਓ ਉਨ੍ਹਾਂ ਦੇ ਹੱਥ ਵਿੱਚ ਫੜਾ ਦਿੱਤਾ। ਸਿੱਖ ਬੁੱਧੀਜੀਵੀਆਂ ਦਾ ਕਹਿਣਾ ਹੈ ਕਿ ਜੇਕਰ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਉੱਥੋਂ ਦੇ ਜਥੇਦਾਰ ਵੱਲੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਜਾਂ ਹੋਰ ਆਗੂਆਂ ਨੂੰ ਸਿਰੋਪਾਓ ਦਿੱਤਾ ਜਾ ਸਕਦਾ ਹੈ ਤਾਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਅਜਿਹਾ ਕਿਉਂ ਨਹੀਂ ਹੋ ਸਕਦਾ। ਇਹੀ ਨਹੀਂ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂਆਂ ਨੇ ਵੀ ਆਪਣਾ ਨਾਮ ਨਾ ਛਾਪਣ ਦੀ ਸ਼ਰਤ 'ਤੇ ਕਿਹਾ ਕਿ ਜੇਕਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਦੇ ਦਫ਼ਤਰ ਵਿੱਚ ਦੋਵਾਂ ਆਗੂਆਂ ਦੇ ਗ਼ਲ ਵਿੱਚ ਸਿਰੋਪਾਓ ਪਾ ਕੇ ਸਨਮਾਨਿਤ ਕੀਤਾ ਜਾ ਸਕਦਾ ਹੈ ਤਾਂ ਤਖ਼ਤ ਸਾਹਿਬ ਵਿਖੇ ਵੀ ਕਰਨ 'ਚ ਕੋਈ ਹਰਜ਼ ਨਹੀਂ ਹੈ। ਓਧਰ, ਦੂਸਰੇ ਪਾਸੇ ਤਖ਼ਤ ਸਾਹਿਬ ਦੇ ਪ੍ਰਬੰਧਕਾਂ ਨਾਲ ਜਦੋਂ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਮਾਣ ਸਨਮਾਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀ ਮਰਿਆਦਾ ਅਨੁਸਾਰ ਹੀ ਕੀਤਾ ਗਿਆ ਹੈ।

## ਕੈਪਟਨ ਸਰਕਾਰ ਨੇ ਅਕਾਲੀਆਂ ਦੇ ਟਾਕਰੇ ਲਈ ਤਿਆਰ ਕੀਤਾ 'ਪੰਥਕ ਏਜੰਡਾ'

**ਬਠਿੰਡਾ/ਬਿਊਰੋ ਨਿਊਜ਼:** ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ 'ਪੰਥਕ ਏਜੰਡਾ' ਤਿਆਰ ਕੀਤਾ ਹੈ, ਜਿਸ ਤਹਿਤ ਗੁਰੂ ਗੋਬਿੰਦ ਸਿੰਘ ਮਾਰਗ ਨੂੰ ਆਨੰਦਪੁਰ ਸਾਹਿਬ ਤੋਂ ਤਖ਼ਤ ਦਮਦਮਾ ਸਾਹਿਬ ਤੱਕ ਕੌਮੀ ਸ਼ਾਹਰਾਹ ਦਾ ਦਰਜਾ ਦਿਵਾਉਣ ਲਈ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ। ਅਕਾਲੀ-ਭਾਜਪਾ ਗੱਠਜੋੜ ਸਰਕਾਰ ਨੇ ਆਨੰਦਪੁਰ ਸਾਹਿਬ ਤੋਂ ਨਾਂਦੇੜ ਤੱਕ ਦੇ ਮਾਰਗ ਨੂੰ ਕੌਮੀ ਸ਼ਾਹਰਾਹ ਬਣਾਉਣ ਦਾ ਮਾਮਲਾ ਕੇਂਦਰ ਕੋਲ ਉਠਾਇਆ ਸੀ। ਦੋ ਵਰ੍ਹੇ ਪਹਿਲਾਂ ਕੇਂਦਰ ਨੇ ਇਸ ਨੂੰ ਕੌਮੀ ਮਾਰਗ ਐਲਾਨ ਦਿੱਤਾ ਸੀ, ਪਰ ਨੋਟੀਫਿਕੇਸ਼ਨ ਜਾਰੀ ਨਹੀਂ ਹੋਇਆ ਸੀ।



ਵੇਰਵਿਆਂ ਅਨੁਸਾਰ ਕੈਪਟਨ ਸਰਕਾਰ ਨੇ ਕੱਲ੍ਹ ਫ਼ੈਸਲਾ ਕੀਤਾ ਹੈ ਕਿ ਗੁਰੂ ਗੋਬਿੰਦ ਸਿੰਘ ਮਾਰਗ ਦੇ ਪੰਜਾਬ ਵਿਚਲੇ 605 ਕਿਲੋਮੀਟਰ ਹਿੱਸੇ ਨੂੰ ਕੌਮੀ ਮਾਰਗ ਦਾ ਦਰਜਾ ਦਿਵਾਇਆ ਜਾਵੇ। ਲੋਕ ਨਿਰਮਾਣ ਵਿਭਾਗ ਨੂੰ ਇਸ ਦਾ ਕੇਸ ਤਿਆਰ ਕਰਨ ਦੀ ਹਦਾਇਤ ਕਰ ਦਿੱਤੀ ਹੈ ਤਾਂ ਜੋ ਕੇਂਦਰ ਸਰਕਾਰ ਤੱਕ ਪਹੁੰਚ ਕੀਤੀ ਜਾ ਸਕੇ। ਹੁਣ ਜਦੋਂ ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਪੁਰਬ ਵੱਡੇ ਪੱਧਰ 'ਤੇ ਮਨਾਇਆ ਜਾ ਰਿਹਾ ਹੈ ਤਾਂ ਪੰਜਾਬ ਸਰਕਾਰ ਵੀ ਆਪਣਾ ਫ਼ਰਜ਼ ਨਿਭਾਉਣ ਦੇ ਨਾਲ ਅਕਾਲੀਆਂ ਨੂੰ ਭਾਂਜ ਦੇਣਾ ਚਾਹੁੰਦੀ ਹੈ। ਪ੍ਰਕਾਸ਼ ਪੁਰਬ ਦੇ ਸੰਦਰਭ ਵਿੱਚ 24 ਦਸੰਬਰ ਨੂੰ ਸਰਕਾਰ ਵੱਲੋਂ ਆਨੰਦਪੁਰ ਸਾਹਿਬ ਵਿਖੇ ਸੂਬਾ ਪੱਧਰੀ ਸਮਾਗਮ ਕਰਾਇਆ ਜਾ ਰਿਹਾ ਹੈ, ਜਿਨ੍ਹਾਂ ਵਿੱਚ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਪੁੱਜ ਰਹੇ ਹਨ। ਮੁੱਖ ਮੰਤਰੀ ਦੇ ਮੁੱਖ ਪ੍ਰਮੁੱਖ ਸਕੱਤਰ ਸੁਰੇਸ਼ ਕੁਮਾਰ ਨੇ ਕੱਲ੍ਹ ਉੱਚ ਪੱਧਰੀ ਮੀਟਿੰਗ ਵਿੱਚ ਖਾਕਾ ਤਿਆਰ ਕੀਤਾ ਹੈ, ਜਿਸ ਵਿੱਚ ਲੋਕ ਨਿਰਮਾਣ ਵਿਭਾਗ ਨੂੰ ਹਦਾਇਤਾਂ ਕੀਤੀਆਂ ਗਈਆਂ ਹਨ। ਪੰਜਾਬ ਸਰਕਾਰ ਛੋਟੇ ਸਾਹਿਬਜ਼ਾਦਿਆਂ ਦੀ ਯਾਦ ਵਿੱਚ ਪਟਿਆਲਾ ਤੋਂ ਰੋਪੜ ਸੜਕੀ ਮਾਰਗ ਵਾਇਆ ਫਤਹਿਗੜ੍ਹ ਸਾਹਿਬ ਲੋਕਾਂ ਨੂੰ ਸਮਰਪਿਤ ਕਰਨਾ ਚਾਹੁੰਦੀ ਹੈ। ਪਟਿਆਲਾ-ਰੋਪੜ ਸੜਕੀ ਮਾਰਗ ਨੂੰ ਸਰਕਾਰ 'ਸਾਹਿਬਜ਼ਾਦਾ ਜ਼ੋਰਾਵਰ ਸਿੰਘ ਤੇ ਫ਼ਤਹਿ ਸਿੰਘ ਮਾਰਗ' ਦਾ ਨਾਮ ਦੇਣਾ ਚਾਹੁੰਦੀ ਹੈ ਅਤੇ ਇਸ ਮਾਰਗ ਨੂੰ ਕੇਂਦਰ ਨੇ ਕੌਮੀ ਮਾਰਗ ਬਣਾਉਣ ਦੀ ਸਿਧਾਂਤਕ ਸਹਿਮਤੀ ਦਿੱਤੀ ਹੋਈ ਹੈ। ਇਹ ਮਾਰਗ ਕਰੀਬ 100 ਕਿਲੋਮੀਟਰ ਲੰਬਾ ਹੈ। ਸੂਤਰਾਂ ਅਨੁਸਾਰ ਗੁਰੂ ਗੋਬਿੰਦ ਸਿੰਘ ਮਾਰਗ ਦੇ ਸੁੰਦਰੀਕਰਨ ਦੀ ਯੋਜਨਾ ਵੀ ਉਲੀਕੀ ਜਾ ਰਹੀ ਹੈ। ਪਿਛਲੀ ਸਰਕਾਰ ਨੇ ਵੀ ਇਸ ਮਾਰਗ ਦਾ 30 ਕਰੋੜ ਦਾ ਪ੍ਰੋਜੈਕਟ ਤਿਆਰ ਕੀਤਾ ਸੀ, ਜੋ ਹਕੀਕਤ ਨਹੀਂ ਬਣ ਸਕਿਆ ਸੀ। ਵੇਰਵਿਆਂ ਅਨੁਸਾਰ ਆਨੰਦਪੁਰ ਸਾਹਿਬ ਤੋਂ ਨਾਂਦੇੜ ਤੱਕ ਗੁਰੂ ਗੋਬਿੰਦ ਸਿੰਘ ਮਾਰਗ ਦੀ ਲੰਬਾਈ 3008 ਕਿਲੋਮੀਟਰ ਬਣਦੀ ਹੈ। ਇਸ ਵਿੱਚੋਂ 1294 ਕਿਲੋਮੀਟਰ ਤਾਂ ਪਹਿਲਾਂ ਹੀ ਕੌਮੀ ਮਾਰਗ ਹੈ, ਜਦੋਂਕਿ ਬਾਕੀ ਕਰੀਬ 1714 ਕਿਲੋਮੀਟਰ ਨੂੰ ਕੌਮੀ ਮਾਰਗ ਐਲਾਨਿਆ ਜਾਣਾ ਸੀ, ਪਰ ਕੇਂਦਰ ਨੇ ਬਾਂਹ ਨਹੀਂ ਫੜੀ। ਹੁਣ ਕੈਪਟਨ ਸਰਕਾਰ ਨੇ ਸਿਰਫ਼ ਪੰਜਾਬ ਵਿਚਲੇ ਹਿੱਸੇ ਨੂੰ ਕੌਮੀ ਮਾਰਗ ਬਣਾਉਣ ਦੀ ਪ੍ਰਕਿਰਿਆ ਵਿੱਢੀ ਹੈ।

### ਕੇਸ ਕੀਤਾ ਜਾ ਰਿਹੈ ਤਿਆਰ

ਲੋਕ ਨਿਰਮਾਣ ਵਿਭਾਗ ਦੇ ਮੁੱਖ ਇੰਜਨੀਅਰ ਏ. ਕੇ. ਸਿੰਗਲਾ ਨੇ ਦੱਸਿਆ ਕਿ ਸਰਕਾਰ ਦੀ ਹਦਾਇਤ 'ਤੇ ਉਹ ਗੁਰੂ ਗੋਬਿੰਦ ਸਿੰਘ ਮਾਰਗ ਦੇ ਪੰਜਾਬ ਵਿਚਲੇ 605 ਕਿਲੋਮੀਟਰ ਦੇ ਹਿੱਸੇ ਨੂੰ ਕੌਮੀ ਮਾਰਗ ਬਣਾਉਣ ਦਾ ਕੇਸ ਤਿਆਰ ਕਰ ਰਹੇ ਹਨ, ਜੋ ਸੋਮਵਾਰ ਨੂੰ ਮੁੱਖ ਮੰਤਰੀ ਕੋਲ ਪੇਸ਼ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ ਪਟਿਆਲਾ ਤੋਂ ਰੋਪੜ ਤੱਕ ਦੇ ਮਾਰਗ ਨੂੰ ਛੋਟੇ ਸਾਹਿਬਜ਼ਾਦਿਆਂ ਦੇ ਨਾਮ 'ਤੇ ਬਣਾਉਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੈ, ਜਿਸ ਸਬੰਧੀ ਸਰਕਾਰ ਵੱਲੋਂ ਨੋਟੀਫਿਕੇਸ਼ਨ ਜਾਰੀ ਕੀਤਾ ਜਾਵੇਗਾ।

## ਪ੍ਰਕਾਸ਼ ਪੁਰਬ ਬਾਰੇ ਸਰਕਾਰੀ ਇਸ਼ਤਿਹਾਰ ਤੋਂ ਰੇੜਕਾ

**ਚੰਡੀਗੜ੍ਹ/ਬਿਊਰੋ ਨਿਊਜ਼,** ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਸਰਕਾਰ ਵੱਲੋਂ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਪੁਰਬ ਮੌਕੇ ਜਾਰੀ ਇਸ਼ਤਿਹਾਰ ਵਿੱਚ ਕੰਪਿਊਟਰ ਰਾਹੀਂ ਨੈਪੋਲੀਅਨ ਦੀ ਫੋਟੋ ਨਾਲ ਕਥਿਤ ਛੇੜਛਾੜ ਕਰ ਕੇ ਉਸ ਨੂੰ ਗੁਰੂ ਸਾਹਿਬ ਦੀ ਤਸਵੀਰ ਵਜੋਂ ਪੇਸ਼ ਕਰਨ ਦੇ ਮਾਮਲੇ 'ਤੇ ਸਰਕਾਰ ਉਤੇ ਨਿਸ਼ਾਨਾ ਸੇਧਿਆ ਹੈ। ਅਕਾਲੀ ਦਲ ਨੇ ਮੰਗ ਕੀਤੀ ਹੈ ਕਿ ਪੰਜਾਬ ਸਰਕਾਰ ਸਿੱਖ ਸੰਗਤ ਤੋਂ ਮੁਆਫ਼ੀ ਮੰਗੇ ਤੇ ਦੋਸ਼ੀ ਅਧਿਕਾਰੀਆਂ ਅਤੇ ਇਸ਼ਤਿਹਾਰ ਏਜੰਸੀ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ। ਦੂਜੇ ਪਾਸੇ, ਪੰਜਾਬ ਸਰਕਾਰ ਨੇ ਅਕਾਲੀ ਦਲ ਵੱਲੋਂ ਲਾਏ ਦੋਸ਼ਾਂ ਨੂੰ ਰੱਦ ਕਰਦਿਆਂ ਕਿਹਾ ਹੈ ਕਿ ਇਹ ਫੋਟੋ ਸਿੱਖਇਜ਼ਮ ਵੈੱਬਸਾਈਟ ਤੋਂ ਲਈ ਗਈ ਹੈ। ਸ਼੍ਰੋਮਣੀ ਅਕਾਲੀ ਦਲ

ਬਾਕੀ ਸਫ਼ਾ 34 'ਤੇ

## ਕੈਪਟਨ ਦੇ ਮੰਤਰੀ ਕੈਬਨਿਟ ਮੀਟਿੰਗ 'ਚ ਮਤਿਆਂ ਵਿਰੁਧ ਡਟੇ

**ਚੰਡੀਗੜ੍ਹ/ਬਿਊਰੋ ਨਿਊਜ਼:** ਪੰਜਾਬ ਵਿੱਚ ਗੈਰਕਾਨੂੰਨੀ ਕਾਲੋਨੀਆਂ ਨੂੰ ਨਿਯਮਿਤ (ਰੈਗੂਲਰ) ਕਰਨ ਦੇ ਮੁੱਦੇ ਸਮੇਤ ਰਾਜ ਦੇ ਮੰਤਰੀਆਂ ਨੇ ਵਜ਼ਾਰਤੀ ਮੀਟਿੰਗ ਦੌਰਾਨ ਚਾਰ ਮਸਲਿਆਂ 'ਤੇ ਤਿੱਖਾ ਰੁਖ਼ ਅਪਣਾਇਆ। ਕਾਲੋਨੀਆਂ ਨਿਯਮਿਤ ਕਰਨ ਨੂੰ ਜਿੱਥੇ ਰਾਜ ਵਿੱਚ ਵੱਡੇ ਪੱਧਰ 'ਤੇ 'ਸਲੱਮ' ਪੈਦਾ ਹੋਣ ਦਾ ਖ਼ਦਸ਼ਾ ਪ੍ਰਗਟਾਇਆ ਉਥੇ ਵਾਤਾਵਰਨ ਡਾਇਰੈਕਟੋਰੇਟ ਦਾ ਵੀ ਵਿਰੋਧ ਕੀਤਾ। ਮੀਟਿੰਗ ਦੌਰਾਨ ਦਿਹਾਤੀ ਨੁਮਾਇੰਦਿਆਂ (ਸਰਪੰਚਾਂ) ਦੀ ਵਿੱਦਿਅਕ ਯੋਗਤਾ ਦਾ ਮਾਮਲਾ ਵੀ ਵਿਚਾਰਿਆ ਗਿਆ ਅਤੇ ਮੰਤਰੀਆਂ ਨੇ ਵਜ਼ਾਰਤੀ ਮੀਟਿੰਗ ਦਾ ਏਜੰਡਾ ਵੇਲੇ ਸਿਰ ਨਾ ਹੋਣ ਦੀਆਂ ਸ਼ਿਕਾਇਤਾਂ ਵੀ ਕੀਤੀਆਂ। ਗੈਰਕਾਨੂੰਨੀ ਕਾਲੋਨੀਆਂ ਦੇ ਮੁੱਦੇ 'ਤੇ ਮੰਤਰੀਆਂ ਨੇ ਕਿਹਾ ਕਿ ਜੇਕਰ ਸਰਕਾਰ ਵੱਲੋਂ ਖੁੰਬਾਂ ਵਾਂਗ ਪੈਦਾ ਹੋਈਆਂ ਕਾਲੋਨੀਆਂ ਨੂੰ ਮਾਨਤਾ ਦੇ ਕੇ ਕਾਨੂੰਨੀ ਰੂਪ ਦੇ ਦਿੱਤਾ ਜਾਂਦਾ ਹੈ ਤਾਂ ਆਉਣ ਵਾਲੇ ਸਮੇਂ ਵਿੱਚ ਪੰਜਾਬ ਦੇ ਸ਼ਹਿਰਾਂ ਦੀ ਦਸ਼ਾ ਵਿਗੜ ਜਾਵੇਗੀ। ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਅਤੇ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਗੈਰਕਾਨੂੰਨੀ ਕਾਲੋਨੀਆਂ ਵਿੱਚ ਗਲੀਆਂ ਅਤੇ ਹੋਰ ਸਹੂਲਤਾਂ ਸਰਕਾਰੀ ਦਿਸ਼ਾ-ਨਿਰਦੇਸ਼ਾਂ ਮੁਤਾਬਕ ਨਹੀਂ ਦਿੱਤੀਆਂ ਜਾਂਦੀਆਂ ਤੇ ਪਲਾਟ ਕੱਟ ਕੇ ਵੇਚ ਦਿੱਤੇ ਜਾਂਦੇ ਹਨ। ਮੰਤਰੀਆਂ ਨੇ ਕਿਹਾ ਕਿ ਇਹ ਗਲਤ ਰਵਾਇਤ ਹੋਵੇਗੀ ਤੇ ਇਸ ਸਬੰਧੀ ਪੂਰੀ ਸੋਚ ਵਿਚਾਰ ਤੋਂ ਬਾਅਦ ਹੀ ਫ਼ੈਸਲਾ ਲਿਆ ਜਾਣਾ ਚਾਹੀਦਾ ਹੈ। ਰਾਜ ਦੇ ਮੁੱਖ ਸਕੱਤਰ ਕਰਨ ਅਵਤਾਰ ਸਿੰਘ ਨੇ ਦਲੀਲ ਦਿੰਦਿਆਂ ਕਿਹਾ ਕਿ ਇਸ ਸਬੰਧੀ ਸਰਕਾਰ ਵੱਲੋਂ ਯਕਮੁਸ਼ਤ ਫੈਸਲਾ ਲੈ ਕੇ ਭਵਿੱਖ ਵਿੱਚ ਇਸ ਤਰ੍ਹਾਂ ਦੀਆਂ ਕਾਲੋਨੀਆਂ ਵਿਕਸਿਤ ਹੋਣ ਤੋਂ ਰੋਕਣ ਸਬੰਧੀ ਠੋਸ ਕਦਮ ਚੁੱਕੇ ਜਾਣੇ ਚਾਹੀਦੇ ਹਨ। ਮੰਤਰੀਆਂ ਦੇ ਵਿਰੋਧ ਕਾਰਨ ਇਹ ਏਜੰਡਾ ਪਾਸ ਨਾ ਹੋ ਸਕਿਆ। ਮੰਤਰੀਆਂ ਨੇ ਸਰਕਾਰ ਵੱਲੋਂ ਬਣਾਏ ਗਏ ਵਾਤਾਵਰਣ ਮੰਤਰਾਲੇ ਦੇ ਡਾਇਰੈਕਟੋਰੇਟ ਦਾ ਵਿਰੋਧ ਵੀ ਕੀਤਾ। ਇਸ ਦੀ ਸ਼ੁਰੂਆਤ ਕਰਦਿਆਂ ਦਿਹਾਤੀ ਵਿਕਾਸ ਤੇ ਪੰਚਾਇਤ ਵਿਭਾਗ ਦੇ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਕਿਹਾ ਕਿ ਇਸ ਡਾਇਰੈਕਟੋਰੇਟ ਦੇ ਬਣਨ ਨਾਲ ਪ੍ਰਦੂਸ਼ਣ ਕੰਟਰੋਲ ਬੋਰਡ ਦੀਆਂ ਸ਼ਕਤੀਆਂ ਨੂੰ ਖੋਰਾ ਲੱਗੇਗਾ। ਸ੍ਰੀ ਬਾਜਵਾ ਦੀਆਂ ਦਲੀਲਾਂ ਨਾਲ ਹੋਰਨਾਂ ਮੰਤਰੀਆਂ ਨੇ ਵੀ ਸਹਿਮਤੀ ਪ੍ਰਗਟਾਈ। ਮੰਤਰੀਆਂ ਦੇ ਤੌਖ਼ਲਿਆਂ ਦਾ ਜਵਾਬ ਦਿੰਦਿਆਂ ਅਧਿਕਾਰੀਆਂ ਨੇ ਕਿਹਾ ਕਿ ਵਾਤਾਵਰਣ ਡਾਇਰੈਕਟੋਰੇਟ ਦੀ ਸਥਾਪਨਾ ਦਾ ਪ੍ਰਦੂਸ਼ਣ ਕੰਟਰੋਲ ਬੋਰਡ 'ਤੇ ਕੋਈ ਪ੍ਰਭਾਵ ਨਹੀਂ ਪਵੇਗਾ। ਮੰਤਰੀ ਮੰਡਲ ਦੀ ਮੀਟਿੰਗ ਦੌਰਾਨ ਸਰਪੰਚਾਂ ਤੇ ਪੰਚਾਂ ਦੀ ਵਿਦਿਅਕ ਯੋਗਤਾ ਦਾ ਮਾਮਲਾ ਵੀ ਵਿਚਾਰਿਆ ਗਿਆ। ਮੰਤਰੀਆਂ ਨੇ ਕਿਹਾ ਕਿ ਹਰਿਆਣਾ ਦੀ ਤਰਜ਼ 'ਤੇ ਪੰਜਾਬ ਵਿੱਚ ਵੀ ਦਿਹਾਤੀ ਨੁਮਾਇੰਦਿਆਂ ਲਈ ਯੋਗਤਾ ਮਿਥ ਦਿੱਤੀ ਜਾਵੇ ਤਾਂ ਠੀਕ ਹੋਵੇਗਾ। ਅਧਿਕਾਰੀਆਂ ਨੇ ਕਿਹਾ ਕਿ ਇਸ ਫ਼ੈਸਲੇ ਨਾਲ ਆਬਾਦੀ ਦਾ ਵੱਡਾ ਹਿੱਸਾ ਚੋਣ ਪ੍ਰਕਿਰਿਆ ਵਿੱਚੋਂ ਬਾਹਰ ਹੋ ਜਾਵੇਗਾ। ਅਧਿਕਾਰੀਆਂ ਨੇ ਇਹ ਵੀ ਕਿਹਾ ਕਿ ਸਰਕਾਰ ਵੱਲੋਂ ਦਿਹਾਤੀ ਸੰਸਥਾਵਾਂ ਦੀਆਂ ਚੋਣਾਂ ਵਿੱਚ ਮਹਿਲਾਵਾਂ ਨੂੰ ਵੀ 50 ਫ਼ੀਸਦੀ ਰਾਖਵਾਂਕਰਨ ਦਿੱਤਾ ਗਿਆ ਹੈ ਅਤੇ ਪਿੰਡਾਂ ਵਿੱਚ ਪੰਚ-ਸਰਪੰਚ ਦੇ ਅਹੁਦੇ ਲਈ ਪੜ੍ਹੀਆਂ-ਲਿਖੀਆਂ ਮਹਿਲਾਵਾਂ ਲੱਭਣ 'ਚ ਵੀ ਪ੍ਰੇਸ਼ਾਨੀ ਆਵੇਗੀ ਤੇ ਸਰਕਾਰ ਲਈ ਸੰਕਟ ਪੈਦਾ ਹੋ ਜਾਵੇਗਾ।




## ਨਛੱਤਰ ਦੇ ਨਾਵਲ ਨੂੰ ਸਾਹਿਤ ਅਕਾਦਮੀ ਇਨਾਮ

**ਨਵੀਂ ਦਿੱਲੀ/ਬਿਊਰੋ ਨਿਊਜ਼:** ਪੰਜਾਬੀ ਦੇ ਨਾਵਲਕਾਰ ਨਛੱਤਰ ਦੇ ਨਾਵਲ ਸਲੋਅ ਡਾਊਨ' ਨੂੰ ਭਾਰਤੀ ਸਾਹਿਤ ਅਕਾਦਮੀ ਦੇ ਇਨਾਮ ਲਈ ਚੋਣ ਕੀਤੀ ਗਈ ਹੈ। ਸਾਹਿਤ ਅਕਾਦਮੀ ਵੱਲੋਂ ਜਿੰਦਰ ਦੀ ਪੰਜਾਬੀ ਵਿੱਚ ਅਨੁਵਾਦ ਕੀਤੀ ਗਈ ਕਿਤਾਬ 'ਰਾਮ ਦਰਸ਼ ਮਿਸ਼ਰ ਦੀਆਂ ਚੋਣਵੀਆਂ ਕਹਾਣੀਆਂ' ਦੀ ਵੀ ਇਨਾਮ ਲਈ ਚੋਣ ਕੀਤੀ ਗਈ ਹੈ। ਦੇਸ਼ ਦੀਆਂ 24 ਭਾਸ਼ਾਵਾਂ ਦੇ ਕੁੱਲ 24 ਲੇਖਕਾਂ ਨਾਲ ਦੋਹਾਂ ਨੂੰ ਇਨਾਮ ਦੇਣ ਦਾ ਐਲਾਨ ਕੀਤਾ ਗਿਆ ਹੈ ।

ਨਛੱਤਰ ਨੂੰ ਇਸ ਤੋਂ ਪਹਿਲਾਂ ਪੰਜਾਬੀ ਅਕਾਦਮੀ ਦਿੱਲੀ ਦੇ ਕਈ ਸਨਮਾਨ ਵੀ ਮਿਲ ਚੁੱਕੇ ਹਨ। ਇਸ ਵਾਰ ਐਲਾਨੇ ਗਏ ਇਨਾਮਾਂ ਵਿੱਚ 7 ਨਾਵਲ, ਕਵਿਤਾ ਦੀਆਂ 5 ਕਿਤਾਬਾਂ, ਛੋਟੀਆਂ ਕਹਾਣੀਆਂ ਦੀਆਂ 5, ਆਲੋਚਨਾ ਦੀਆਂ 5 ਅਤੇ ਇੱਕ-ਇੱਕ ਕਿਤਾਬ ਨਾਟਕ ਤੇ ਲੇਖਾਂ ਲਈ ਚੁਣੀ ਗਈ ਹੈ। ਇਹ ਇਨਾਮ 12 ਫਰਵਰੀ 2018 ਨੂੰ ਤਕਸੀਮ ਕੀਤੇ ਜਾਣਗੇ। ਪੰਜਾਬੀ ਅਕਾਦਮੀ ਦੇ ਕਨਵੀਨਰ ਪ੍ਰੋ. ਰਵੇਲ ਸਿੰਘ ਨੇ ਦੱਸਿਆ ਕਿ ਪੰਜਾਬੀ ਇਨਾਮ ਲਈ ਜਿਊਰੀ ਵਿੱਚ ਪ੍ਰੋ. ਦਵਿੰਦਰ ਸਿੰਘ, ਜਸਬੀਰ ਸਿੰਘ ਸੰਧੂ ਤੇ ਕੇਵਲ ਧਾਲੀਵਾਲ ਸ਼ਾਮਲ ਸਨ। ਅੰਗਰੇਜ਼ੀ ਦੇ ਨਾਵਲ ਦਿ ਬਲੈਕ ਹਿੱਲ' ਲਈ ਮਮਾਂਗ ਦਾਈ ਅਤੇ ਹਿੰਦੀ 'ਚ ਸਾਹਿਤਕ ਆਲੋਚਨਾ ਦੀ ਕਿਤਾਬ ਵਿਸ਼ਵ ਮਿੱਥਕ ਸਰਿਤ ਸਾਗਰ' ਲਈ ਰਮੇਸ਼ ਕੁੰਤਲ ਮੇਘ ਨੂੰ ਇਨਾਮ ਲਈ ਚੁਣਿਆ ਗਿਆ ਹੈ। ਸੰਸਕ੍ਰਿਤ ਨਾਵਲ ਗੰਗਾਪੁੱਤਰਾਵਾਦਨਮ' ਲਈ ਨਰਿੰਜਨ ਮਿਸ਼ਰਾ, ਬੰਗਲਾ ਵਿੱਚ ਮੇਈ ਨਿਖੋਨਜ ਮਨੂਸਤਾ' ਲਈ ਅਫਸਾਰ ਅਹਿਮਦ, ਡੋਗਰੀ ਲਈ ਸ਼ਿਵ ਮਹਿਤਾ (ਬਾਨਾ-ਕਹਾਣੀ ਸੰਗ੍ਰਹਿ), ਰਾਜਸਥਾਨੀ ਲਈ ਨੀਰਜ ਦਹੀਆ (ਬਿਨ੍ਹਾਂ ਹਾਸਲ ਪਾਏ- ਆਲੋਚਨਾ), ਸਿੰਧੀ ਲਈ ਜਗਦੀਸ਼ ਲਛਾਨੀ (ਆਛੀਨਿੰਦੇ ਲਾਜਾ ਮਰਾਂਨ-ਲੇਖ), ਉਰਦੂ ਲਈ ਬੇਗ ਅਹਿਸਾਸ (ਦਾਖ਼ਮਾ-ਕਹਾਣੀ) ਨੂੰ ਇਨਾਮ ਦੇਣ ਦਾ ਐਲਾਨ ਕੀਤਾ ਗਿਆ ਹੈ। ਕਸ਼ਮੀਰੀ ਲਈ ਔਤਾਰ ਕ੍ਰਿਸ਼ਨ ਰਹਿਬਰ (ਯਹੀ ਪਰਦਾ-ਕਹਾਣੀ) ਤੇ ਕਵਿਤਾ ਲਈ ਉਦੈ ਨਰਾਇਣ ਸਿੰਘ (ਮੈਥਿਲੀ), ਸ੍ਰੀਕਾਂਤ ਦੇਸ਼ਮੁਖ (ਮਰਾਠੀ), ਭੁਜੰਗਾ ਤੁਡੂ (ਸੰਥਾਲੀ) ਤੇ ਇਨਕਲਾਬ (ਤਾਮਿਲ) ਅਤੇ ਦੇਵੀਪ੍ਰਿਆ (ਤੇਲਗੂ) ਨੂੰ ਚੁਣਿਆ ਗਿਆ ਹੈ। ਚੁਣੀਆਂ ਗਈਆਂ ਕਿਤਾਬਾਂ 1 ਜਨਵਰੀ 2011 ਤੋਂ 31 ਦਸੰਬਰ 2015 'ਚ ਛਪੀਆਂ ਸਨ। ਇਨਾਮ ਵਿੱਚ ਇੱਕ ਲੱਖ ਰੁਪਏ, ਸ਼ਾਲ ਤੇ ਸਨਮਾਨ ਚਿੰਨ੍ਹ ਦਿੱਤੇ ਜਾਣਗੇ। ਸਾਹਿਤ ਅਕਾਦਮੀ ਵੱਲੋਂ 70ਵੇਂ ਅਜ਼ਾਦੀ ਦਿਵਸ ਮੌਕੇ ਫੈਸਟੀਵਲ ਆਫ ਲੈਟਰ ਸੈਮੀਨਾਰ ਕਰਵਾਉਣ ਦਾ ਐਲਾਨ ਵੀ ਕੀਤਾ ਗਿਆ ਹੈ।

## ਵੈਨਕੁਵਰ 'ਚ ਨਸ਼ਾ ਤਸਕਰੀ ਤੇ ਗੈਂਗਵਾਰ ਨੇ ਲਈ ਇੱਕ ਹੋਰ ਪੰਜਾਬੀ ਨੌਜਵਾਨ ਦੀ ਜਾਨ

ਵੈਨਕੂਵਰ/ਬਿਊਰੋ ਨਿਊਜ਼ : ਇਥੇ ਨੌਰਥ ਵੈਨਕੂਵਰ ਵਿੱਚ ਇਕ ਹੋਰ ਪੰਜਾਬੀ ਨਸ਼ਾ ਤਸਕਰੀ ਤੇ ਗੈਂਗ ਵਾਰ ਦੀ ਭੇਟ ਚੜ੍ਹ ਗਿਆ ਹੈ। ਦੋ ਦਿਨ ਪਹਿਲਾਂ ਇਕ ਘਰ ਵਿੱਚ 30 ਸਾਲਾ ਨੌਜਵਾਨ ਦੀ ਗੋਲੀਆਂ ਮਾਰ ਕੇ ਕੀਤੀ ਹੱਤਿਆ ਮਾਮਲੇ ਵਿੱਚ ਪੁਲੀਸ ਨੇ ਮੁੱਢਲੀ ਜਾਂਚ ਵਿੱਚ ਗੈਂਗਵਾਰ ਵੱਲ ਇਸ਼ਾਰਾ ਕੀਤਾ ਹੈ। ਪੁਲੀਸ ਅਨੁਸਾਰ ਮ੍ਰਿਤਕ ਗਵਿੰਦਰ ਗਰੇਵਾਲ ਦਾ ਪਿਛੋਕੜ ਨਸ਼ਾ ਤਸਕਰੀ ਤੇ ਗੈਂਗਵਾਰ ਵਾਲਾ ਸੀ। ਕੇਸ ਦੀ ਜਾਂਚ ਕਰ ਰਹੀ ਟੀਮ ਦੇ ਬੁਲਾਰੇ ਕਾਰਪੋਰਲ ਫਰੈਂਕ ਜੰਗ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਮੁੱਢਲੀ ਜਾਂਚ ਮੁਤਾਬਕ ਨੌਜਵਾਨ ਗਵਿੰਦਰ ਆਪਣੇ ਵਿਰੋਧੀ ਗੈਂਗ ਦਾ ਸ਼ਿਕਾਰ ਬਣਿਆ। ਬ੍ਰਿਟਿਸ਼ ਕੋਲੰਬੀਆ ਵਿੱਚ ਇਸ ਸਾਲ ਨਸ਼ਾ ਤਸਕਰੀ ਤੇ ਗੈਂਗ ਹਿੰਸਾ ਦੀ ਭੇਟ ਚੜ੍ਹਨ ਵਾਲਾ ਉਹ 14ਵਾਂ ਵਿਅਕਤੀ ਹੈ। ਪੁਲੀਸ ਅਫ਼ਸਰ ਅਨੁਸਾਰ ਜਦੋਂ ਉਹ ਮੌਕੇ 'ਤੇ ਪਹੁੰਚੇ ਤਾਂ ਘਰ ਵਿੱਚ ਗਰੇਵਾਲ ਦੀ ਲਾਸ਼ ਪਈ ਸੀ। ਅਧਿਕਾਰੀ ਨੇ ਦੱਸਿਆ ਕਿ ਨੌਜਵਾਨ ਨਸ਼ਾ ਤਸਕਰੀ ਤੇ ਗੈਂਗ ਗਤੀਵਿਧੀਆਂ ਕਾਰਨ ਪੁਲੀਸ ਰਿਕਾਰਡ ਵਿੱਚ ਸੀ। ਉਨ੍ਹਾਂ ਕਿਹਾ ਕਿ ਜਾਂਚ ਮੁੱਢਲੇ ਦੌਰ ਵਿੱਚ ਹੋਣ ਕਰਕੇ ਉਹ ਦੋਸ਼ ਤਾਂ ਨਹੀਂ ਲਾ ਸਕਦਾ, ਪਰ ਮੁੱਢਲੇ ਸੰਕੇਤ ਉਸ ਦੇ ਨਸ਼ਾ ਤਸਕਰੀ ਤੇ ਗੈਂਗ ਸ਼ਮੂਲੀਅਤ ਵਾਲੇ ਕਾਰਨਾਂ ਦੀ ਗਵਾਹੀ ਭਰਦੇ ਹਨ। ਜ਼ਿਕਰਯੋਗ ਹੈ ਕਿ ਸਰੀ ਖੇਤਰ ਵਿੱਚ ਸਖ਼ਤੀ ਕਰਕੇ ਸਮਾਜ ਵਿਰੋਧੀ ਅਨਸਰਾਂ ਨੇ ਆਪਣੇ ਠਿਕਾਣੇ ਨਾਰਥ ਵੈਨਕੂਵਰ 'ਚ ਬਦਲ ਲਏ ਹਨ। ਗਵਿੰਦਰ ਗਰੇਵਾਲ ਨੇ ਵੀ ਘਟਨਾ ਵਾਲਾ ਫਲੈਟ ਪਿਛਲੇ ਸਾਲ ਹੀ ਕਿਰਾਏ 'ਤੇ ਲਿਆ ਸੀ।

# ਸਿੱਖ ਕੌਮ ਤੇ ਸਿੱਖ ਸੰਘਰਸ਼ ਦੀ ਮੂਲ ਭਾਵਨਾ ਨੂੰ ਪ੍ਰਗਟ ਕਰਨ ਵਾਲੀ ਨਵੀਂ ਕਿਤਾਬ ਲੋਕ ਅਰਪਣ

**ਚੰਡੀਗੜ੍ਹ/ਬਿਊਰੋ ਨਿਊਜ਼:** ਪ੍ਰੋ. ਹਰ ਜਗਮੰਦਰ ਸਿੰਘ ਵੱਲੋਂ ਕਲਮਬਧ ਕੀਤੀ, ਸਿੱਖ ਇਤਿਹਾਸ ਅਤੇ ਮੌਜੂਦਾ ਸਿੱਖ ਸੰਘਰਸ਼ ਦੀ ਮੂਲ ਭਾਵਨਾ ਨੂੰ ਪ੍ਰਗਟ ਕਰਨ ਵਾਲੀ ਨਵੀਂ ਕਿਤਾਬ "ਸਿਖਨ ਕੋ ਦਿਉਂ ਪਾਤਸ਼ਾਹੀ" ਨੂੰ ਇਥੇ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਵਿਖੇ ਸਰਦਾਰ ਗੁਰਤੇਜ ਸਿੰਘ ਆਈ ਏ ਐਸ ਨੇ ਲੋਕ ਅਰਪਣ ਕੀਤਾ।



ਹਿੰਦੁਸਤਾਨੀ ਸਦੀਆਂ ਤੋਂ ਗ਼ੁਲਾਮ ਰਹੇ ਸਨ, ਜਿਸ ਕਰਕੇ ਉਨ੍ਹਾਂ ਦੀ ਘੋਰ ਦੁਰਦਸ਼ਾ ਹੁੰਦੀ ਰਹੀ ਸੀ। ਹਰ ਪਾਸੇ ਝੂਠ, ਬੁਜ਼ਦਿਲੀ ਅਤੇ ਜ਼ੁਲਮ ਫੈਲਿਆ ਹੋਇਆ ਸੀ। ਇਹਨਾਂ ਹਾਲਾਤਾਂ ਵਿਚ ਸਿੱਖ ਵਿਚਾਰਧਾਰਾ ਪੈਦਾ ਹੋਈ ਅਤੇ ਹੌਲੀ ਹੌਲੀ ਇਕ ਮੁਕੰਮਲ ਧਰਮ ਵਿਚ ਵਿਕਸਤ ਹੋ ਗਈ । ਗੁਰੂ ਗੋਬਿੰਦ ਸਿੰਘ ਨੇ ਸਿੱਖਾਂ ਦੀ ਇਕ ਵੱਖਰੀ ਕੌਮ ਕਾਇਮ ਕੀਤੀ ਅਤੇ ਇਸਨੂੰ ਸਦੀਵੀ ਚੜ੍ਹਦੀ ਕਲਾ ਅਤੇ ਅਣਥੱਕ ਸ਼ਕਤੀ ਬਖ਼ਸ਼ ਕੇ "ਪਾਤਸ਼ਾਹੀ" ਦੀ ਮੰਜ਼ਿਲ ਵੱਲ ਤੋਰ ਦਿੱਤਾ । ਸਿੱਖਾਂ ਨੇ ਸੌ ਸਾਲ ਘੋਰ ਸੰਘਰਸ਼ ਕੀਤਾ ਅਤੇ ਅਖ਼ੀਰ, ਮਹਾਰਾਜਾ ਰਣਜੀਤ ਸਿੰਘ ਦੇ ਅਧੀਨ ਅਪਣਾ ਸ਼ਾਨਦਾਰ ਰਾਜ ਕਾਇਮ ਕਰ ਲਿਆ ਅਤੇ ਉਸਦੀ ਮੌਤ ਪਿਛੋਂ ਰਾਜ ਖ਼ਤਮ ਹੋ ਗਿਆ।

ਕਾਂਗਰਸ, ਜੋ ਕਿ ਬਹੁ-ਗਿਣਤੀ ਹਿੰਦੂਆਂ ਦੀ ਨੁਮਾਇੰਦਾ ਜਮਾਤ ਸੀ, ਨੇ ਪਾਕਿਸਤਾਨ ਬਣਵਾ ਕੇ ਮੁਸਲਮਾਨ ਬਹੁ-ਗਿਣਤੀ ਵਾਲੇ ਇਲਾਕੇ ਬਾਹਰ ਕੱਢ ਦਿੱਤੇ, ਤਾਂ ਕਿ ਬਚਦੇ ਹਿੰਦੁਸਤਾਨ ਵਿਚ ਹਿੰਦੂ ਬਹੁ-ਗਿਣਤੀ ਰਾਜ ਕਾਇਮ ਕੀਤਾ ਜਾ ਸਕੇ। ਅੰਗਰੇਜ਼ ਜਾਣ ਤੋਂ ਪਹਿਲਾਂ ਸਿੱਖਾਂ ਦੇ "ਸਿਆਸੀ ਪੈਰ" ਲਾ ਕੇ ਉਹਨਾਂ ਦਾ ਭਵਿੱਖ ਮਹਿਫ਼ੂਜ਼ ਕਰਨਾ ਚਾਹੁੰਦੇ ਸਨ। ਪਰ ਸਿੱਖਾਂ ਦੇ ਮਹਾਂ ਮੂਰਖ ਲੀਡਰ ਕਾਂਗਰਸ ਦੇ ਟੇਟੇ ਚੜ੍ਹੇ ਹੋਏ ਸਨ ਅਤੇ ਉਹਨਾਂ ਨੇ ਆਪਣੀ ਕੌਮ ਦੇ ਭਵਿੱਖ ਦੀ ਕੋਈ ਪਰਵਾਹ ਨਾ ਕੀਤੀ।

ਸਤਲੁਜ ਜਮਨਾ ਨਹਿਰ, ਜੋ ਪੰਜਾਬ ਦੇ ਦਰਿਆਈ ਪਾਣੀਆਂ ਨੂੰ ਹਰਿਆਣੇ 'ਚ ਲਿਜਾਣ ਲਈ ਪੁੱਟੀ ਜਾ ਰਹੀ ਸੀ, ਨੂੰ ਰੋਕਣ ਵਾਸਤੇ ਅਕਾਲੀਆਂ ਨੇ ਮੋਰਚਾ ਸ਼ੁਰੂ ਕਰ ਦਿੱਤਾ। ਸਰਕਾਰ ਦੇ ਜ਼ੁਲਮ ਕਾਰਨ ਮੋਰਚਾ ਵੱਖਵਾਦੀ ਸ਼ਕਲ ਲੈ ਗਿਆ ਅਤੇ ਦਿਨ ਬਦਿਨ ਹਿੰਸਾ ਵਿਚ ਵਾਧਾ ਹੋਣ ਲੱਗਾ। ਸਿੱਖਾਂ ਦੀ ਲੀਡਰੀ ਸੰਤ ਭਿੰਡਰਾਂਵਾਲੇ ਦੇ ਹੱਥਾਂ ਵਿਚ ਚਲੀ ਗਈ। ਸੰਤ ਭਿੰਡਰਾਂਵਾਲੇ ਨੂੰ ਖ਼ਤਮ ਕਰਨਾ ਅਕਾਲੀਆਂ ਦੀ ਪਹਿਲੀ ਲੋੜ ਬਣ ਗਈ। ਉਧਰ ਸਾਰੀਆਂ ਹਿੰਦੂ ਪਾਰਟੀਆਂ ਫ਼ੌਜੀ ਕਾਰਵਾਈ ਕਰਨ ਲਈ ਕਾਂਵਾਂ ਰੌਲੀ ਪਾ ਰਹੀਆਂ ਸਨ। ਅਕਾਲੀਆਂ ਵੱਲੋਂ ਮਿਲਵਰਤਨ ਮਿਲ ਜਾਣ ਤੇ ਸੈਂਟਰ ਨੇ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਫੌਜੀ ਹਮਲਾ ਕਰ ਦਿੱਤਾ, ਜਿਸ ਵਿਚ ਭਾਰੀ ਤਬਾਹੀ ਤੋਂ ਇਲਾਵਾ ਵੱਡਾ ਕਤਲੇ-ਆਮ ਹੋਇਆ। ਸਿੱਖਾਂ ਦਾ ਗ਼ੁੱਸਾ ਇੰਦਰਾ ਗਾਂਧੀ ਦੇ ਕਤਲ ਦੇ ਰੂਪ ਵਿਚ ਨਿਕਲਿਆ, ਜਿਸ ਪਿੱਛੋਂ ਦਿੱਲੀ ਅਤੇ ਹੋਰ ਸ਼ਹਿਰਾਂ ਵਿਚ ਸਿੱਖਾਂ ਦੀ ਨਸਲਕੁਸ਼ੀ ਕੀਤੀ ਗਈ। ਲੌਂਗੋਵਾਲ ਨੇ ਰਾਜੀਵ ਗਾਂਧੀ ਨਾਲ ਸਮਝੌਤਾ ਕਰਕੇ ਬਰਨਾਲਾ ਮਨਿਸਟਰੀ ਬਦਲੇ ਪੰਜਾਬ ਦਾ ਪਾਣੀ ਵੇਚ ਦਿੱਤਾ। ਹੁਣ ਅਕਾਲੀ ਲੀਡਰਾਂ ਨੇ ਅਪਣੀ ਤਾਕਤ ਬਹਾਲ ਕਰਨ ਲਈ ਜੁਝਾਰੂ ਸਿੱਖ ਨੌਜਵਾਨਾਂ ਨੂੰ ਅਪਣੇ ਰਸਤੇ ਵਿਚੋਂ ਹਟਾਉਣ ਦਾ ਮਨਸੂਬਾ ਬਣਾ ਲਿਆ। ਬੜੀ ਚਲਾਕੀ ਨਾਲ ਉਨ੍ਹਾਂ ਨੇ 1992 ਵਿਚ ਬੇਅੰਤ ਸਿੰਘ ਦੀ ਕਾਂਗਰਸ ਸਰਕਾਰ ਬਣਵਾ ਦਿੱਤੀ ਜਿਸ ਨੇ ਹਜ਼ਾਰਾਂ ਸਿੱਖ ਨੌਜਵਾਨਾਂ ਨੂੰ ਤਸੀਹੇ ਦਿਤੇ ਅਤੇ ਮਾਰ ਮੁਕਾਇਆ। ਵੱਖਵਾਦੀ ਲਹਿਰ ਕੁਚਲ ਦਿੱਤੀ ਗਈ। ਪਰ ਗੁਰੂ ਸਾਹਿਬ ਨੇ ਸਿੱਖਾਂ ਦੀ ਜਿਹੜੀ ਤਕਦੀਰ ਨਿਸ਼ਚਿਤ ਕਰ ਦਿੱਤੀ ਹੈ, ਉਸਨੂੰ ਕੋਈ ਮੇਟਣਹਾਰ ਨਹੀਂ। ਉਦੋਂ ਤੋਂ ਅਕਾਲੀ ਅਤੇ ਕਾਂਗਰਸ ਵਾਰੀ ਵਾਰੀ ਰਾਜ ਕਰ ਰਹੇ ਹਨ ਅਤੇ ਅਪਣਾ ਅਪਣਾ ਚਾਕੂ ਚਲਾ ਰਹੇ ਹਨ। ਮੁਲਕ ਵਿਚ ਚੱਲ ਰਹੇ ਹਾਲਾਤਾਂ ਦੇ ਮੱਦੇ ਨਜ਼ਰ ਭਵਿੱਖ ਚੰਗਾ ਨਹੀਂ ਦਿਸਦਾ।

ਇਹ ਕਿਤਾਬ ਕਈ ਵੱਡੇ ਝੂਠਾਂ ਅਤੇ ਧੋਖਿਆਂ ਨੂੰ ਨੰਗਾ ਕਰਦੀ ਹੈ। ਇਸ ਲਈ ਕਈਆਂ ਨੂੰ ਚੰਗੀ ਨਹੀਂ ਲੱਗੇਗੀ। ਪਰ ਜਿਨ੍ਹਾਂ ਦੀਆਂ ਭਾਵਨਾਵਾਂ ਸਿੱਖੀ ਨਾਲ ਜੁੜੀਆ ਹੋਈਆਂ ਹਨ, ਉਹਨਾਂ ਨੂੰ ਜ਼ਰੂਰ ਪਸੰਦ ਆਵੇਗੀ। ਇਹ ਸਿੱਖਾਂ ਨੂੰ ਅਪਣਾ ਅਜ਼ੀਮ ਵਿਰਸਾ ਅਤੇ ਅਸਲੀ ਮੰਜ਼ਲ ਯਾਦ ਕਰਾਏਗੀ।

**ਕਿਤਾਬ ਦਾ ਨਾਂ :** ਸਿਖਨ ਕੋ ਦਿਊਂ ਪਾਤਸ਼ਾਹੀ
ਲੇਖਕ: ਹਰ ਜਗਮੰਦਰ ਸਿੰਘ (ਫੋਨ - 9872791425)
**ਪ੍ਰਕਾਸ਼ਕ :** ਸਿੰਘ ਬ੍ਰਦਰਜ਼ ਅੰਮ੍ਰਿਤਸਰ
(ਫੋਨ - 9915048005) **ਸਫ਼ੇ :** 307
**ਕੀਮਤ :** 400 ਰੁਪਏ

# 2 ਜੀ ਘੁਟਾਲੇ ਦੇ ਕੇਸ ਦੀ ਨਿਕਲੀ ਫੂਕ

## *ਮੁੱਖ ਮੁਲਜ਼ਮ ਰਾਜਾ ਤੇ ਕਨੀਮੋਝੀ ਸਮੇਤ ਸਾਰੇ ਮੁਲਜ਼ਮ ਬਾਇਤਜ਼ਤ ਬਰੀ*

### ਕੋਈ ਸਬੂਤ ਪੇਸ਼ ਨਾ ਕਰਨ ਬਦਲੇ ਵਿਸ਼ੇਸ਼ ਜੱਜ ਵਲੋਂ ਸੀ ਬੀ ਆਈ ਦੀ ਖਿੱਚਾਈ





**ਨਵੀਂ ਦਿੱਲੀ/ਬਿਊਰੋ ਨਿਊਜ਼:**
ਭਾਰਤ ਦੇ ਬਹੁ ਚਰਚਿਤ 2ਜੀ ਘੁਟਾਲੇ, ਜਿਸ ਨੇ ਮਨਮੋਹਨ ਸਿੰਘ ਅਗਵਾਈ ਵਾਲੀ ਯੂਪੀਏ-2 ਸਰਕਾਰ ਦੀਆਂ ਚੂਲਾਂ ਹਿਲਾ ਦਿੱਤੀਆਂ ਸਨ, ਦੇ ਕੇਸ ਵਿੱਚੋਂ ਵਿਸ਼ੇਸ਼ ਸੀਬੀਆਈ ਅਦਾਲਤ ਨੇ ਵੀਰਵਾਰ ਨੂੰ ਸਾਬਕਾ ਟੈਲੀਕਾਮ ਮੰਤਰੀ ਏ ਰਾਜਾ, ਡੀਐਮਕੇ ਸੰਸਦ ਮੈਂਬਰ ਕਨੀਮੋਝੀ ਅਤੇ ਹੋਰ ਸਾਰੇ ਮੁਲਜ਼ਮਾਂ ਨੂੰ ਬਰੀ ਕਰਦਿਆਂ ਕਿਹਾ ਕਿ ਇਸਤਗਾਸਾ ਧਿਰ ਭ੍ਰਿਸ਼ਟਾਚਾਰ ਤੇ ਕਾਲੇ ਧਨ ਨੂੰ ਸਫੈਦ ਕਰਨ ਦੇ ਦੋਸ਼ਾਂ ਨੂੰ ਸਾਬਿਤ ਕਰਨ ਵਿੱਚ ਬੁਰੀ ਤਰ੍ਹਾਂ ਨਾਕਾਮ' ਰਹੀ ਹੈ। ਦੱਸਣਯੋਗ ਹੈ ਕਿ 2014 ਲੋਕ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਵੱਲੋਂ ਚੋਣ ਪ੍ਰਚਾਰ ਦੌਰਾਨ ਇਸ ਮਾਮਲੇ ਨੂੰ ਵੱਡੇ ਪੱਧਰ 'ਤੇ ਉਭਾਰਿਆ ਸੀ।

ਪਟਿਆਲਾ ਹਾਊਸ ਅੰਦਰ ਖਚਾ-ਖਚਾ ਭਰੇ ਅਦਾਲਤੀ ਕਮਰੇ 'ਚ 2ਜੀ ਘੁਟਾਲੇ ਨਾਲ ਸਬੰਧਤ ਤਿੰਨ ਵੱਖ ਵੱਖ ਕੇਸਾਂ 'ਤੇ ਫ਼ੈਸਲਾ ਸੁਣਾਉਂਦਿਆਂ ਵਿਸ਼ੇਸ਼ ਸੀਬੀਆਈ ਜੱਜ ਓਪੀ ਸੈਣੀ ਨੇ ਕਿਹਾ, ਮੈਨੂੰ ਇਹ ਕਹਿਣ 'ਚ ਭੋਰਾ ਵੀ ਝਿਜਕ ਨਹੀਂ ਹੈ ਕਿ ਇਸਤਗਾਸਾ ਧਿਰ ਕਿਸੇ ਵੀ ਮੁਲਜ਼ਮ ਖ਼ਿਲਾਫ਼ ਕੋਈ ਵੀ ਦੋਸ਼ ਸਾਬਿਤ ਕਰਨ ਵਿੱਚ ਬੁਰੀ ਤਰ੍ਹਾਂ ਨਾਕਾਮ ਰਹੀ ਹੈ।' ਮਨਮਾਨੇ ਢੰਗ ਨਾਲ 2ਜੀ ਲਾਇਸੈਂਸ ਜਾਰੀ ਕਰਕੇ ਸਰਕਾਰੀ ਖ਼ਜ਼ਾਨੇ ਨੂੰ ਵੱਡਾ ਘਾਟਾ ਪਾਉਣ ਦੇ ਅਨੁਮਾਨ ਲਾਉਣ ਵਾਲੀ ਸੀਬੀਆਈ ਅਤੇ ਕੈਗ ਲਈ ਇਹ ਫ਼ੈਸਲਾ ਵੱਡਾ ਝਟਕਾ ਹੈ। ਮੁੱਖ ਕੇਸ 'ਚ 1552 ਸਫਿਆਂ ਦੇ ਫੈਸਲੇ 'ਚ ਜੱਜ ਸੈਣੀ ਨੇ ਕਿਹਾ ਕਿ ਕੁੱਝ ਵਿਅਕਤੀਆਂ ਨੇ 'ਚਲਾਕੀ ਨਾਲ' ਕੁੱਝ ਚੋਣਵੇਂ ਤੱਥ ਇਕੱਠੇ ਕੀਤੇ ਅਤੇ ਘੁਟਾਲਾ ਬਣਾ ਦਿੱਤਾ, ਜੋ ਅਸਲ 'ਚ ਹੈ ਹੀ ਨਹੀਂ'। ਇਸ ਕੇਸ ਵਿੱਚ ਤਿੰਨ ਕਾਰਪੋਰੇਟ ਕੰਪਨੀਆਂ ਨੂੰ ਨਾਮਜ਼ਦ ਕਰਨ ਤੋਂ ਇਲਾਵਾ ਰਾਜਾ ਤੇ ਕਨੀਮੋਝੀ ਸਮੇਤ 17 ਮੁਲਜ਼ਮ ਸਨ। ਤਿੰਨ ਫ਼ੈਸਲਿਆਂ, ਜਿਨ੍ਹਾਂ ਦੇ ਇਕੱਠੇ 2183 ਸਫੇ ਬਣਦੇ ਹਨ, ਵਿੱਚ ਈਡੀ ਦੇ ਕਾਲੇ ਧਨ ਨਾਲ ਸਬੰਧਤ ਕੇਸ ਨੂੰ ਵੀ ਰੱਦ ਕਰ ਦਿੱਤਾ ਗਿਆ। ਈਡੀ ਦੀ ਚਾਰਜਸ਼ੀਟ ਵਿੱਚ 19 ਮੁਲਜ਼ਮ ਸਨ, ਜਿਨ੍ਹਾਂ 'ਚੋਂ ਕੁੱਝ ਦੇ ਨਾਂ ਸੀਬੀਆਈ ਦੇ ਦੋਸ਼ ਪੱਤਰ ਵਿੱਚ ਵੀ ਸਨ।

ਅਦਾਲਤੀ ਫ਼ੈਸਲੇ ਦੇ ਨਾਲ ਹੀ ਭਾਜਪਾ ਤੇ ਵਿਰੋਧੀ ਧਿਰ ਦਰਮਿਆਨ ਸਿਆਸੀ ਜੰਗ ਛਿੜ ਗਈ ਹੈ। ਇਸ ਫ਼ੈਸਲੇ ਤੋਂ ਬਾਗੋਬਾਗ ਕਾਂਗਰਸ ਤੇ ਡੀਐਮਕੇ ਨੇ ਕਿਹਾ ਕਿ ਅਖ਼ੀਰ ਸੱਚ ਦੀ ਜਿੱਤ ਹੋਈ ਹੈ। ਡਾ. ਮਨਮੋਹਨ ਸਿੰਘ ਨੇ ਕਿਹਾ ਕਿ ਅਦਾਲਤੀ ਫ਼ੈਸਲੇ ਦਾ ਸਨਮਾਨ ਕੀਤੇ ਜਾਣ ਦੀ ਲੋੜ ਹੈ ਕਿਉਂਕਿ ਇਸ 'ਚ ਕਿਹਾ ਗਿਆ ਹੈ ਕਿ ਉਨ੍ਹਾਂ ਦੀ ਸਰਕਾਰ ਖ਼ਿਲਾਫ਼ ਬਿਨਾਂ ਕਿਸੇ ਆਧਾਰ ਦੇ ਵੱਡੇ ਪੱਧਰ 'ਤੇ ਕੂੜ-ਪ੍ਰਚਾਰ ਕੀਤਾ ਗਿਆ ਸੀ। ਕਾਂਗਰਸ ਦੇ ਤਰਜਮਾਨ ਰਣਦੀਪ ਸੁਰਜੇਵਾਲਾ ਨੇ ਪੁੱਛਿਆ, 'ਕੀ ਪ੍ਰਧਾਨ ਮੰਤਰੀ ਮੋਦੀ, ਅਰੁਣ ਜੇਤਲੀ ਸਮੇਤ ਹੋਰ ਸਾਰੇ ਲੋਕ, ਜੋ ਵਰ੍ਹਿਆਂ ਤਕ ਕੂੜ ਪ੍ਰਚਾਰ ਕਰਦੇ ਰਹੇ ਅਤੇ ਝੂਠ ਦੇ ਸਿਰ 'ਤੇ ਸੱਤਾ 'ਚ ਆਏ, ਹੁਣ ਦੇਸ਼ ਤੋਂ ਮੁਆਫ਼ੀ ਮੰਗਣਗੇ ?' ਇਸ ਦੇ ਜਵਾਬ 'ਚ ਵਿੱਤ ਮੰਤਰੀ ਅਰੁਣ ਜੇਤਲੀ ਨੇ ਕਿਹਾ ਕਿ ਕਾਂਗਰਸ ਨੂੰ 2ਜੀ ਫ਼ੈਸਲੇ ਨੂੰ 'ਸਨਮਾਨ ਵਾਲਾ ਤਗ਼ਮਾ' ਨਹੀਂ ਸਮਝਣਾ ਚਾਹੀਦਾ।

ਫ਼ੈਸਲਾ ਸੁਣਾਏ ਜਾਣ ਬਾਅਦ ਅਦਾਲਤ ਦੇ ਕਮਰੇ ਬਾਹਰ ਇਕੱਤਰ ਹੋਏ ਰਾਜਾ ਤੇ ਕਨੀਮੋਝੀ ਦੇ ਵੱਡੀ ਗਿਣਤੀ ਸਮਰਥਕ ਖ਼ੁਸ਼ੀ 'ਚ ਝੂਮ ਉੱਠੇ। ਡੀਐਮਕੇ ਸੁਪਰੀਮੋ ਐਮ ਕਰੁਣਾਨਿਧੀ ਦੀ ਧੀ ਕਨੀਮੋਝੀ ਨੇ ਕਿਹਾ, ਮੇਰੇ ਖ਼ਿਲਾਫ਼ ਕੋਈ ਸਬੂਤ ਨਹੀਂ ਹੈ ਤੇ ਇਨਸਾਫ ਹੋਇਆ ਹੈ।' ਰਾਜਾ ਨੇ ਕਿਹਾ, ਤੁਸੀਂ ਦੇਖੋ ਸਾਰੇ ਖ਼ੁਸ਼ ਹਨ।' ਦੱਸਣਯੋਗ ਹੈ ਕਿ ਸ੍ਰੀ ਰਾਜਾ ਯੂਪੀਏ ਸਰਕਾਰ 'ਚ ਟੈਲੀਕਾਮ ਮੰਤਰੀ ਸਨ ਜਦੋਂ 2008 'ਚ ਅੱਠ ਕੰਪਨੀਆਂ ਨੂੰ ਪਹਿਲਾਂ ਆਓ ਪਹਿਲਾਂ ਪਾਓ' ਨੀਤੀ ਦੇ ਆਧਾਰ 'ਤੇ 122 ਸਪੈਕਟਰਮ ਲਾਇਸੈਂਸ ਜਾਰੀ ਕੀਤੇ ਗਏ ਸਨ। ਰਾਜਾ ਤੇ ਕਨੀਮੋਝੀ ਤੋਂ ਇਲਾਵਾ ਸੀਬੀਆਈ ਦੇ ਮੁੱਖ ਕੇਸ 'ਚੋਂ ਜਿਨ੍ਹਾਂ ਨੂੰ ਕਲੀਨ ਚਿੱਟ ਦਿੱਤੀ ਗਈ ਹੈ, ਉਨ੍ਹਾਂ ਵਿੱਚ ਸਾਬਕਾ ਟੈਲੀਕਾਮ ਸਕੱਤਰ ਸਿਧਾਰਥ ਬੇਹੂਰਾ, ਰਾਜਾ ਦੇ ਤਤਕਾਲੀ ਪ੍ਰਾਈਵੇਟ ਸਕੱਤਰ ਆਰਕੇ ਚੰਦੋਲੀਆ, ਸਵੈਨ ਟੈਲੀਕਾਮ ਪ੍ਰੋਮੋਟਰਜ਼ ਸ਼ਾਹਿਦ ਉਸਮਾਨ ਬਲਵਾ ਤੇ ਵਿਨੋਦ ਗੋਇਨਕਾ, ਯੂਨੀਟੈਕ ਲਿਮ. ਦੇ ਐਮਡੀ ਸੰਜੈ ਚੰਦਰਾ ਤੇ ਰਿਲਾਇੰਸ ਅਨਿਲ ਧੀਰੂਭਾਈ ਅੰਬਾਨੀ ਗਰੁੱਪ ਦੇ ਤਿੰਨ ਸਿਖਰਲੇ ਅਧਿਕਾਰੀਆਂ ਸਮੇਤ ਹੋਰ ਸ਼ਾਮਲ ਹਨ।

### ਸੀਬੀਆਈ ਹਾਈ ਕੋਰਟ 'ਚ ਦੇਵੇਗੀ ਚੁਣੌਤੀ

ਈਡੀ ਤੇ ਸੀਬੀਆਈ ਨੇ ਕਿਹਾ ਕਿ ਉਹ ਇਨ੍ਹਾਂ ਫ਼ੈਸਲਿਆਂ ਨੂੰ ਦਿੱਲੀ ਹਾਈ ਕੋਰਟ 'ਚ ਚੁਣੌਤੀ ਦੇਣਗੇ। ਸੀਬੀਆਈ ਦੇ ਤਰਜਮਾਨ ਅਭਿਸ਼ੇਕ ਦਿਆਲ ਨੇ ਕਿਹਾ ਕਿ ਸੀਬੀਆਈ ਵੱਲੋਂ ਵਿਸ਼ੇਸ਼ ਅਦਾਲਤ ਦੇ ਫ਼ੈਸਲੇ ਖ਼ਿਲਾਫ਼ ਅਪੀਲ ਪਾਈ ਜਾਵੇਗੀ। ਉਨ੍ਹਾਂ ਦਲੀਲ ਦਿੱਤੀ ਕਿ ਇਸਤਗਾਸਾ ਧਿਰ ਦੇ ਦੋਸ਼ਾਂ ਨੂੰ ਢੁਕਵੇਂ ਸੰਦਰਭ 'ਚ ਨਹੀਂ ਵਿਚਾਰਿਆ ਗਿਆ'।

## ਕਲੀਨ ਚਿੱਟ ਪਿੱਛੇ ਮੋਦੀ ਦਾ ਹੱਥ : ਆਪ

**ਨਵੀਂ ਦਿੱਲੀ/ਬਿਊਰੋ ਨਿਊਜ਼:** '2-ਜੀ' ਮਾਮਲੇ ਵਿੱਚ ਸਾਬਕਾ ਟੈਲੀਕਾਮ ਮੰਤਰੀ ਏ. ਰਾਜਾ ਤੇ ਕਨੀਮੋਝੀ ਸਣੇ ਦੂਜੇ ਕਥਿਤ ਮੁਲਜ਼ਮਾਂ ਨੂੰ ਸੀਬੀਆਈ ਅਦਾਲਤ ਵੱਲੋਂ ਜੋ ਕਲੀਨ ਚਿੱਟ ਦਿੱਤੀ ਗਈ ਹੈ, ਉਸ ਵਿੱਚ ਮੋਦੀ ਸਰਕਾਰ ਦੀ ਮੁੱਖ ਭੂਮਿਕਾ ਹੈ। ਸੀਬੀਆਈ ਨੇ ਅਦਾਲਤ ਵਿੱਚ ਕਈ ਅਹਿਮ ਸਬੂਤ ਪੇਸ਼ ਨਹੀਂ ਕੀਤੇ ਹਨ ਜਿਸ ਕਰਕੇ ਸਾਰੇ ਲੋਕ ਬਰੀ ਹੋ ਗਏ। ਇਹ ਦੋਸ਼ ਲਾਉਂਦਿਆਂ ਆਪ' ਨੇ ਸੀਬੀਆਈ ਨੂੰ ਨਾਕਾਮ ਕਰਾਰ ਦਿੱਤਾ।

ਪਾਰਟੀ ਬੁਲਾਰੇ ਆਸ਼ੂਤੋਸ਼ ਨੇ ਮੀਡੀਆ ਕਾਨਫਰੰਸ ਦੌਰਾਨ ਕਿਹਾ ਕਿ 2-ਜੀ ਮਾਮਲੇ ਵਿੱਚ ਜਿਵੇਂ ਏ. ਰਾਜਾ ਤੇ ਕਨੀਮੋਝੀ ਸਣੇ ਹੋਰਨਾਂ ਨੂੰ ਅਦਾਲਤ ਨੇ ਕਲੀਨ ਚਿੱਟ ਦਿੱਤੀ ਹੈ ਉਸ ਤੋਂ ਸੀਬੀਆਈ ਦੀ ਨਾਕਾਮੀ ਨਜ਼ਰ ਆ ਰਹੀ ਹੈ। ਉਨ੍ਹਾਂ ਕਿਹਾ ਕਿ ਅਦਾਲਤ ਨੇ ਸਖ਼ਤ ਟਿੱਪਣੀ ਕੀਤੀ ਕਿ ਸੀਬੀਆਈ ਕੋਈ ਵੀ ਸਬੂਤ ਪੇਸ਼ ਕਰਨ ਵਿੱਚ ਨਾਕਾਮ ਰਹੀ ਹੈ ਤੇ ਸਬੂਤਾਂ ਦੀ ਅਣਹੋਂਦ ਕਾਰਨ ਮੁਲਜ਼ਮ ਬਰੀ ਹੋ ਗਏ। ਉਨ੍ਹਾਂ ਸਵਾਲ ਕੀਤਾ ਕਿ ਪਿਛਲੇ ਸਾਢੇ ਤਿੰਨ ਸਾਲ ਦੌਰਾਨ ਮੋਦੀ ਸਰਕਾਰ ਦੇ ਕਾਰਜਕਾਲ ਦੌਰਾਨ ਸੀਬੀਆਈ ਇੱਕ ਵੀ ਸਬੂਤ 2-ਜੀ ਮਾਮਲੇ ਵਿੱਚ ਕਿਉਂ ਨਹੀਂ ਲੱਭ ਸਕੀ। ਉਨ੍ਹਾਂ ਕਿਹਾ ਕਿ ਯੂਪੀਏ ਸਰਕਾਰ ਵੇਲੇ ਕੋਈ ਕਾਰਵਾਈ ਨਹੀਂ ਸੀ ਹੋਈ ਤਾਂ ਅਜਿਹੀ ਕੀ ਮਜਬੂਰੀ ਮੋਦੀ ਸਰਕਾਰ ਦੀ ਰਹੀ ਕਿ ਉਨ੍ਹਾਂ ਦੇ ਕਾਰਜਕਾਲ ਦੌਰਾਨ ਸੀਬੀਆਈ ਨੇ ਹੋਰ ਵਾਧੂ ਦੋਸ਼ ਪੱਤਰ ਤਕ ਦਾਖ਼ਲ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਸਾਬਕਾ ਸੀਬੀਆਈ ਮੁਖੀ ਏ.ਪੀ. ਸਿੰਘ ਨੇ ਸਾਹਮਣੇ ਆ ਕੇ ਬਿਆਨ ਦਿੱਤਾ ਹੈ ਕਿ ਇਸ ਮਾਮਲੇ ਵਿੱਚ ਸੀਬੀਆਈ ਕੋਲ ਏ. ਰਾਜਾ ਖ਼ਿਲਾਫ਼ ਕਾਫ਼ੀ ਸਬੂਤ ਸਨ ਤੇ ਸੁਪਰੀਮ ਕੋਰਟ ਨੇ ਵੀ ਵੱਡੇ ਪੁਖ਼ਤਾ ਸਬੂਤਾਂ ਦੇ ਆਧਾਰ 'ਤੇ ਵੀ 2-ਜੀ ਆਲਟਮੈਂਟ ਰੱਦ ਕੀਤੀ ਸੀ ਤਾਂ ਫਿਰ ਪ੍ਰਧਾਨ ਮੰਤਰੀ ਨੂੰ ਅਜਿਹੀ ਕੀ ਮਜਬੂਰੀ ਸੀ ਕਿ ਸੀਬੀਆਈ ਕੋਲ ਪਿਛਲੇ ਸਾਢੇ ਤਿੰਨ ਸਾਲ ਵਿੱਚ ਕੋਈ ਸਬੂਤ ਨਹੀਂ ਮਿਲਿਆ। ਸ੍ਰੀ ਆਸ਼ੂਤੋਸ਼ ਨੇ ਕਿਹਾ ਕਿ ਪ੍ਰਧਾਨ ਮੰਤਰੀ ਤੇ ਡੀਐਮਕੇ ਮੁਖੀ ਕਰੁਣਾਨਿਧੀ ਵਿੱਚ ਮੁਲਾਕਾਤ ਹੋਈ ਸੀ, ਦੇਸ਼ ਜਾਨਣਾ ਚਾਹੁੰਦਾ ਹੈ ਕਿ ਕਿਤੇ ਸ੍ਰੀ ਮੋਦੀ ਦੀ ਡੀਐਮਕੇ ਆਗੂਆਂ ਨਾਲ ਕੋਈ ਡੀਲ ਤਾਂ ਨਹੀਂ ਹੋਈ। ਉਨ੍ਹਾਂ ਪ੍ਰਧਾਨ ਮੰਤਰੀ ਤੋਂ ਚਾਰ ਸਵਾਲ ਵੀ ਪੁੱਛੇ ਹਨ ਕਿ ਪ੍ਰਧਾਨ ਮੰਤਰੀ ਸੰਸਦ ਵਿੱਚ ਆ ਕੇ ਦੱਸਣ ਕਿ ਆਖ਼ਰ ਕਿਉਂ ਉਨ੍ਹਾਂ ਦੀ ਸਰਕਾਰ ਅਧੀਨ ਕੰਮ ਕਰਦੀ ਸੀਬੀਆਈ ਪਿਛਲੇ ਸਾਲਾਂ ਦੌਰਾਨ ਕੋਈ ਸਬੂਤ ਕਿਉਂ ਨਹੀਂ ਕਰ ਪਾਈ। ਭਾਜਪਾ ਦੇ ਆਗੂਆਂ ਦੀ ਕਥਿਤ ਭ੍ਰਿਸ਼ਟਾਚਾਰੀਆਂ ਨੂੰ ਕਲੀਨ ਚਿੱਟ ਦਿਵਾਉਣ ਵਿੱਚ ਕੀ ਸਮਝੌਤਾ ਹੋਇਆ, ਸੀਬੀਆਈ ਜੇ ਸਬੂਤ ਨਹੀਂ ਲੱਭ ਪਾਈ ਤਾਂ ਕੀ ਭਾਜਪਾ ਇਹ ਮੰਨਦੀ ਹੈ ਕਿ ਕੋਈ ਘੋਟਾਲਾ ਨਹੀਂ ਹੋਇਆ। ਉਨ੍ਹਾਂ ਪੁੱਛਿਆ ਕਿ ਕੀ ਕੇਂਦਰ ਸਰਕਾਰ ਸੀਬੀਆਈ ਦੇ ਉਨ੍ਹਾਂ ਨਾਕਾਮ ਅਧਿਕਾਰੀਆਂ ਖ਼ਿਲਾਫ਼ ਕੋਈ ਕਾਰਵਾਈ ਕਰੇਗੀ ਜੋ ਸਾਢੇ 3 ਸਾਲ ਦੌਰਾਨ ਕੋਈ ਸਬੂਤ ਨਹੀਂ ਲੱਭ ਸਕੇ।

# ਵਰ੍ਹਿਆਂ ਪੁਰਾਣੇ ਚਾਰਾ ਘੁਟਾਲੇ 'ਚ ਲਾਲੂ ਪ੍ਰਸ਼ਾਦ ਯਾਦਵ ਨੂੰ ਅਦਾਲਤ ਨੇ ਦੋਸ਼ੀ ਐਲਾਨਿਆ

## *ਹਿਰਾਸਤ ਵਿੱਚ ਲੈ ਕੇ ਬਿਰਸਾ ਮੁੰਡਾ ਜੇਲ੍ਹ ਭੇਜਿਆ, ਸਾਬਕਾ ਮੁੱਖ ਮੰਤਰੀ ਜਗਨਨਾਥ ਮਿਸ਼ਰਾ ਸਮੇਤ ਛੇ ਜਣੇ ਬਰੀ*

**ਰਾਂਚੀ/ਬਿਊਰੋ ਨਿਊਜ਼:** ਸੀਬੀਆਈ ਦੀ ਵਿਸ਼ੇਸ਼ ਅਦਾਲਤ ਨੇ 21 ਸਾਲ ਪੁਰਾਣੇ ਚਾਰਾ ਘੁਟਾਲਾ ਮਾਮਲੇ ਵਿੱਚ ਬਿਹਾਰ ਦੇ ਸਾਬਕਾ ਮੁੱਖ ਮੰਤਰੀ ਤੇ ਰਾਸ਼ਟਰੀ ਜਨਤਾ ਦਲ (ਆਰਜੇਡੀ) ਮੁਖੀ ਲਾਲੂ ਪ੍ਰਸਾਦ ਯਾਦਵ ਤੇ 15 ਹੋਰਨਾਂ ਨੂੰ ਦੋਸ਼ੀ ਕਰਾਰ ਦਿੱਤਾ ਹੈ। ਅਦਾਲਤ ਨੇ ਸਾਬਕਾ ਮੁੱਖ ਮੰਤਰੀ ਜਗਨਨਾਥ ਮਿਸ਼ਰਾ ਸਮੇਤ ਛੇ ਜਣਿਆਂ ਨੂੰ ਬਰੀ ਕਰ ਦਿੱਤਾ ਹੈ। ਫ਼ੈਸਲੇ ਤੋਂ ਫ਼ੌਰੀ ਮਗਰੋਂ ਪੁਲੀਸ ਨੇ ਲਾਲੂ ਨੂੰ ਹਿਰਾਸਤ ਵਿੱਚ ਲੈ ਲਿਆ। ਦੋਸ਼ੀਆਂ ਲਈ ਸਜ਼ਾ ਦਾ ਐਲਾਨ ਤਿੰਨ ਜਨਵਰੀ ਨੂੰ ਕੀਤਾ ਜਾਵੇਗਾ। ਸੀਬੀਆਈ ਅਦਾਲਤ ਵੱਲੋਂ ਸੁਣਾਇਆ ਫ਼ੈਸਲਾ ਆਰਜੇਡੀ ਲਈ ਵੱਡਾ ਝਟਕਾ ਹੈ। ਚਾਰਾ ਘੁਟਾਲੇ ਨਾਲ ਜੁੜਿਆ ਇਹ ਮਾਮਲਾ ਸਾਲ 1991 ਤੋਂ 1994 ਦਰਮਿਆਨ ਦਿਓਗੜ੍ਹ ਟਰੈਜ਼ਰੀ 'ਚੋਂ ਧੋਖੇ ਨਾਲ 89.27 ਲੱਖ ਰੁਪਏ ਕਢਾਏ ਜਾਣ ਨਾਲ ਸਬੰਧਤ ਹੈ। ਆਰਜੇਡੀ ਆਗੂ ਰਘੂਵੰਸ਼ ਪ੍ਰਸਾਦ ਸਿੰਘ ਨੇ ਕਿਹਾ ਕਿ ਉਹ ਫ਼ੈਸਲੇ ਖ਼ਿਲਾਫ਼ ਹਾਈ ਕੋਰਟ ਜਾਣਗੇ। ਇਸ ਤੋਂ ਪਹਿਲਾਂ ਵਿਸ਼ੇਸ਼ ਸੀਬੀਆਈ ਜੱਜ ਸ਼ਿਵਪਾਲ ਯਾਦਵ ਨੇ ਖਚਾਖੱਚ ਭਰੀ ਅਦਾਲਤ ਵਿੱਚ ਅੱਜ ਜਿਵੇਂ ਹੀ ਸਾਬਕਾ ਮੁੱਖ ਮੰਤਰੀ ਲਾਲੂ ਪ੍ਰਸਾਦ ਯਾਦਵ ਤੇ 15 ਹੋਰਨਾਂ ਨੂੰ ਦੋਸ਼ੀ ਐਲਾਨਿਆ ਤਾਂ ਪੁਲੀਸ ਨੇ ਇਨ੍ਹਾਂ ਨੂੰ ਫ਼ੌਰੀ ਹਿਰਾਸਤ ਵਿੱਚ ਲੈ ਲਿਆ। ਇਸ ਮੌਕੇ ਲਾਲੂ ਯਾਦਵ (69) ਦਾ ਪੁੱਤਰ ਤੇ ਬਿਹਾਰ ਅਸੈਂਬਲੀ ਵਿੱਚ ਵਿਰੋਧੀ ਧਿਰ ਦਾ ਆਗੂ ਤੇਜੱਸਵੀ ਯਾਦਵ ਵੀ ਅਦਾਲਤ ਵਿੱਚ ਮੌਜੂਦ ਸੀ। ਸੀਬੀਆਈ ਸੂਤਰਾਂ ਮੁਤਾਬਕ ਲਾਲੂ ਤੇ ਹੋਰਨਾਂ ਨੂੰ ਬਿਰਸਾ ਮੁੰਡਾ ਜੇਲ੍ਹ ਲਿਜਾਇਆ ਗਿਆ ਹੈ। ਇਹਤਿਆਤ ਵਜੋਂ ਜੇਲ੍ਹ ਦੀ ਸੁਰੱਖਿਆ ਵਧਾ ਦਿੱਤੀ ਗਈ ਹੈ।



**ਅਦਾਲਤ ਵੱਲੋਂ ਦੋਸ਼ੀ ਠਹਿਰਾਏ ਜਾਣ ਤੋਂ ਬਾਅਦ ਲਾਲੂ ਪ੍ਰਸਾਦ ਯਾਦਵ ਨੂੰ ਜੇਲ੍ਹ ਲਿਜਾ ਰਹੇ ਪੁਲੀਸ ਮੁਲਾਜ਼ਮ।**

### ਲਾਲੂ ਦੀ ਧੀ ਮੀਸਾ ਭਾਰਤੀ ਖ਼ਿਲਾਫ਼ ਚਾਰਜਸ਼ੀਟ

ਨਵੀਂ ਦਿੱਲੀ: ਰਾਸ਼ਟਰੀ ਜਨਤਾ ਦਲ ਦੇ ਮੁਖੀ ਲਾਲੂ ਪ੍ਰਸਾਦ ਦੀ ਧੀ ਮੀਸਾ ਭਾਰਤੀ ਅਤੇ ਉਸ ਦੇ ਪਤੀ ਸ਼ੈਲੇਸ਼ ਕੁਮਾਰ ਖ਼ਿਲਾਫ਼ ਕਾਲੇ ਧਨ ਨੂੰ ਸਫ਼ੇਦ ਬਣਾਉਣ ਦੇ ਦੋਸ਼ ਹੇਠ ਅੱਜ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਚਾਰਜਸ਼ੀਟ ਦਾਖ਼ਲ ਕਰ ਦਿੱਤੀ ਹੈ। ਇਸ ਤੋਂ ਪਹਿਲਾਂ ਜਾਂਚ ਏਜੰਸੀ ਨੇ ਦਿੱਲੀ ਦੇ ਫਾਰਮ ਹਾਊਸ ਨੂੰ ਕੁਰਕ ਕਰ ਲਿਆ ਸੀ। ਈਡੀ ਦਾ ਦੋਸ਼ ਹੈ ਕਿ ਇਹ ਫਾਰਮ ਹਾਊਸ 2008-09 'ਚ 1.2 ਕਰੋੜ ਰੁਪਏ ਦੇ ਕਾਲੇ ਧਨ ਦੀ ਵਰਤੋਂ ਕਰਦਿਆਂ ਖ਼ਰੀਦਿਆ ਗਿਆ ਸੀ। ਏਜੰਸੀ ਮੁਤਾਬਕ ਦੱਖਣੀ ਦਿੱਲੀ ਦੇ ਬਿਜਵਾਸਨ ਇਲਾਕੇ 'ਚ ਪੈਂਦਾ 26 ਪਾਲਮ ਫਾਰਮਜ਼ ਭਾਰਤੀ ਅਤੇ ?ਸ ਦੇ ਪਤੀ ਦਾ ਹੈ ਜਿਸ ਨੂੰ ਮਿਸ਼ੇਲ ਪੈਕਰਜ਼ ਅਤੇ ਪ੍ਰਿੰਟਰਜ਼ ਪ੍ਰਾਈਵੇਟ ਲਿਮਟਿਡ ਨੇ ਖ਼ਰੀਦਿਆ ਸੀ ਅਤੇ ਇਹ ਕੰਪਨੀ ਵੀ ਦੋਹਾਂ ਦੇ ਨਾਮ 'ਤੇ ਬਣੀ ਹੋਈ ਹੈ।

ਵਿਸ਼ੇਸ਼ ਅਦਾਲਤ ਨੇ ਜਗਨਨਾਥ ਮਿਸ਼ਰਾ(80) ਸਮੇਤ ਪੰਜ ਹੋਰਨਾਂ ਲੋਕ ਲੇਖਾ ਕਮੇਟੀ ਦੇ ਸਾਬਕਾ ਚੇਅਰਮੈਨ ਧਰੁਵ ਭਗਤ, ਸਾਬਕਾ ਆਈਆਰਐਸ ਅਧਿਕਾਰੀ ਏ.ਸੀ.ਚੌਧਰੀ, ਚਾਰਾ ਸਪਲਾਈ ਕਰਨ ਵਾਲੇ ਸਰਸਵਤੀ ਚੰਦਰਾ ਤੇ ਸਾਧਨਾ ਸਿੰਘ ਤੇ ਸਾਬਕਾ ਮੰਤਰੀ ਵਿਦਿਆ ਸਾਗਰ ਨਿਸ਼ਾਦ ਨੂੰ ਦੋਸ਼ਾਂ ਤੋਂ ਬਰੀ ਕਰ ਦਿੱਤਾ। ਜਿਨ੍ਹਾਂ 15 ਹੋਰਨਾਂ ਨੂੰ ਸਾਬਕਾ ਮੁੱਖ ਮੰਤਰੀ ਨਾਲ ਦੋਸ਼ੀ ਕਰਾਰ ਦਿੱਤਾ ਗਿਆ ਹੈ ਉਨ੍ਹਾਂ ਵਿੱਚ ਜਗਦੀਸ਼ ਸ਼ਰਮਾ ਤੇ ਆਰ.ਕੇ.ਰਾਣਾ, ਆਈਏਐਸ ਅਧਿਕਾਰੀ ਬੈੱਕ ਜੂਲੀਅਸ, ਫੂਲਚੰਦ ਸਿੰਘ ਤੇ ਮਹੇਸ਼ ਪ੍ਰਸ਼ਾਦ ਅਤੇ ਹੋਰ ਸ਼ਾਮਲ ਹਨ। ਯਾਦ ਰਹੇ ਕਿ ਆਰਜੇਡੀ ਮੁਖੀ ਨੂੰ ਚਾਰਾ ਘੁਟਾਲਾ ਨਾਲ ਸਬੰਧਤ ਇਕ ਕੇਸ ਵਿੱਚ ਪਹਿਲਾਂ ਹੀ ਸਜ਼ਾ ਹੋ ਚੁੱਕੀ ਹੈ ਜਦਕਿ ਅੱਜ ਦੂਜੇ ਕੇਸ ਵਿੱਚ ਸਜ਼ਾ ਹੋਈ ਹੈ ਤੇ ਵੱਖ ਵੱਖ ਟਰੈਜ਼ਰੀਆਂ ਨਾਲ ਸਬੰਧਤ ਤਿੰਨ ਕੇਸ ਅਜੇ ਬਕਾਇਆ ਹਨ। ਇਸ ਦੌਰਾਨ ਸੀਨੀਅਰ ਪਾਰਟੀ ਆਗੂ ਰਘੂਵੰਸ਼ ਪ੍ਰਸਾਦ ਨੇ ਕਿਹਾ ਕਿ ਉਹ ਫ਼ੈਸਲੇ ਖ਼ਿਲਾਫ਼ ਹਾਈ ਕੋਰਟ ਜਾਣਗੇ। ਉਨ੍ਹਾਂ ਕਿਹਾ ਕਿ ਕਾਨੂੰਨੀ ਤੇ ਸਿਆਸੀ ਲੜਾਈ ਜਾਰੀ ਰਹੇਗੀ। ਇਕ ਹੋਰ ਆਗੂ ਅਬਦੁਲ ਬਾਰੀ ਸਿੱਦੀਕੀ ਨੇ ਕਿਹਾ ਕਿ ਆਰਜੇਡੀ ਮਜ਼ਬੂਤੀ ਨਾਲ ਵਾਪਸੀ ਕਰੇਗੀ ਤੇ ਭਵਿੱਖੀ ਰੂਪਰੇਖਾ ਤਿੰਨ ਜਨਵਰੀ ਨੂੰ ਸਜ਼ਾ ਦੇ ਐਲਾਨ ਮਗਰੋਂ ਉਲੀਕੀ ਜਾਵੇਗੀ।

## ਕਾਂਗਰਸ ਨੇ ਗੁਜਰਾਤ ਮਾਡਲ ਬਾਰੇ ਮੋਦੀ ਦੇ ਦਾਅਵਿਆਂ ਨੂੰ ਮੂਧੇ ਮੂੰਹ ਕੀਤਾ

### *ਰਾਹੁਲ ਗਾਂਧੀ ਨੇ ਚੋਣ ਨਤੀਜਿਆਂ ਬਾਅਦ ਅਪਣੇ ਦੌਰੇ ਦੌਰਾਨ ਕੀਤਾ ਦਾਅਵਾ*

**ਅਹਿਮਦਾਬਾਦ/ਬਿਊਰੋ ਨਿਊਜ਼**, ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਕਿਹਾ ਹੈ ਕਿ ਉਨ੍ਹਾਂ ਗੁਜਰਾਤ ਮਾਡਲ ਦੀ ਮਿੱਥ ਦਾ ਪਰਦਾਫਾਸ਼ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਗੁਜਰਾਤ ਨੂੰ ਲੈ ਕੇ ਕੀਤੇ ਜਾਂਦੇ ਦਾਅਵਿਆਂ ਦੀ ਕਾਂਗਰਸ ਪਾਰਟੀ ਨੇ ਫੂਕ ਕੱਢ ਕੇ ਰੱਖ ਦਿੱਤੀ ਹੈ। ਕਾਂਗਰਸ ਪ੍ਰਧਾਨ ਨੇ ਕਿਹਾ ਕਿ ਭਾਜਪਾ ਦੀ ਨੀਂਹ ਝੂਠ 'ਤੇ ਆਧਾਰਿਤ ਹੈ। ਹਾਕਮ ਧਿਰ ਨੂੰ ਲੰਮੇ ਹੱਥੀਂ ਲੈਂਦਿਆਂ ਉਨ੍ਹਾਂ ਕਿਹਾ ਕਿ ਜੇਕਰ ਉਨ੍ਹਾਂ ਕੋਲ ਕਿਸੇ ਫਿਲਮ ਦਾ ਅਧਿਕਾਰ ਹੁੰਦਾ ਤਾਂ ਉਹ 'ਲਾਈ ਹਾਰਡ' ਹੁੰਦੀ। ਉਨ੍ਹਾਂ ਹਾਲੀਵੁੱਡ ਦੀ ਐਕਸ਼ਨ ਫਿਲਮ 'ਡਾਈ ਹਾਰਡ' ਨੂੰ ਇਸ ਦਾ ਨਵਾਂ ਨਾਮ ਦਿੱਤਾ। ਗੁਜਰਾਤ ਵਿਧਾਨ ਸਭਾ ਚੋਣਾਂ 'ਚ ਪਾਰਟੀ ਦੀ ਕਾਰਗੁਜ਼ਾਰੀ ਬਾਰੇ ਆਗੂਆਂ ਨਾਲ ਬੈਠਕ ਦੌਰਾਨ ਉਨ੍ਹਾਂ ਭਾਜਪਾ ਖ਼ਿਲਾਫ਼ ਜਮ ਕੇ ਭੜਾਸ ਕੱਢੀ। ਵਰਕਰਾਂ ਨੂੰ ਲੋਕ ਸਭਾ ਚੋਣਾਂ ਲਈ ਤਿਆਰ ਰਹਿਣ ਦਾ ਸੱਦਾ ਦਿੰਦਿਆਂ ਉਨ੍ਹਾਂ ਕਿਹਾ ਕਿ ਲੋਕ ਭਾਜਪਾ ਦੇ ਝੂਠ ਤੋਂ ਜਾਣੂ ਹੋ ਗਏ ਹਨ ਅਤੇ ਗੁਜਰਾਤ 'ਚ ਭਾਜਪਾ ਨੂੰ ਮਿਲੀ ਟੱਕਰ ਤੋਂ ਇਹ ਗੱਲ ਸਾਬਿਤ ਹੋ ਗਈ ਹੈ। ਇਸ ਦੌਰਾਨ ਰਾਹੁਲ ਗਾਂਧੀ ਨੇ ਸੋਮਨਾਥ ਮੰਦਰ 'ਚ ਮੱਥਾ ਟੇਕਿਆ। ਉਨ੍ਹਾਂ ਵਿਧਾਨ ਸਭਾ ਚੋਣਾਂ ਦੇ ਪ੍ਰਚਾਰ ਦੌਰਾਨ ਸੋਮਨਾਥ ਮੰਦਰ ਦਾ ਦੌਰਾ ਕੀਤਾ ਸੀ ਜਿਥੇ ਉਨ੍ਹਾਂ ਦੇ ਗ਼ੈਰ ਹਿੰਦੂ ਰਜਿਸਟਰ 'ਚ ਨਾਮ ਦਰਜ ਹੋਣ ਕਰਕੇ ਵਿਵਾਦ ਖੜ੍ਹਾ ਹੋ ਗਿਆ ਸੀ।



ਅੰਮ੍ਰਿਤਸਰ ਟਾਈਮਜ਼
AMRITSAR TIMES
27 ਦਸੰਬਰ 2017 ਤੋਂ 02 ਜਨਵਰੀ 2018

# ਹਨੇਰੇ ਵਲ ਵੱਧਦੇ ਮਾਨਵੀ ਕਦਮ

## ਸਿੱਖ ਇਤਿਹਾਸ ਦੇ ਮਾਰਮਿਕ ਪਲਾਂ ਤੋਂ ਸੇਧ ਲੈਣ ਦੀ ਲੋੜ

ਸਮੇਂ ਦੀ ਤੋਰ ਨੂੰ ਸਾਡੇ ਚੇਤਿਆਂ ਵਿੱਚ ਵਸਾਉਂਦੇ ਤੇ ਲੋੜ ਅਨੁਸਾਰ ਵਿਸਰਾਉਂਦੇ ਹੋਏ ਤਿੱਥਵਾਰ ਅਤੇ ਰੁੱਤ ਮਾਹ ਮਾਨਵੀ ਸਮਾਜ ਦੇ ਇਤਿਹਾਸ ਦੇ ਨਵੇਂ ਕਾਂਡਾਂ ਦੀ ਨੀਂਹ ਧਰਦੇ ਅਤੇ ਪਿਛਲਿਆਂ ਨੂੰ ਇਸਦੇ ਪੰਨਿਆਂ ਵਿੱਚ ਸਾਂਭਦੇ ਜਾਂਦੇ ਹਨ। ਕ੍ਰਿਸਮਿਸ ਤੇ ਨਵਾਂ ਵਰ੍ਹਾ ਅਜਿਹੇ ਦਿਹਾੜੇ ਹਨ ਜੋ ਦੁਨੀਆ ਭਰ ਵਿੱਚ ਭਾਰੀ ਉਤਸ਼ਾਹ ਤੇ ਚਾਅ ਨਾਲ ਮਨਾਏ ਜਾਂਦੇ ਹਨ। ਇਨ੍ਹਾਂ ਦਿਹਾੜਿਆਂ ਮੌਕੇ ਆਮ ਲੋਕਾਂ ਲਈ ਖਾਣ ਪੀਣ ਤੇ ਮੌਜ ਮੇਲੇ ਵਾਲੇ ਜਸ਼ਨ ਖ਼ਾਸ ਖਿੱਚ ਦਾ ਕੇਂਦਰ ਹੁੰਦੇ ਹਨ। ਸਮਝਦਾਰ ਲੋਕ ਅਜਿਹੇ ਮੌਕਿਆਂ ਦੀ ਅਹਿਮੀਅਤ ਨੂੰ ਧਿਆਨ ਵਿੱਚ ਰਖਦਿਆਂ ਬ੍ਰਹਿਮੰਡ, ਧਰਤੀ, ਸਮਾਜ ਤੇ ਮਾਨਵਤਾ ਨੂੰ ਦਰਪੇਸ਼ ਮਸਲਿਆਂ/ਮੁਸ਼ਕਲਾਂ ਪ੍ਰਤੀ ਹੋਰ ਗੰਭੀਰਤਾ ਨਾਲ ਸੋਚਣ ਵਲ ਧਿਆਨ ਕੇਂਦਰਿਤ ਕਰਦੇ ਹਨ। ਇਹ ਵਰਤਾਰਾ ਮਨੁੱਖ ਦੇ ਸੁਰਤ ਸੰਭਾਲਣ ਤੋਂ ਲੈ ਕੇ ਚੰਨ-ਤਾਰਿਆਂ ਨੂੰ ਸਰ ਕਰਨ ਤੱਕ ਵਧਦਾ ਸੂਰਜ ਦਾ ਭੇਤ ਪਾਉਣ ਦੇ ਨਿਸ਼ਾਨੇ ਧਾਰ ਅਗਾਂਹ ਤੁਰਦਾ ਜਾ ਰਿਹਾ ਹੈ। ਕੁਦਰਤ ਦੇ ਭੇਦਾਂ ਦਾ ਭੇਤ ਪਾ ਲੈਣ ਅਤੇ ਸਭ ਕੁਝ ਨੂੰ ਅਪਣੇ ਵੱਸ ਕਰਨ ਲਈ ਕਾਹਲਾ ਮਨੁੱਖ ਇਸ ਸਭ ਕੁਝ ਨੂੰ ਸਾਂਭੀ ਚਲੀ ਆ ਰਹੀ ਧਰਤੀ ਤੇ ਬ੍ਰਹਿਮੰਡ ਨਾਲ ਜਿਹੜਾ ਖਿਲਵਾੜ ਕਰਦਾ ਆ ਰਿਹਾ ਹੈ, ਸੰਵੇਨਸ਼ੀਲ ਮਨਾਂ 'ਚ ਉਸਦਾ ਫ਼ਿਕਰ ਤਾਂ ਭਾਵੇਂ ਦਿਨੋਂ ਦਿਨ ਵੱਧ ਰਿਹਾ ਹੈ ਪਰ ਕੁਦਰਤ ਦੀਆਂ ਰਹਿਮਤਾਂ ਦੇ ਲੁਟੇਰੇ ਕਿਤੇ ਵੱਧ ਤਕੜੇ ਤੇ ਖ਼ਤਰਨਾਕ ਹਨ। ਸਭ ਕੁਝ ਨੂੰ ਜੱਫਾ ਮਾਰਨ ਵਾਲੇ ਮਨੁੱਖ ਨੇ ਹਉਮੈ ਦੀ ਪੂਰਤੀ ਤੇ ਮਾਲਕੀ ਦੀ ਲਾਲਸਾ ਵਾਸਤੇ ਸਾਰੇ ਕੁਦਰਤੀ ਤੇ ਸਮਾਜਿਕ ਨਿਯਮਾਂ ਨੂੰ ਮਲੀਆਮੇਟ ਕਰਨ ਦਾ ਤਹੱਈਆ ਕੀਤਾ ਹੋਇਆ ਹੈ। ਅਜਿਹੀ ਖ਼ਤਰਨਾਕ ਖੇਡ ਦੀ ਸ਼ੁਰੂਆਤ ਤਾਂ ਕਿਸੇ ਹੱਦ ਸਮਝੀ ਜਾ ਸਕਦੀ ਹੈ ਪਰ ਇਸਦੇ ਅੰਤ ਬਾਰੇ ਸੋਚਦਿਆਂ ਭਿਆਨਕ ਭਵਿੱਖ ਦਾ ਤਸੱਵਰ ਮਨ ਵਿਚੋਂ ਕੱਢਣਾ ਮੁਸ਼ਕਲ ਜਾਪਦਾ ਹੈ। ਮੁਲਕਾਂ ਵਿਚਕਾਰ ਆਰਥਿਕ ਹੋੜ, ਅਮੀਰ ਲਾਣਿਆਂ ਵਲੋਂ ਅਪਣੀ ਲੁੱਟ ਦੇ ਤੌਰ ਤਰੀਕਿਆਂ ਨੂੰ ਹੋਰ ਤਕੜਿਆਂ ਤੇ ਤੇਜ ਕਰਨ ਦੀ ਦੌੜ, ਧਰਤੀ ਦੇ ਸਾਰੇ ਕੁਦਰਤੀ ਖਜ਼ਾਨਿਆਂ ਵਾਲੇ ਖਿੱਤਿਆਂ ਤੋਂ ਵਿਕਾਸ ਦੇ ਨਾਂਅ ਉੱਤੇ ਹੱਕਦਾਰ ਲੋਕਾਂ ਦਾ ਉਜਾੜਾ ਉਸ ਸਾਰੇ ਕੁਝ ਦਾ ਆਧਾਰ ਹੈ, ਜੋ ਸਾਨੂੰ ਸਭ ਨੂੰ ਪਲ ਪਲ ਤਬਾਹੀ ਵਲ ਧੱਕ ਰਿਹਾ ਹੈ। ਧਰਮ, ਜਾਤਾਂ, ਫਿਰਕੇ, ਰੰਗ ਨਸਲ ਸਾਰਾ ਜੰਜਾਲ ਲੋਕਾਂ ਨੂੰ ਆਪਸ ਵਿੱਚ ਵੰਡਣ ਤੇ ਲੜਾਉਣ ਦਾ ਸਦੀਆਂ ਪਹਿਲਾਂ ਬੁਣਿਆ ਜਾਲ ਹੈ ਜਿਸਨੂੰ ਜੰਜਾਲ ਬਣਾਉਣ ਵਿੱਚ ਸਭ ਭਾਈਵਾਲ ਹਨ। ਅਜਿਹੇ ਤਾਣੇ-ਬਾਣੇ ਦੀ ਭਿਆਨਕਤਾ ਨੂੰ ਭੁੱਲਣ/ਭੁਲਾਉਣ ਲਈ ਅਸੀਂ ਸਭ ਯਾਦਗਾਰੀ ਦਿਹਾੜਿਆਂ, ਤਿਉਹਾਰਾਂ, ਰਸਮਾਂ ਤੇ ਜਸ਼ਨਾਂ ਦਾ ਸਹਾਰਾ ਲੈਂਦਿਆਂ ਫ਼ਿਕਰ ਮੁਕਤ ਹੋਣ ਦਾ ਭਰਮ ਪਾਲਦੇ ਜਿਉਂਦੇ-ਮਰਦੇ ਜਾ ਰਹੇ ਹਾਂ।

ਪਰ ਮਾਨਵੀ ਇਤਿਹਾਸ ਜਿੱਥੇ ਭਿਆਨਕ ਜੰਗਾਂ, ਹਕੂਮਤੀ ਜ਼ੁਲਮਾਂ, ਤਬਾਹੀਆਂ ਦੇ ਜਖ਼ਮਾਂ ਨਾਲ ਭਰਿਆ ਪਿਆ ਹੈ, ਉੱਥੇ ਦੁਨੀਆਂ ਭਰ ਵਿੱਚ ਅਜਿਹੇ ਸਾਕੇ, ਕਿੱਸੇ, ਕਥਾਵਾਂ ਵੀ ਹਨ ਜਿਹੜੀਆਂ ਸਾਡੇ ਸਭਨਾਂ ਲਈ ਚਾਨਣਮੁਨਾਰਾ ਬਣ ਸਾਨੂੰ ਸੇਧ ਲੈਣ ਲਈ ਪ੍ਰੇਰਦੀਆਂ ਹਨ। ਮਨੁੱਖ ਹੱਥੋਂ ਮਨੁੱਖ ਦੀ ਲੁੱਟ ਅਤੇ ਜਾਬਰਾਂ ਵਲੋਂ ਨਿਤਾਣਿਆਂ ਉੱਤੇ ਕਹਿਰ ਢਾਹੁਣ ਲਈ ਜਾਨਾਂ ਵਾਰ ਦੇਣ ਦੇ ਕਾਰਨਾਮੇ, ਅੱਜ ਦੇ ਖ਼ਤਰਨਾਕ ਯੁੱਗ ਵਿੱਚੋਂ ਮਾਨਵਤਾ ਨੂੰ ਬਚਾਉਣ ਦਾ ਗੁਰ ਵੀ ਸਾਂਭੀ ਚਲੇ ਆ ਰਹੇ ਹਨ। ਧਿਆਨ ਨਾਲ ਵੇਖਿਆ ਜਾਵੇ ਤਾਂ ਇਸ ਮੌਕੇ ਸਾਡੇ ਉੱਤੇ ਪੂਰੀ ਤਰ੍ਹਾਂ ਭਾਰੂ ਸਭ ਕਾਰੋਬਾਰੀ ਰੁਝਾਨਾਂ ਤੋਂ ਕਿਤੇ ਵੱਧ ਅਹਿਮ ਹਨ ਦਸੰਬਰ ਮਹੀਨੇ ਦੇ ਆਖ਼ਰੀ ਦਿਨਾਂ ਦੀ ਹਿੱਕ ਉੱਤੇ ਉੱਕਰੇ ਚਲੇ ਆ ਰਹੇ ਸਿੱਖ ਇਤਿਹਾਸ ਦੇ ਬਹਾਦਰੀ ਵਾਲੇ ਕਾਰਨਾਮਿਆਂ ਅਤੇ ਲਾਸਾਨੀ ਸ਼ਹਾਦਤਾਂ ਦੇ ਬੇਹੱਦ ਦਰਦੀਲੇ ਪਲ। ਦੁਨੀਆ ਦੇ ਸਭ ਤੋਂ ਵੱਧ ਮਾਨਵੀ ਧਰਮ ਦੀ ਨੀਂਹ ਹੀ ਜਿਸ ਮਨਸ਼ੇ ਨਾਲ ਰੱਖੀ ਗਈ ਸੀ, ਇਸਦੇ ਇਤਿਹਾਸ ਦਾ ਹਰ ਕਾਂਡ ਉਸ ਦੀ ਗਵਾਹੀ ਹੈ। 'ਬਾਬਰਬਾਣੀ' ਵਿੱਚਲੀ ਗੂੰਜ ਚਮਕੌਰ ਦੀ ਗੜ੍ਹੀ 'ਬੋਲੇ ਸੋ ਨਿਹਾਲ' ਦੇ ਜੈਕਾਰਿਆਂ ਰਾਹੀਂ ਦੁਸ਼ਮਣ ਨੂੰ ਲਲਕਾਰਦੀ ਜ਼ੁਲਮਾਂ ਦਮੇ ਤਖ਼ਤ ਦੇ ਪ੍ਰਤੀਕ ਸ਼ਹਿਰ 'ਸਰਹਿੰਦ ਦੀ ਇੱਟ ਨਾਲ ਇੱਟ ਖੜਕਾ' ਧਰਮ ਯੁੱਧ ਦੇ ਮਾਨਵੀ ਪੱਖ ਦੀ ਅਜਿਹੀ ਮਿਸਾਲ ਹੈ, ਜੋ ਹੋਰ ਕਿਸੇ ਧਰਮ ਦੀ ਰੂਹ ਵਿਚੋਂ ਨਾਮਾਤਰ ਵੀ ਨਹੀਂ ਝਲਕਦੀ। ਇਸਤੋਂ ਪਹਿਲਾਂ, ਇਸਤੋਂ ਬਾਅਦ ਅਤੇ ਅੱਜ ਵੀ ਜ਼ੁਲਮਾਂ ਖਿਲਾਫ਼ ਸਿੱਖ ਸੰਘਰਸ਼ ਅਤੇ ਸ਼ਹਾਦਤਾਂ ਦੇ ਸਿਲਸਿਲੇ ਦੀ ਲੜੀ ਲਗਾਤਾਰ ਚਲੀ ਆ ਰਹੀ ਹੈ। ਸਿੱਖ ਸ਼ਹੀਦਾਂ ਦੀਆਂ ਮਹਾਨ ਕੁਰਬਾਨੀਆਂ ਸਾਨੂੰ ਅਪਣੇ ਆਪ ਨੂੰ ਸਮਝਣ ਤੇ ਸੰਭਲਣ ਲਈ ਪ੍ਰੇਰਨਾ ਹੀ ਨਹੀਂ ਵੰਗਾਰ ਵੀ ਹਨ। ਮੌਜੂਦਾ ਸਮਿਆਂ ਵਿੱਚ ਸਿੱਖ ਕੌਮ ਜਿਸ ਰੂਪ ਵਿੱਚ ਵਿਚਰ ਰਹੀ ਹੈ ਤੇ ਸਿੱਖਾਂ ਦਾ ਜਿਹੋ ਜਿਹਾ ਵਰਤਾਰਾ ਵੇਖਣ ਸੁਨਣ ਨੂੰ ਮਿਲ ਰਿਹਾ ਹੈ, ਉਹ ਸਾਡੇ ਸਭਨਾਂ ਲਈ ਫ਼ਿਕਰ ਵਾਲਾ ਵਿਸ਼ਾ ਹੈ। ਗੁਰਬਾਣੀ ਤੋਂ ਸਿੱਖੀਏ ਤਾਂ ਸਿੱਖ ਕਿਰਦਾਰ ਅਜਿਹਾ ਨਹੀਂ ਜਿਹੋ ਜਿਹਾ ਬਣ ਰਿਹੈ। ਰਾਜਸੀ ਸਰਦਾਰੀ ਲਈ ਧਾਰਮਿਕ ਸਥਾਨਾਂ ਤੇ ਸੰਸਥਾਵਾਂ ਦੀ ਨਿੱਜੀ ਹਿੱਤਾਂ ਖ਼ਾਤਰ ਵਰਤੋਂ ਤੋਂ ਵੀ ਵੱਧ ਖ਼ਤਰਨਾਕ ਹੈ ਸਿੱਖ ਜ਼ਮੀਰ ਦਾ ਸੌਂ ਜਾਣਾ। ਸਿੱਖ ਦਿਹਾੜੇ ਮਨਾਉਣ ਦਾ ਮਤਲਬ ਧਰਮ ਅਸਥਾਨਾਂ ਉੱਤੇ ਨੱਤ ਮਸਤਕ ਹੋ ਕੇ ਸੁਰਖ਼ਰੂ ਹੋ ਜਾਣਾ ਨਹੀਂ। ਨਾ ਹੀ ਲੰਗਰਾਂ ਦੀ ਭਰਮਾਰ ਕਦੇ ਗੁਰੂਆਂ ਦਾ ਸੁਨੇਹਾ ਸੀ। ਸਿੱਖ ਧਰਮ ਜਿਹੜਾ ਦੁਨੀਆ ਦੇ ਮਹਾਨ ਚਿੰਤਕਾਂ ਦੀਆਂ ਨਿਗਾਹਾਂ ਵਿੱਚ ਦੁਨੀਆ ਦੇ ਭਲੇ ਦਾ ਇੱਕ ਇੱਕ ਫਲਸਫ਼ਾ ਹੈ, ਉਸਦੇ ਪੈਰੋਕਾਰਾਂ ਨੂੰ ਮਾਨਵੀ ਭਲੇ ਵਾਸਤੇ ਅਮਲ ਵਜੋਂ ਸਾਬਤ ਕਦਮ ਅੱਗੇ ਵੱਧਣਾ ਹੋਵੇਗਾ। ਇਹੋ ਸਾਡੇ ਗੁਰੂਆਂ ਦਾ ਫਰਮਾਨ ਤੇ ਸ਼ਹੀਦਾਂ ਦਾ ਸੁਨੇਹਾ ਹੈ।

# ਆਨੰਦਪੁਰ ਤੋਂ ਸਰਹਿੰਦ ਤੱਕ ਸ਼ਹਾਦਤਾਂ ਦਾ ਸਫ਼ਰ

**ਆਨੰਦਪੁਰ ਸਾਹਿਬ ਤੋਂ ਸ਼ੁਰੂ ਹੋਏ ਦਰਦਨਾਕ ਸਫ਼ਰ ਵਿਚ ਖਾਲਸਾ ਪੰਥ ਨੇ ਦਸਮੇਸ਼ ਪਿਤਾ ਦੀ ਅਗਵਾਈ ਵਿਚ ਇਸ ਧਰਤੀ 'ਤੇ ਇਕ ਅਜਿਹਾ ਮਾਰਚ ਕੀਤਾ ਕਿ ਇਤਿਹਾਸ ਇਕ ਵਾਰ ਤਾਂ ਸ਼ਾਇਰਾਨਾ ਅੰਦਾਜ਼ ਵਿਚ ਝੂਮ ਉੱਠਿਆ। ਜੇ ਫਲਸਫ਼ਾਨਾ ਅੰਦਾਜ਼ ਵਿਚ ਇਸ ਅਵਸਥਾ ਅਤੇ ਇਸ ਸੱਤ ਦਿਨਾਂ ਦੇ ਪੈਂਡੇ ਨੂੰ ਅੱਖਰਾਂ ਤੇ ਵਾਕਾਂ ਵਿਚ ਬੰਨ੍ਹਣਾ ਹੋਵੇ ਤਾਂ ਅਸੀਂ ਇਹ ਦਾਅਵਾ ਕਰ ਸਕਦੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਅਤੇ ਖਾਲਸਾ ਪੰਥ ਕੁਝ ਚਿਰ ਲਈ ਇਕ ਰੂਪ ਹੋ ਗਏ ਸਨ ਜਾਂ ਇਉਂ ਕਹਿ ਲਓ ਕਿ ਸ਼ਬਦ-ਸੁਰਤਿ ਦਾ ਪੈਗ਼ਾਮ ਇਤਿਹਾਸ ਵਿਚ ਉੱਤਰ ਆਇਆ ਸੀ। ਦਸਵੇਂ ਗੁਰੂ ਇਸ ਅਵਸਥਾ ਦੇ ਚਸ਼ਮਦੀਦ ਗਵਾਹ ਬਣੇ। ਜਦੋਂ ਉਹ ਖਾਲਸਾ ਪੰਥ ਦੇ ਹੁਕਮ ਅਨੁਸਾਰ ਚਮਕੌਰ ਦੀ ਗੜ੍ਹੀ ਛੱਡ ਰਹੇ ਸਨ ਤਾਂ ਉੱਚੇ ਸੁੱਚੇ ਸਿਧਾਂਤਾਂ ਦਾ ਗਵਾਹ ਬਣਦੀ ਇਹ ਅਜਬ ਘਟਨਾ ਖਾਲਸਾ ਪੰਥ ਦੇ ਗੁਰੂ ਹੋਣ ਦਾ ਇਕ ਇਲਾਹੀ ਐਲਾਨਨਾਮਾ ਹੀ ਤਾਂ ਸੀ।**



**ਕਰਮਜੀਤ ਸਿੰਘ**, ਸੀਨੀਅਰ ਪੱਤਰਕਾਰ
(ਫ਼ੋਨ ਸੰਪਰਕ: 99150-9106)

ਦਸੰਬਰ ਮਹੀਨੇ ਦੇ ਦਿਨ ਸਮੁੱਚੀ ਮਾਨਵਤਾ ਦੇ ਇਤਿਹਾਸ ਲਈ, ਵਿਸ਼ੇਸ਼ ਕਰਕੇ ਖਾਲਸੇ ਲਈ, ਰੂਹਾਨੀ ਉਦਾਸੀ ਦੇ ਦਿਨ ਹਨ ਜਦੋਂ ਸਾਡੀਆਂ ਅੱਖਾਂ ਸੁੱਚੇ ਹੰਝੂਆਂ ਨੂੰ ਸੱਦਾ ਦਿੰਦੀਆਂ ਹਨ। ਸਮਾਂ ਤੇਜ਼ੀ ਨਾਲ ਪਿਛਾਂਹ ਵੱਲ ਮੁੜਦਾ ਹੈ ਜਦੋਂ ਸਾਡੀਆਂ ਯਾਦਾਂ ਆਨੰਦਪੁਰ, ਸਰਸਾ ਨਦੀ, ਚਮਕੌਰ, ਮਾਛੀਵਾੜਾ ਅਤੇ ਸਰਹਿੰਦ ਦੀਆਂ ਪਰਿਕਰਮਾ ਕਰਨ ਲੱਗ ਜਾਂਦੀਆਂ ਹਨ। ਇਹ 1704 ਈਸਵੀ ਦੀਆਂ ਗੱਲਾਂ ਹਨ ਜਦੋਂ 20-21 ਦਸੰਬਰ ਤੋਂ ਲੈ ਕੇ 26 ਦਸੰਬਰ ਤੱਕ ਸ਼ਹਾਦਤਾਂ ਦੇ ਸਫ਼ਰ ਦੀ ਸੱਤ ਦਿਨਾਂ ਦੀ ਸਾਰੀ ਸਾਖੀ ਭਾਵੇਂ ਦਿਮਾਗਾਂ ਨੂੰ ਸੁੰਨ ਕਰ ਦਿੰਦੀ ਹੈ ਪਰ ਰੂਹਾਂ ਨੂੰ ਰੁਸ਼ਨਾਉਂਦੀ ਵੀ ਹੈ। ਇਹ ਉਹ ਸੁਭਾਗੇ ਦਿਨ ਸਨ ਜਦੋਂ ਖਾਲਸਾ ਪੰਥ ਦੇ ਸਦ-ਜਾਗਤ ਯੋਧਿਆਂ ਨੇ ਉਹ ਕ੍ਰਿਸ਼ਮੇ ਕੀਤੇ, ਉਹ ਚਮਤਕਾਰ ਵਿਖਾਏ ਕਿ ਇਤਿਹਾਸ ਦੇ ਗਹਿਰ-ਗੰਭੀਰ ਵਿਦਿਆਰਥੀ ਵੀ ਹੈਰਾਨ ਹੀ ਹੋ ਸਕਦੇ ਹਨ। ਜਰਮਨੀ ਦੇ ਫਿਲਾਸਫਰ ਹੀਗਲ ਨੇ ਬਾਦਸ਼ਾਹ ਦੇ ਸੰਕਲਪ ਤੇ ਇਤਿਹਾਸ ਵਿਚ ਇਸ ਦੀ ਲੋੜ ਤੇ ਮਹੱਤਤਾ ਉੱਤੇ ਟਿੱਪਣੀ



ਕਰਦਿਆਂ ਕਿਹਾ ਸੀ ਕਿ ਪਰਮਾਤਮਾ ਬਾਦਸ਼ਾਹ ਦੇ ਰਾਹੀਂ ਇਸ ਧਰਤੀ ਉਤੇ ਮਾਰਚ ਕਰਦਾ ਹੈ, ਪਰ 17ਵੀਂ ਸਦੀ ਵਿਚ ਗੁਰੂ ਗੋਬਿੰਦ ਸਿੰਘ ਨੇ ਜਮਹੂਰੀਅਤ ਦਾ ਇਕ ਨਵਾਂ ਸੰਕਲਪ ਇਸ ਧਰਤੀ 'ਤੇ ਉਤਾਰਿਆ ਤੇ ਐਲਾਨ ਕੀਤਾ ਕਿ ਉਨ੍ਹਾਂ ਦੀਆਂ ਨਜ਼ਰਾਂ ਵਿਚ ਖਾਲਸਾ ਹੀ 'ਪੂਰਾ ਸਤਿਗੁਰੂ' ਹੈ ਅਤੇ ਉਹ ਹੀ ਇਸ ਧਰਤੀ ਦਾ ਬਾਦਸ਼ਾਹ ਹੈ। ਇਨ੍ਹਾਂ ਹੀ ਦਿਨਾਂ ਵਿਚ ਖਾਲਸੇ ਨੇ ਇਹ ਪ੍ਰਤੱਖ ਕਰ ਵਿਖਾਇਆ ਕਿ ਉਹ ਸੱਚਮੁੱਚ ਹੀ ਗੁਰੂ ਗੋਬਿੰਦ ਸਿੰਘ ਦੀ 'ਜਾਨ ਕੀ ਜਾਨ' ਹੈ, 'ਇਸ਼ਟ ਔਰ ਮਿੱਤਰ' ਹੈ, 'ਗਿਆਨ ਤੇ ਬੁੱਧ' ਦਾ ਸਰਸਬਜ਼ ਚਸ਼ਮਾ ਹੈ ਤੇ 'ਅਕਾਲ ਪੁਰਖ ਕੀ ਫੌਜ' ਹੈ।

ਆਨੰਦਪੁਰ ਸਾਹਿਬ ਤੋਂ ਸ਼ੁਰੂ ਹੋਏ ਦਰਦਨਾਕ ਸਫ਼ਰ ਵਿਚ ਖਾਲਸਾ ਪੰਥ ਨੇ ਦਸਮੇਸ਼ ਪਿਤਾ ਦੀ ਅਗਵਾਈ ਵਿਚ ਇਸ ਧਰਤੀ 'ਤੇ ਇਕ ਅਜਿਹਾ ਮਾਰਚ ਕੀਤਾ ਕਿ ਇਤਿਹਾਸ ਇਕ ਵਾਰ ਤਾਂ ਸ਼ਾਇਰਾਨਾ ਅੰਦਾਜ਼ ਵਿਚ ਝੂਮ ਉੱਠਿਆ। ਜੇ ਫਲਸਫ਼ਾਨਾ ਅੰਦਾਜ਼ ਵਿਚ ਇਸ ਅਵਸਥਾ ਅਤੇ ਇਸ ਸੱਤ ਦਿਨਾਂ ਦੇ ਪੈਂਡੇ ਨੂੰ ਅੱਖਰਾਂ ਤੇ ਵਾਕਾਂ ਵਿਚ ਬੰਨ੍ਹਣਾ ਹੋਵੇ ਤਾਂ ਅਸੀਂ ਇਹ ਦਾਅਵਾ ਕਰ ਸਕਦੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਅਤੇ ਖਾਲਸਾ ਪੰਥ ਕੁਝ ਚਿਰ ਲਈ ਇਕ ਰੂਪ ਹੋ ਗਏ ਸਨ ਜਾਂ ਇਉਂ ਕਹਿ ਲਓ ਕਿ ਸ਼ਬਦ-ਸੁਰਤਿ ਦਾ ਪੈਗ਼ਾਮ ਇਤਿਹਾਸ ਵਿਚ ਉੱਤਰ ਆਇਆ ਸੀ। ਦਸਵੇਂ ਗੁਰੂ ਇਸ ਅਵਸਥਾ ਦੇ ਚਸ਼ਮਦੀਦ ਗਵਾਹ ਬਣੇ। ਜਦੋਂ ਉਹ ਖਾਲਸਾ ਪੰਥ ਦੇ ਹੁਕਮ ਅਨੁਸਾਰ ਚਮਕੌਰ ਦੀ ਗੜ੍ਹੀ ਛੱਡ ਰਹੇ ਸਨ ਤਾਂ ਉੱਚੇ ਸੁੱਚੇ ਸਿਧਾਂਤਾਂ ਦਾ ਗਵਾਹ ਬਣਦੀ ਇਹ ਅਜਬ ਘਟਨਾ ਖਾਲਸਾ ਪੰਥ ਦੇ ਗੁਰੂ ਹੋਣ ਦਾ ਇਕ ਇਲਾਹੀ ਐਲਾਨਨਾਮਾ ਹੀ ਤਾਂ ਸੀ।



ਵੱਡੇ ਸਾਕੇ ਕਰਨ ਵਾਲਿਆਂ ਦੇ ਨਿੱਕੀਆਂ ਜਿੰਦਾਂ-ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਹਿ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਸ਼ਬਦ ਨਮੋ-ਨਮੋ, ਨੇਤ-ਨੇਤ ਦੀ ਸਥਿਤੀ ਅਖਤਿਆਰ ਕਰ ਲੈਂਦੇ ਹਨ, ਕਿਉਂਕਿ ਇਹ ਸਾਕਾ ਦਿਲਾਂ ਤੇ ਦਿਮਾਗਾਂ ਨੂੰ ਵੀ ਕੰਬਣੀ ਛੇੜ ਦਿੰਦਾ ਹੈ, ਜਿਥੇ ਨਿਰਮਲ ਮਾਸੂਮੀਅਤ ਦੇ ਦੋ ਰੂਹਾਨੀ ਫੁੱਲ ਜਿਉਂਦੇ ਦੀਵਾਰਾਂ ਵਿਚ ਚਿਣ ਦਿੱਤੇ ਗਏ ਸਨ। ਦਸਮੇਸ਼ ਪਿਤਾ ਦੇ ਬਿੰਦੀ ਪੁੱਤਰਾਂ ਨੇ ਜਿਵੇਂ ਸ਼ਹਾਦਤਾਂ ਦੇ ਜਾਮ ਪੀਤੇ ਅਤੇ ਜਿਵੇਂ ਮਗਰੋਂ ਦਸਮੇਸ਼ ਪਿਤਾ ਦੇ ਨਾਦੀ ਪੁੱਤਰਾਂ ਨੇ ਇਸ ਦਾ ਇਤਿਹਾਸਕ ਜਵਾਬ ਦਿੱਤਾ, ਉਸ ਤੋਂ ਪਤਾ ਲੱਗਦਾ ਹੈ ਕਿ ਨੀਲੇ ਘੋੜੇ ਦੇ ਸ਼ਾਹਸਵਾਰ ਦੀ ਅਗਵਾਈ ਵਿਚ ਨਾਦੀ ਤੇ ਬਿੰਦੀ ਪੁੱਤਰਾਂ ਵਿਚ ਕੋਈ ਭੇਦ-ਭਾਵ ਨਹੀਂ ਸੀ ਰਹਿ ਗਿਆ। ਸਿੱਖ ਇਤਿਹਾਸ ਦਾ ਇਹ ਨਿਰਮਲ ਨਜ਼ਾਰਾ, ਜਿਸ ਵਿਚ ਪਵਿੱਤਰਤਾ ਦੇ ਅਨੇਕ ਰੰਗ ਹਨ, ਉਹ ਦ੍ਰਿਸ਼ ਇਸ ਧਰਤੀ 'ਤੇ ਵੱਸਦੀਆਂ ਹੋਰ ਕੌਮਾਂ ਨੂੰ ਵੀ ਇਹ ਸੰਦੇਸ਼ ਦਿੰਦਾ ਹੈ ਕਿ ਸੱਚੀ-ਸੁੱਚੀ, ਸਹੀ ਤੇ ਇਤਿਹਾਸ ਨੂੰ ਪ੍ਰਣਾਈ ਰਾਜਨੀਤਕ ਤੇ ਧਾਰਮਿਕ ਲੀਡਰਸ਼ਿਪ ਦੇ ਮਾਪਦੰਡ ਕਿਸ ਤਰ੍ਹਾਂ ਦੇ ਹੋਣੇ ਚਾਹੀਦੇ ਹਨ।

ਇਹ ਘਟਨਾ ਅੱਜ ਦੇ ਸਿਆਸਤਦਾਨਾਂ ਲਈ ਵੀ ਇਕ ਚੰਗਾ ਸਬਕ ਹੈ। ਚੋਟੀ ਦੇ



ਸਿਆਸਤਦਾਨਾਂ ਵੱਲੋਂ ਆਪਣੇ ਪੁੱਤਰਾਂ-ਧੀਆਂ ਨੂੰ ਰਾਜਨੀਤੀ ਵਿਚ ਲਿਆਉਣ ਦੀ ਇੱਛਾ ਜਾਂ ਤਮੰਨਾ ਕੋਈ ਮਾੜੀ ਗੱਲ ਨਹੀਂ, ਪਰ ਜਦੋਂ ਉਹ ਜੀਵਨ ਦੇ ਖੱਟੇ-ਮਿੱਠੇ, ਕੰਡਿਆਲੇ ਅਤੇ ਬਿਖੜੇ ਰਾਹਾਂ ਦਾ ਅਨੁਭਵ ਅਤੇ ਸਵਾਦ ਚੱਖੇ ਤੋਂ ਬਿਨਾਂ ਹੀ ਆਪਣੇ ਮਾਪਿਆਂ ਦੇ ਬਲਵਾਨ ਮੋਢਿਆਂ 'ਤੇ ਚੜ੍ਹ ਕੇ ਅਤੇ ਧਨ-ਦੌਲਤ ਦੀ ਜੁਗਤ ਵਰਤ ਕੇ ਉਹ ਟੀਸੀ ਦਾ ਬੇਰ ਬਣ ਜਾਂਦੇ ਹਨ ਅਤੇ ਜਦੋਂ ਜਥੇਬੰਦੀ ਦੇ ਅੰਦਰ ਦਹਾਕਿਆਂ ਤੋਂ ਸੰਘਰਸ਼ ਕਰ ਰਹੇ ਕੁਰਬਾਨੀ ਵਾਲੇ ਆਪਣੇ ਹੀ ਸਾਥੀਆਂ ਦੇ ਉਤੋਂ ਦੀ ਛਾਲ ਮਾਰ ਕੇ ਉੱਚੀਆਂ ਪਦਵੀਆਂ 'ਤੇ ਸੁਸ਼ੋਭਿਤ ਹੋ ਜਾਂਦੇ ਹਨ ਤਾਂ ਫਿਰ ਇਹੋ ਜਿਹੇ ਰਾਜਸੀ ਆਗੂ ਜੇ ਗੰਭੀਰ ਵਿਚਾਰ ਦੇਣ ਦੇ ਨਾਟਕ ਵੀ ਰਚ ਲੈਣ ਤਾਂ ਵੀ ਉਹ ਵਿਚਾਰ ਕੌਮ ਦੀ ਰੂਹ ਦੇ ਹਾਣੀ ਨਹੀਂ ਬਣ ਸਕਦੇ। ਅੱਜ ਸਿੱਖ ਸਿਆਸਤ ਵਿਚ ਇਹੋ ਕੁਝ ਹੀ ਹੋ ਰਿਹਾ ਹੈ। ਹਰਿਓ ਬੂਟ ਤਾਂ ਟਾਵੇਂ-ਟਾਵੇਂ ਹੀ ਰਹਿ ਗਏ ਹਨ।

ਚਮਕੌਰ ਦੀ ਜੰਗ ਸੰਸਾਰ ਦੀਆਂ ਜੰਗੀ ਯਾਦਗਾਰਾਂ ਦੀ ਅਨੋਖੀ ਜੰਗ ਸੀ। ਸੰਸਾਰ ਦੀਆਂ ਦੋ ਹੀ ਬੇਜੋੜ ਜੰਗਾਂ ਹਨ- ਇਕ ਕਰਬਲਾ ਦੀ ਜੰਗ ਜਿਸ ਵਿਚ ਹਜ਼ਰਤ ਮੁਹੰਮਦ ਸਾਹਿਬ ਦਾ ਦੋਹਤਾ ਸ਼ਹੀਦ ਹੁੰਦਾ ਹੈ ਅਤੇ ਦੂਜੀ ਚਮਕੌਰ ਦੀ ਜੰਗ। ਪਰ ਚਮਕੌਰ ਦੀ ਜੰਗ ਇਸ ਲਈ ਬੇਜੋੜ ਜੰਗ ਗਿਣੀ ਜਾਂਦੀ ਹੈ ਕਿਉਂਕਿ ਇਸ ਵਿਚ ਇਕ ਪਾਸੇ 40 ਸਿੰਘ ਅਤੇ ਦੂਜੇ ਪਾਸੇ ਲੱਖਾਂ ਹੀ ਵੈਰੀ ਸਨ। ਇਥੇ ਹੀ ਬੱਸ ਨਹੀਂ ਸਗੋਂ ਕੁਦਰਤ ਦੀਆਂ ਤਾਕਤਾਂ ਵੀ ਖਾਲਸੇ ਦੇ ਖਿਲਾਫ਼ ਆਣ ਖਲੋਤੀਆਂ ਸਨ। ਸਰਸਾ ਨਦੀ ਚੜ੍ਹੀ ਹੋਈ ਸੀ, ਉਪਰ ਪਹਾੜਾਂ 'ਤੇ ਬਰਫ ਸੀ ਤੇ ਸੀਤ ਠੰਢੀ ਹਵਾ ਨੇ ਸ਼ਮਸ਼ੀਰ ਦਾ ਰੂਪ ਧਾਰਨ



ਕਰ ਲਿਆ ਸੀ। ਪਰ ਕਰੜੇ ਇਮਤਿਹਾਨ ਦੀ ਇਸ ਘੜੀ ਵਿਚ, ਦੁਖਾਂ ਦੇ ਇਨ੍ਹਾਂ ਪਲਾਂ ਵਿਚ ਗੁਰਬਾਣੀ ਦੇ ਕਥਨ ਅਨੁਸਾਰ ਖਾਲਸਾ ਦੁੱਖਾਂ ਵਿਚ ਸੁੱਖਾਂ ਦਾ ਜਸ਼ਨ ਮਨਾ ਰਿਹਾ ਸੀ। 'ਦੁਖਿ ਵਿਚਿ ਸੂਖ ਮਨਾਈ' (ਪੰਨਾ 757)। ਇਥੇ ਹੀ 'ਸਵਾ ਲਾਖ ਸੇ ਏਕ ਲੜਾਊਂ' ਦਾ ਆਦਰਸ਼ ਐਲਾਨਨਾਮਾ ਅਮਲਾਂ ਵਿਚ ਉਤਾਰਿਆ ਸੀ। ਐਮਰਸਨ ਨੇ ਕਿੰਨਾ ਸੋਹਣਾ ਲਿਖਿਆ ਹੈ ਕਿ ਮੌਤ ਤਾਂ ਸਭ ਨੂੰ ਹੀ ਇਕ ਦਿਨ ਆਉਣੀ ਹੈ, ਪਰ ਮਹਾਨ ਪ੍ਰਾਪਤੀਆਂ ਇਕ ਅਜਿਹੀ ਯਾਦਗਾਰ ਨੂੰ ਜਨਮ ਦਿੰਦੀਆਂ ਹਨ, ਜੋ ਉਦੋਂ ਤੱਕ ਕਾਇਮ ਰਹਿੰਦੀ ਹੈ ਜਦੋਂ ਤੱਕ ਸੂਰਜ ਠੰਢਾ ਨਹੀਂ ਹੋ ਜਾਂਦਾ। ਚਮਕੌਰ ਦੀ ਜੰਗ ਵੀ ਯਾਦਗਾਰਾਂ ਵਿੱਚੋਂ ਸਿਰਮੌਰ ਯਾਦਗਾਰ ਹੈ। ਚਮਕੌਰ ਦੀ ਜੰਗ ਇੱਕ ਤਰ੍ਹਾਂ ਨਾਲ ਸਮਾਜਿਕ, ਰਾਜਨੀਤਕ ਤੇ ਧਾਰਮਿਕ ਮੋਰਚਾ ਵੀ ਸੀ, ਜਦੋਂ ਗੁਰੂ ਗੋਬਿੰਦ ਸਿੰਘ ਨੇ ਭਾਈ ਸੰਗਤ ਸਿੰਘ ਦੇ ਸਿਰ ਉੱਤੇ ਕਲਗੀ ਸਜਾ ਕੇ ਅਨਿਆਂ, ਨਾਬਰਾਬਰੀ ਤੇ ਜ਼ੁਲਮ ਦੇ ਹਰ ਕਿਲ੍ਹੇ ਨੂੰ ਢਾਹ ਕੇ ਗੁਰੂ ਨਾਨਕ ਸਾਹਿਬ ਦੇ ਇਸ ਫੁਰਮਾਨ ਉੱਤੇ ਫੁੱਲ ਚੜ੍ਹਾਏ ਕਿ ਉਹ ਸਮਾਜ ਦੇ ਉਸ ਲਿਤਾੜੇ ਵਰਗ ਨਾਲ ਖੜ੍ਹੇ ਹਨ ਜਿਨ੍ਹਾਂ ਨੂੰ ਜਾਤ-ਪਾਤ ਦੇ ਪੈਰੋਕਾਰ ਹੰਕਾਰ ਵਿੱਚ ਸਭ ਤੋਂ ਨੀਚ ਕਹਿੰਦੇ

ਬਾਕੀ ਸਫ਼ਾ 35 'ਤੇ

# ਨੀਲੇ ਦੇ ਸ਼ਾਹ ਸਵਾਰ ਚੋਜੀ ਪ੍ਰੀਤਮ ਦੇ ਚੋਜ

**ਅਵਤਾਰ ਸਿੰਘ (ਪ੍ਰੋ.)**
ਸੰਪਰਕ: 94175- 18384

ਪੋਹ ਸੁਦੀ ਸੱਤਵੀਂ, ਸਿੱਖ ਸਮਾਜ ਦੇ ਮਨ ਮਸਤਕ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅਕਸ ਸਾਕਾਰ ਕਰ ਦਿੰਦੀ ਹੈ। ਚੰਦਰਮਾਸ ਦੀ ਇਹ ਤਿੱਥ ਇੱਕ ਪਾਵਨ ਖ਼ਬਰ ਅਤੇ ਰੱਬੀ ਨਜ਼ਰ ਦਾ ਆਗਾਜ਼ ਹੈ, ਜੋ ਦਸਮ ਪਿਤਾ ਦੇ ਪ੍ਰਕਾਸ਼ ਦਿਵਸ ਵਜੋਂ ਸਿੱਖ ਸਮਾਜ ਦੇ ਚੇਤਿਆਂ ਵਿੱਚ ਵੱਸੀ ਤੇ ਰਸੀ ਹੋਈ ਹੈ। ਗੁਰੂ ਗੋਬਿੰਦ ਸਿੰਘ ਜੀ ਨੂੰ ਅਨੇਕ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ। ਦਸਮ ਪਾਤਸ਼ਾਹ, ਦਸਮੇਸ਼ ਪਿਤਾ, ਕਲਗੀਆਂ ਵਾਲ਼ਾ, ਨੀਲੇ ਵਾਲ਼ਾ, ਚਿੱਟਿਆਂ ਬਾਜਾਂ ਵਾਲ਼ਾ, ਬਾਲਾ ਪ੍ਰੀਤਮ, ਚੋਜੀ ਪ੍ਰੀਤਮ, ਬਾਦਸ਼ਾਹ ਦਰਵੇਸ਼, ਪੰਥ ਦਾ ਵਾਲੀ, ਸਰਬੰਸ ਦਾਨੀ, ਸਾਹਿਬੇ ਕਮਾਲ ਆਦਿ। ਉਨ੍ਹਾਂ ਦੇ ਹਰੇਕ ਨਾਂ ਵਿਚ ਕੋਈ ਗਹਿਰੀ ਰਮਜ਼ ਛਿਪੀ ਹੈ।

ਦਸਮ ਪਿਤਾ ਦਾ ਸਭ ਤੋਂ ਮਹਾਨ ਅਤੇ ਨਾਟਕੀ ਕਰਤਬ 1699 ਦੀ ਵਿਸਾਖੀ ਸਮੇਂ ਖਾਲਸੇ ਦੀ ਸਾਜਨਾ ਮੰਨਿਆ ਜਾਂਦਾ ਹੈ। ਇਸ ਸਮੇਂ ਉਨ੍ਹਾਂ ਵਿਸ਼ੇਸ਼ ਤੌਰ 'ਤੇ ਨੀਲੇ ਵਸਤਰ ਧਾਰਨ ਕੀਤੇ ਸਨ। ਉਨ੍ਹਾਂ ਦੇ ਇਸ ਸਰੂਪ ਦੀ ਮਹਿਮਾ ਦੇ ਉਪਾਸ਼ਕ ਨਿਹੰਗ ਸਿੰਘ ਹਮੇਸ਼ਾਂ ਨੀਲੇ ਵਸਤਰ ਹੀ ਪਹਿਨਦੇ ਹਨ। ਸ਼੍ਰੋਮਣੀ ਅਕਾਲੀ ਦਲ ਨੇ ਵੀ ਇਸੇ ਕਾਰਨ ਨੀਲੀ ਦਸਤਾਰ ਨੂੰ ਆਪਣੀ ਪਛਾਣ ਬਣਾਇਆ ਸੀ। ਵਸਤਰਾਂ ਦੇ ਨੀਲੇ ਰੰਗ ਦਾ ਕੀ ਮਨੋਰਥ ਹੋ ਸਕਦਾ ਹੈ? ਇਸ ਸਵਾਲ ਦਾ ਜਵਾਬ ਬੜਾ ਅਹਿਮ ਅਤੇ ਦਿਲਚਸਪ ਹੈ।



ਭਾਰਤੀ ਰੰਗ ਪਰੰਪਰਾ ਵਿਚ ਨੀਲਾ ਰੰਗ ਮਰਿਆਦਾ ਦਾ ਸੂਚਕ ਅਤੇ ਪ੍ਰੇਰਕ ਸਮਝਿਆ ਗਿਆ। ਇਹ ਰੰਗ ਭਗਵਾਨ ਕ੍ਰਿਸ਼ਨ ਦੇ ਭਰਾਤਾ ਬਲਰਾਮ ਜੀ ਨਾਲ ਜੁੜਿਆ ਹੋਇਆ ਹੈ ਜੋ ਕਿ 'ਜੰਗ ਵਿੱਚ ਸਭ ਜਿ ?ਜ਼' ਦੇ ਸਿਧਾਂਤ ਤੋਂ ਉਲਟ ਚੰਗੇ ਉਪਲਕਸ਼ ਦੀ ਪ੍ਰਾਪਤੀ ਲਈ ਚੰਗੇ ਸਾਧਨ ਅਜ਼ਮਾਉਣ ਵਾਲੀ ਸੋਚ ਦੇ ਪ੍ਰਤੀਕ ਸਨ। ਚੌਥੇ ਪਾਤਸਾਹ ਨੇ ਵੀ ਲਾਵਾਂ ਦੇ ਪਾਠ ਵਿਚ ਅਕਾਲ ਪੁਰਖ ਨੂੰ ਬਲਿਰਾਮ ਦੇ ਨਾਂ ਨਾਲ ਯਾਦ ਕੀਤਾ ਅਤੇ ਸੱਤ ਫ਼ੇਰਿਆਂ ਦੀ ਥਾਂ ਚਾਰ ਲਾਵਾਂ ਦੀ ਮਰਿਆਦਾ ਪ੍ਰਚੱਲਤ ਕੀਤੀ। ਸੱਤ ਫ਼ੇਰਿਆਂ ਵਿਚ ਕੇਵਲ ਸੱਤ ਜਨਮਾਂ ਦਾ ਸਬੰਧ ਹੈ, ਜਦਕਿ ਚਾਰ ਲਾਵਾਂ ਵਿਚ ਚਾਰ ਯੁੱਗਾਂ, ਅਰਥਾਤ ਅਨੰਤ ਕਾਲ ਦੀ ਸਾਂਝ ਹੈ। ਫ਼ੇਰਾ ਵੀ ਕੇਵਲ ਗੇੜੀ ਜਾਂ ਮਹਿਜ਼ ਆਉਣ ਜਾਣ ਨੂੰ ਆਖਿਆ ਜਾਂਦਾ ਹੈ, ਜਦਕਿ ਲਾਂਵ ਸ਼ਬਦ ਅਨੰਦ ਦਾ ਪਰਿਆਇ ਹੈ। ਇਸੇ ਕਰਕੇ ਲਾਵਾਂ ਦੀ ਰਸਮ ਨੂੰ ਅਨੰਦ ਕਾਰਜ ਆਖਿਆ ਗਿਆ। ਗੁਰਮਤਿ ਅਨੁਸਾਰ ਨੀਲੇ ਰੰਗ ਵਿਚ ਗ੍ਰਹਿਸਤ ਦੇ ਮਰਿਆਦਤ ਆਨੰਦ ਦੀ ਆਗਿਆ ਹੈ।

ਦਸਮ ਪਿਤਾ ਨੇ ਸਾਲ 1699 ਦੀ ਵਿਸਾਖੀ ਨੂੰ ਨੀਲੇ ਵਸਤਰ ਧਾਰਣ ਕਰਕੇ ਇਹ ਦਰਸਾ ਦਿੱਤਾ ਸੀ ਕਿ ਉਹ ਕੋਈ ਨੀਤੀਵੇਤਾ ਨਹੀਂ, ਬਲਕਿ ਮਰਿਆਦਾ ਦੇ ਪਾਬੰਦ ਹਨ। ਉਨ੍ਹਾਂ ਜੀਵਨ ਦੇ ਹਰ ਪਹਿਲੂ ਨੂੰ ਮਰਿਆਦਾ ਦੇ ਅਨੁਸਾਰੀ ਬਣਾਇਆ। ਆਮ ਤੌਰ 'ਤੇ ਬੰਦਾ ਪ੍ਰੇਮ ਅਤੇ ਜੰਗ ਵਿਚ ਹੀ ਮਰਿਆਦਾ ਵਿਸਾਰਦਾ ਹੈ। ਪਰ ਗੁਰੂ ਸਾਹਿਬ ਨੇ, ਹਰ ਹਾਲਤ ਵਿਚ, ਮਰਿਆਦਾ ਨੂੰ ਯਕੀਨਨ ਅਤੇ ਨਿਸ਼ਚਿਤ ਕੀਤਾ। ਦੁਸ਼ਮਣਾਂ ਨੇ ਦੇਖਿਆ ਕਿ ਗੁਰੂ ਦੇ ਸਿੱਖ ਕਿਸੇ ਭੱਜੇ ਜਾਂਦੇ, ਡਿੱਗੇ, ਨਿਹੱਥੇ, ਕਿਸੇ ਇਸਤਰੀ, ਬਾਲ ਅਤੇ ਬਿਰਧ 'ਤੇ ਵਾਰ ਨਹੀਂ ਕਰਦੇ। ਆਪਣੀ ਵਿਆਹੁਤਾ ਇਸਤਰੀ ਬਿਨਾਂ ਹਰ ਔਰਤ ਨੂੰ ਮਾਂ ਜਾਂ ਭੈਣ ਤਸਲੀਮ ਕਰਦੇ ਹਨ। ਸ਼ਾਇਦ ਇਸੇ ਲਈ ਸਿੱਖ ਹਰ ਉਮਰ ਦੀ ਇਸਤਰੀ ਨੂੰ ਮਾਈ ਆਖਦੇ ਸਨ। ਮਾਈ ਸ਼ਬਦ ਵਿਚ ਹੀ ਕਿਸੇ ਕਲੋਲ, ਚੁਹਲ ਜਾਂ ਉਲੇਲ ਦੀ ਗੁੰਜਾਇਸ਼ ਨਹੀਂ ਹੈ।

ਇਕ ਦਫ਼ਾ ਸਿੱਖਾਂ ਨੇ ਗੁਰੂ ਸਾਹਿਬ ਨੂੰ ਸਵਾਲ ਵੀ ਕੀਤਾ ਸੀ ਕਿ ਉਨ੍ਹਾਂ ਨੂੰ ਇਸ ਯੁੱਧ ਸਿਧਾਂਤ ਜਾਂ ਨੇਮ ਲਈ ਏਨੀ ਸਖ਼ਤ ਤਾੜਨਾ ਕਿਉਂ ਕੀਤੀ ਗਈ ਹੈ। ਜਵਾਬ ਵਿਚ ਗੁਰੂ ਸਾਹਿਬ ਨੇ ਆਖਿਆ ਸੀ, "ਹਮ ਲੇ ਜਾਨੋ ਪੰਥ ਉਚੇਰੋ, ਅਧੋਗਤੀ ਕੋ ਨਹਿ ਪਹੁੰਚਾਵੈਂ।" ਬਾਦਸ਼ਾਹ ਬਹਾਦਰ ਸ਼ਾਹ ਨੇ ਬੰਦਾ ਬਹਾਦਰ ਦੇ ਸਮੇਂ ਸ਼ਾਹੀ ਫ਼ੁਰਮਾਨ ਜਾਰੀ ਕਰ ਦਿਤਾ ਸੀ ਕਿ ਜਿਥੇ ਕਿਤੇ ਸਿੱਖ ਨਜ਼ਰ ਆਏ, ਬਿਨਾ ਦੇਰੀ ਬਿਨਾ ਕਿਸੇ ਪੁੱਛ ਪੜਤਾਲ਼ ਦੇ ਮਾਰ ਮੁਕਾ ਦਿਤਾ ਜਾਵੇ। ਇਸਦੇ ਜਵਾਬ ਵਿਚ ਬੰਦਾ ਬਹਾਦਰ ਨੇ ਜੰਗ ਦੀ ਖ਼ਾਲਸਈ ਮਰਿਆਦਾ ਦਾ ਐਲਾਨ ਕੀਤਾ ਸੀ ਕਿ ਸਿੱਖਾਂ ਦੀ ਕਿਸੇ ਜਾਤ ਜਾਂ ਮਜ਼ਹਬ ਨਾਲ ਨਿਜੀ ਕਿੜ ਨਹੀਂ ਹੈ, ਉਹ ਸਿਰਫ਼ ਤੇ ਸਿਰਫ਼ ਜ਼ੁਲਮ ਦੇ ਖ਼ਿਲਾਫ਼ ਹਨ।

ਵੀਹਵੀਂ ਸਦੀ ਦੇ ਆਰੰਭ ਵਿਚ ਜਰਮਨ ਚਿੱਤਰਕਾਰ ਫ਼ਰੈਂਜ਼ ਮਾਰਕ ਨੇ ਇੱਕ ਨੀਲੇ ਘੋੜੇ ਦਾ ਚਿਤਰ ਬਣਾਇਆ ਅਤੇ ਰੰਗਾਂ ਦੀ ਵਿਆਖਿਆ ਕਰਦਿਆਂ ਉਸਨੇ ਦੱਸਿਆ ਕਿ ਨੀਲਾ ਰੰਗ ਸੂਰਮਗਤੀ, ਬੀਰਤਾ ਅਤੇ ਅਧਿਆਤਮਿਕ ਮਨੋਭਾਵਾਂ ਦਾ ਸੂਚਕ ਅਤੇ ਪ੍ਰੇਰਕ ਹੈ, ਪੀਲ਼ੇ ਰੰਗ ਵਿਚ ਇਸਤਰੀ ਚੁਹਲ ਦੀ ਕਸ਼ਿਸ਼ ਹੈ। ਲਾਲ ਰੰਗ ਵਿਚ ਰੁਦ੍ਰ ਅਤੇ ਹਿੰਸਾ ਦੀ ਉਕਸਾਹਟ ਹੈ। ਦਸਮ ਪਿਤਾ ਨੇ ਆਪਣੇ ਖ਼ਾਸ, ਸਹਿਜ ਰੂਪ, ਸਾਬਤ ਸੂਰਤ ਅਤੇ ਸਾਬਤ ਚਿਤ ਖ਼ਾਲਸੇ ਨੂੰ 'ਸਾਬਤ ਮਰਦਾਨਾ' ਆਖਿਆ ਸੀ। ਅਰਬੀ ਭਾਸ਼ਾ ਵਿਚ ਸਾਬਤ ਦਾ ਅਰਥ ਅਖੰਡ, ਪਰਿਪੂਰਣ ਅਤੇ ਮੁਕੰਮਲ ਕੀਤੇ ਗਏ ਹਨ। ਮਰਦ ਸ਼ਬਦ ਵੀ ਮਹਿਜ਼ ਲਿੰਗ ਭੇਦ ਦਾ ਸੂਚਕ ਨਹੀਂ, ਬਲਕਿ ਬੁਨਿਆਦੀ ਤੌਰ ਪਰ ਸੂਰਬੀਰਤਾ ਭਰੇ ਸਦਗੁਣ ਕਿਰਦਾਰ ਦਾ ਸੂਚਕ ਅਤੇ ਪ੍ਰੇਰਕ ਹੈ।

ਦਸਮ ਪਿਤਾ ਨੇ ਮਾਛੀਵਾੜੇ ਦੀ ਘੇਰਾਬੰਦੀ 'ਚੋਂ ਨਿਕਲਣ ਲੱਗਿਆਂ, ਉੱਚ ਦੇ ਪੀਰੀ ਲਿਬਾਸ ਵਜੋਂ, ਨੀਲਾ ਚੋਲ਼ਾ ਪਹਿਨ ਲਿਆ ਸੀ। ਇਹ ਚੋਲ਼ਾ ਮਾਛੀਵਾੜੇ ਦੀ ਇੱਕ ਬਿਰਧ ਮਾਤਾ ਗੁਰਦੇਈ ਨੇ ਆਪ ਕੱਤ ਕੇ ਤਿਆਰ ਕੀਤਾ ਸੀ, ਜਿਸਨੂੰ ਗੁਰੂ ਸਾਹਿਬ ਨੇ ਲਲਾਰੀ ਤੋਂ ਨੀਲਾ ਰੰਗਵਾ ਲਿਆ ਸੀ। ਇਸੇ ਲਿਬਾਸ ਵਿਚ ਉਹ ਫਿਲਵਾਂ ਵਿਖੇ ਰਿਸ਼ਤੇ ਵਿਚ ਲਗਦੇ ਭਾਈ ਦੇ ਘਰ ਪਧਾਰੇ ਸਨ, ਜਿਸਨੇ ਗੁਰੂ ਸਾਹਿਬ ਦੇ ਨੀਲੇ ਰੰਗ ਦੇ ਤੁਰਕੀ, ਪਠਾਣੀ ਲਿਬਾਸ ਪਹਿਨਣ 'ਤੇ ਇਤਰਾਜ਼ ਕੀਤਾ ਸੀ। ਗੁਰੂ ਸਾਹਿਬ ਨੇ ਨੀਲਾ ਚੋਲ਼ਾ ਉਤਾਰ ਕੇ ਆਪਣੇ ਭਾਈ ਵਲੋਂ ਭੇਟ ਕੀਤਾ ਚਿੱਟਾ ਚੋਲ਼ਾ ਪਹਿਨ ਲਿਆ ਸੀ ਅਤੇ ਉਤਾਰਿਆ ਹੋਇਆ ਨੀਲਾ ਚੋਲ਼ਾ ਪਾੜ ਕੇ ਲੀਰਾਂ ਨੂੰ ਅਗਨ ਭੇਟ ਕਰ ਦਿਤਾ ਸੀ। ਕੋਲ਼ ਖੜ੍ਹੇ ਭਾਈ ਮਾਨ ਸਿੰਘ ਨੇ ਉਸਦੀ ਇਕ ਕੰਤਰ ਮੰਗ ਕੇ ਆਪਣੀ ਦਸਤਾਰ 'ਤੇ ਲਪੇਟ ਲਈ ਸੀ ਜਿਸਨੂੰ ਦੇਖ ਕੇ ਦਸਮ ਪਿਤਾ ਨੇ ਉਸਦੇ ਨੀਲੇ ਬਾਣੇ ਵਾਲ਼ੇ ਪੰਥ ਦੇ ਪ੍ਰਚੱਲਣ ਦਾ ਬਚਨ ਕਰ ਦਿਤਾ ਸੀ। ਗੁਰੂ ਕੀਆਂ ਲਾਡਲੀਆਂ ਫੌਜਾਂ, ਨਿਹੰਗ ਸਿੰਘ ਆਪਣੇ ਆਪ ਨੂੰ ਇਸੇ ਪਰੰਪਰਾ ਨਾਲ ਜੋੜਦੇ ਹਨ ਅਤੇ ਹਮੇਸ਼ਾ ਨੀਲੇ ਵਸਤਰ ਧਾਰਣ ਕਰਦੇ ਹਨ।

ਸਾਗਰਾਂ ਦੀ ਗਹਿਰਾਈ ਤੇ ਅਸਮਾਨੀ ਉਚਾਈ ਦਾ ਲਖਾਇਕ ਨੀਲਾ ਰੰਗ ਖ਼ਾਲਸਾ ਪੰਥ ਦਾ ਮਨਭਾਉਂਦਾ ਰੰਗ ਹੈ, ਜਿਸ ਵਿਚ ਦਸਮ ਪਿਤਾ ਦੀ ਬਖ਼ਸ਼ਿਸ਼ ਅਤੇ ਜੰਗ ਤੇ ਪ੍ਰੇਮ ਦੀ ਮਰਿਆਦਾ ਦਾ ਸਿਧਾਂਤ ਅਤੇ ਨੇਮ ਨਿਹਿਤ ਹੈ। ਖ਼ਾਲਸਾ ਨਿਰਮੋਹ ਦਾ ਉਹ ਗੜ੍ਹ ਹੈ ਜੋ ਪ੍ਰੇਮ ਵਿਚ ਉਪਭਾਵੁਕ ਹੋ ਕੇ ਮੋਹ ਦੀਆਂ ਤੰਦਾਂ ਵਿਚ ਨਹੀਂ ਬੱਝਦਾ ਅਤੇ ਜੰਗ ਦੌਰਾਨ ਤੈਸ਼ ਵਿਚ ਆ ਕੇ ਹੋਸ਼ ਨਹੀਂ ਗੁਆਉਂਦਾ। ਖ਼ਾਲਸੇ ਦੀ ਇਸ ਨੀਲੇ ਰੰਗੀ ਸਾਬਤ ਮਰਦਾਨਗੀ ਵਿਚ ਮਾਤਾ ਗੁਰਦੇਈ ਦੀ ਪ੍ਰੀਤ ਅਤੇ ਉੱਚ ਸ਼ਰੀਫ਼ ਦੀ ਬੀਬੀ ਜਾਵਿੰਦੀ ਦੀ ਬੰਦਗੀ ਵੀ ਘੁਲ਼ੀ ਹੋਈ ਹੈ। ਉੱਚ ਦੇ ਪੀਰ, ਇਸਲਾਮ ਦਾ ਪਸੰਦੀਦਾ ਹਰਾ ਰੰਗ ਨਹੀਂ, ਬਲਕਿ ਨੀਲਾ ਰੰਗ ਪਹਿਨਦੇ ਸਨ। ਉੱਚ ਸ਼ਰੀਫ਼ ਵਿਚ ਬੀਬੀ ਜਾਵਿੰਦੀ ਦੀ ਬੰਦਗੀ ਦੀ ਯਾਦ ਦਿਵਾਉਂਦਾ ਨੀਲਧਾਰੀ ਮਕਬਰਾ ਸੁਸ਼ੋਭਿਤ ਹੈ। ਇਸਲਾਮ ਦਾ ਹਰਾ ਰੰਗ ਪਲ਼ਟ ਕੇ ਨੀਲਾ ਕਿਵੇਂ ਹੋਇਆ, ਸੂਫ਼ੀਆਂ ਦਾ ਹਰਮਨ ਪਿਆਰਾ ਰੰਗ ਕਿਉਂ ਬਣਿਆ ਅਤੇ ਬਾਬਾ ਫ਼ਰੀਦ ਰਾਹੀਂ ਗੁਰੂ ਘਰ ਵਿਚ ਕਿਵੇਂ ਪ੍ਰਵੇਸ਼ ਕੀਤਾ, ਇਹ ਦਿਲਚਸਪ ਵਿਸ਼ਾ ਹੈ।

ਕ੍ਰਿਸ਼ਨ ਜੀ ਦੇ ਪੀਲ਼ੇ ਹਿੰਦੂ ਰੰਗ ਅਤੇ ਹਜ਼ਰਤ ਮੁਹੰਮਦ ਦੇ ਇਸਲਾਮੀ ਹਰੇ ਰੰਗ ਦੀ ਬਰਾਬਰ ਮਾਤਰਾ ਵਿਚ ਮਿਲਤਰ ਨੀਲੇ ਰੰਗ ਵਿਚ ਪਲ਼ਟ ਜਾਂਦੀ ਹੈ। ਕੀ ਜਾਣੀਏ ਕਿ ਨੀਲੇ ਰੰਗ ਵਿਚ "ਹਿੰਦੂ ਤੁਰਕ ਕੀ ਕਾਣ" ਮੇਟਣ ਦਾ ਸਿੰਘ ਆਦਰਸ਼ ਵੀ ਛਿਪਿਆ ਹੋਵੇ।

ਖ਼ੈਰ, ਗੁਰੂ ਕੀਆਂ ਗੁਰੂ ਜਾਣੇ। ਗੁਰੂ ਦੇ ਕੌਤਕ, ਚੋਜ ਅਤੇ ਇਸ਼ਾਰੇ ਮਾਨਵੀ ਸਮਝ ਤੋਂ ਪਰੇ ਦੀਆਂ ਗੱਲਾਂ ਹਨ। ਅਕਲ ਦੇ ਘੋੜੇ ਦੌੜਾ ਦੌੜਾ ਕੇ ਜਿੰਨੀ ਵੀ ਸਾਨੂੰ ਸਮਝ ਪੈਂਦੀ ਹੈ, ਸੋਝੀ ਹੁੰਦੀ ਹੈ ਜਾਂ ਕਿਆਫ਼ਾ ਲਗਦਾ ਹੈ, ਉਸ ਮੁਤਾਬਕ ਉਕਤ ਮਰਿਆਦਾ ਇੱਕ ਸ਼ੀਸ਼ਾ ਹੈ ਜਿਸ ਵਿਚੋਂ ਖ਼ਾਲਸਾ ਅੰਦਾਜ਼ਾ ਲਗਾ ਸਕਦਾ ਹੈ ਕਿ ਉਹ ਕਿਸ ਕਦਰ ਖ਼ਾਲਸ ਹੈ।

# ਸ਼ਹੀਦਾਂ ਨੂੰ ਸਿਜਦਾ- ਇੱਟਾਂ ਸੁੱਟ ਕੇ ?

ਤਰਲੋਚਨ ਸਿੰਘ ਦੁਪਾਲ ਪੁਰ (ਫੋਨ : 408-915-1268)
Email: tsdupalpuri@yahoo.com

ਸ਼ਹਿਰ ਸਰਹਿੰਦ ਵਿਚ ਵਾਪਰੇ ਛੋਟੇ ਸਾਹਿਬਜ਼ਾਦਿਆਂ ਦੇ ਖ਼ੂਨੀ ਸਾਕੇ ਨੂੰ ਭਾਵੇਂ ਤਿੰਨ ਸਦੀਆਂ ਤੋਂ ਕੁੱਝ ਸਾਲ ਉੱਤੇ ਬੀਤ ਗਏ ਹਨ। ਪਰ ਸਿੱਖ ਇਤਿਹਾਸ ਬਾਬਤ ਥੋੜ੍ਹੀ ਬਹੁਤ ਜਾਣਕਾਰੀ ਰੱਖਣ ਵਾਲੇ ਕਿਸੇ ਵੀ ਵਿਅਕਤੀ ਸਾਹਮਣੇ ਜਦੋਂ ਪੰਜਾਬ ਦੇ ਇਸ ਸ਼ਹਿਰ ਦਾ ਜ਼ਿਕਰ ਹੋਵੇ ਤਾਂ ਉਸ ਦੇ ਦਿਲ ਦਿਮਾਗ ਵਿਚ ਸੁਤੇ ਹੀ ਸਰਹਿੰਦ ਦੀਆਂ ਖ਼ੂਨੀ ਨੀਹਾਂ ਆ ਜਾਂਦੀਆਂ ਹਨ ਅਤੇ ਉਥੇ ਹੋਏ ਘੋਰ ਜ਼ੁਲਮ ਵਿਰੁੱਧ ਗੁੱਸੇ ਦੀਆਂ ਚਿਣਗਾਂ ਫੁੱਟਣ ਲੱਗ ਪੈਂਦੀਆਂ ਹਨ। ਵਧੇ ਹੋਏ ਆਵਾਜਾਈ ਦੇ ਸਾਧਨਾਂ ਸਦਕਾ ਸ੍ਰੀ ਫਤਹਿਗੜ੍ਹ ਸਾਹਿਬ ਦੇ ਅਸਥਾਨ ਉੱਤੇ ਜੁੜਦੇ ਸ਼ਹੀਦੀ



ਜੋੜ ਮੇਲਿਆਂ ਵਿਚ ਸੰਗਤਾਂ ਦੇ ਪਹਿਲੇ ਸਮਿਆਂ ਨਾਲੋਂ ਵੱਧ ਇੱਕਠ ਜੁੜਦੇ ਹਨ। ਪਰ ਜਿੱਥੇ ਸਾਡੇ 'ਚ ਸ਼ਰਧਾ ਤੇ ਜਜ਼ਬਾ ਘਟਦੇ ਜਾ ਰਹੇ ਹਨ, ਉੱਥੇ ਅਸੀਂ ਸੀਨਾ ਬਸੀਨਾ ਤੁਰੀਆਂ ਆ ਰਹੀਆਂ ਰੀਤਾਂ ਰਵਾਇਤਾਂ ਤੋਂ ਵੀ ਅਣਜਾਣ ਹੁੰਦੇ ਜਾ ਰਹੇ ਹਾਂ। ਦਸੰਬਰ ਦਾ ਸ਼ਹੀਦੀ ਹਫ਼ਤਾ ਸ਼ੁਰੂ ਹੁੰਦਿਆਂ ਹੀ ਮੇਰੇ ਜ਼ਿਹਨ ਵਿਚ ਸਰਹਿੰਦ ਪ੍ਰਤੀ ਗੁੱਸੇ ਦੀ ਇਕ ਅੱਖੀਂ ਦੇਖੀ ਮਿਸਾਲ ਘੁੰਮਣ ਲੱਗ ਪੈਂਦੀ ਹੈ। ਅੰਦਾਜ਼ਨ ਸੰਨ 70-71 ਤੋਂ ਪਹਿਲੇ ਕਿਸੇ ਦਸੰਬਰ ਮਹੀਨੇ ਦੀ ਗੱਲ ਹੈ। ਮੈਂ ਆਪਣੇ ਭਾਈਆਂ ਜੀ ਨਾਲ ਸਾਈਕਲ 'ਤੇ ਬਹਿ ਕੇ ਸਰਹਿੰਦ ਦੇ ਸ਼ਹੀਦੀ ਜੋੜ ਮੇਲੇ ਵਿਚ ਸ਼ਾਮਲ ਹੋਇਆ ਸਾਂ। ਸਭਾ ਦੀ ਸਮਾਪਤੀ ਉਪਰੰਤ ਜਦੋਂ ਅਸੀਂ ਸ਼ਹਿਰ 'ਚੋਂ ਥੋੜ੍ਹਾ ਜਿਹਾ ਬਾਹਰ ਨਿਕਲੇ ਤਾਂ ਭਾਈਆਂ ਜੀ ਨੇ ਵਿਹਲੇ ਜਿਹੇ ਥਾਂ ਸਾਈਕਲ ਖੜ੍ਹਾ ਕੀਤਾ। ਦੂਰੋਂ ਝੂਲਦੇ ਦਿਖਾਈ ਦੇ ਰਹੇ ਸ਼ਹੀਦੀ ਅਸਥਾਨ ਦੇ ਨਿਸ਼ਾਨ ਸਾਹਿਬ ਵੱਲ ਤੱਕਦਿਆਂ ਉਨ੍ਹਾਂ ਦਿਲ ਹੀ ਦਿਲ ਅਰਦਾਸ ਕੀਤੀ ਅਤੇ ਲਾਗੇ ਪਏ ਮਲਬੇ ਵਿਚੋਂ ਇਕ ਦੋ ਨਿੱਕੀਆਂ ਇੱਟਾਂ ਚੁੱਕੀਆਂ। ਥੋੜ੍ਹਾ ਝਾੜ ਕੇ ਹੈਂਡਲ ਨਾਲ ਟੰਗੇ ਝੋਲੇ ਵਿਚ ਪਾ ਲਈਆਂ। ਇੰਜ ਮਿੱਟੀ ਘੱਟੇ ਵਿਚੋਂ ਦੋ ਇੱਟਾਂ ਝੋਲੇ 'ਚ ਪਾਉਣ ਤੋਂ ਮੈਂ ਹੈਰਾਨ ਤਾਂ ਹੋਇਆ। ਪਰ ਸਾਰੀ ਵਾਟ ਉਨ੍ਹਾਂ ਤੋਂ ਪੁੱਛਣ ਦਾ ਹੀਆ ਨਾ ਕਰ ਸਕਿਆ।

ਮੇਰੇ ਲਈ ਭੇਤ ਬਣੀ ਹੋਈ ਇਸ ਗੱਲ ਦਾ ਰਾਜ ਦਰਿਆ ਸਤਿਲੁਜ 'ਤੇ ਆ ਕੇ ਖੁੱਲ੍ਹਿਆ। ਜਿੱਥੇ ਅਸੀਂ ਰਾਹੋਂ ਵੱਲ ਨੂੰ ਆਉਣ ਲਈ ਬੇੜੀ ਰਾਹੀਂ ਦਰਿਆ ਪਾ ਕਰਨਾ ਸੀ। ਪਿੰਡ ਈਸਾ ਪੁਰ ਦੇ ਪੱਤਣ ਤੋਂ ਅਸੀਂ ਬੇੜੀ ਵਿਚ ਬੈਠ ਗਏ। ਸਤਿਲੁਜ ਦੇ ਕਲ ਕਲ ਵਗਦੇ ਉਦੋਂ ਨੀਲੇ ਸ਼ਫਾਰਕ ਠੰਢੇ ਯੱਖ ਪਾਣੀ ਵਿਚ ਜਦੋਂ ਬੇੜੀ ਅੱਧ ਵਿਚਕਾਰ ਪਹੁੰਚੀ ਤਾਂ ਭਾਈਆਂ ਜੀ ਨੇ ਨਾਲੇ ਰੋਹ ਵਿਚ ਬੋਲੇ ਸੋ ਨਿਹਾਲ ਦਾ ਜੈਕਾਰਾ ਛੱਡਿਆ ਤੇ ਨਾਲੇ ਝੋਲੇ ਵਿਚੋਂ ਉਹ ਦੋਵੇਂ ਇੱਟਾਂ ਕੱਢ ਕੇ ਪਾਣੀ 'ਚ ਵਗਾਹ ਮਾਰੀਆਂ। ਫਿਰ ਉਨ੍ਹਾਂ ਕੁੰਠਿਤ ਗਲ਼ੇ ਨਾਲ ਵੈਰਾਗ ਮਈ ਸ਼ਬਦਾਵਲੀ ਵਿਚ ਦਸਿਆ ਕਿ ਪੁਰਾਤਨ ਸਿੰਘ ਸਰਹਿੰਦ ਵਿਚ ਵਾਪਰੇ ਸਾਹਿਬਜ਼ਾਦਿਆਂ ਦੇ ਦਰਦਨਾਕ ਖ਼ੂਨੀ ਸਾਕੇ ਦੇ ਰੋਸ ਵਿਚ ਸਰਹਿੰਦ ਨੂੰ ਉਜਾੜਨ ਦੇ ਪ੍ਰਤੀਕ ਵਜੋਂ ਇਕ-ਇਕ ਦੋ-ਦੋ ਇੱਟਾਂ ਇੰਜ ਚੁੱਕ ਲਿਆਇਆ ਕਰਦੇ ਸਨ। ਮੈਨੂੰ ਯਾਦ ਹੈ ਕਿ ਬੇੜੀ ਵਿਚ ਹੱਥ ਜੋੜੀ ਬੈਠੀਆਂ ਹੋਰ ਸਵਾਰੀਆਂ ਨੇ ਬੜੀ ਸਿੱਤੇ ਨਿਹਚਾ ਨਾਲ ਭਾਈਆ ਜੀ ਦੇ ਮੂੰਹੋਂ ਬਿਰਤਾਂਤ ਸੁਣਿਆ ਸੀ। ਸਮੇਂ ਬਦਲ ਗਏ ਨਾ ਉਹ ਸ਼ਰਧਾ ਰਹੀ ਨਾ ਉਹ ਜਜ਼ਬਾ ਰਿਹਾ ਸਾਡੇ ਵਡਾਰੂ ਪੈਦਲ ਜਾਂ ਸਾਈਕਲਾਂ 'ਤੇ ਸਭਾ ਦੇ ਨਾਮ ਹੇਠ ਜੁੜਦੇ ਇਨ੍ਹਾਂ ਜੋੜ ਮੇਲਿਆਂ ਵਿਚ ਬਿਨਾ ਨਾਗਾ ਹਾਜ਼ਰੀਆਂ ਭਰਦੇ ਰਹੇ ਅੱਜ ਸਾਡੇ ਕੋਲ ਤੇਜ਼ ਤਰਾਰ ਸਾਧਨ ਤਾਂ ਹੋ ਗਏ, ਪਰ ਚਲੋ ਹੁਣ ਘੁੱਗ ਵਸਦੇ ਸ਼ਹਿਰ ਸਰਹਿੰਦ ਤੋਂ ਇੱਟਾਂ ਚੁੱਕ ਕੇ ਲਿਆਉਣ ਦੀ ਬਜਾਏ ਆਪਣੇ ਦਿਲਾਂ ਵਿਚ ਪਈਆਂ ਨਫਰਤ, ਸਾੜੇ, ਅਗਿਆਨਤਾ, ਅੰਧ-ਵਿਸ਼ਵਾਸ਼ ਅਤੇ ਖ਼ੁਦਗਰਜ਼ੀ ਵਗੈਰਾ ਦੀਆਂ ਅਤਿ ਮਲੀਨ ਇੱਟਾਂ ਨੂੰ ਬਾਹਰ ਵਗਾਹ ਮਾਰਦਿਆਂ ਸ਼ਹੀਦਾਂ ਨੂੰ ਸਿਜਦਾ ਕਰੀਏ।

# ਜਿਨ੍ਹਾਂ ਸਿਦਕ ਨਹੀਂ ਹਾਰਿਆ

**ਜਗਤਾਰਜੀਤ ਸਿੰਘ**
**(ਸੰਪਰਕ: 98990-91186)**

ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਨੂੰ ਅੰਮ੍ਰਿਤਪਾਨ ਕਰਵਾ ਕੇ ਸਿੰਘ ਸਜਾਇਆ ਤਾਂ 'ਨਾਨਕ ਪੰਥ' ਦੀ ਦਿਸ਼ਾ ਅਤੇ ਦਸ਼ਾ ਵਿੱਚ ਅਮੋੜ ਪਰਿਵਰਤਨ



ਹੋਇਆ। ਉਂਜ, ਬਦਲਾਅ ਦੀ ਰੀਤ ਗੁਰੂ ਹਰਿਗੋਬਿੰਦ ਜੀ ਦੇ ਵੇਲੇ ਹੀ ਸ਼ੁਰੂ ਹੋ ਗਈ ਸੀ ਜਦੋਂ ਉਨ੍ਹਾਂ ਨੇ ਮੀਰੀ ਤੇ ਪੀਰੀ ਦੀਆਂ ਦੋ ਕਿਰਪਾਨਾਂ ਧਾਰਨ ਕੀਤੀਆਂ ਸਨ। ਦਸਮ ਪਾਤਸ਼ਾਹ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਨੇ ਸਿੱਖ ਜਲੌਅ ਨੂੰ ਮੁੜ ਸਥਾਪਿਤ ਕਰਨ ਦਾ ਉਪਰਾਲਾ ਕੀਤਾ। ਉਨ੍ਹਾਂ ਦੀ ਸ਼ਹੀਦੀ ਮਗਰੋਂ ਸਿੱਖਾਂ ਉੱਪਰ ਜ਼ੁਲਮ ਵਧਦੇ ਹੀ ਗਏ। ਮੀਰ ਮਨੂੰ ਸਿੱਖਾਂ ਉੱਪਰ ਜ਼ੁਲਮ ਕਮਾਉਣ ਵਿੱਚ ਮੋਹਰੀ ਬਣ ਉੱਭਰਿਆ। ਉਹ 1748 ਤੋਂ 1753 ਤਕ ਲਾਹੌਰ ਅਤੇ ਮੁਲਤਾਨ ਦਾ ਗਵਰਨਰ ਰਿਹਾ।

ਚਿੱਤਰਕਾਰ ਕਿਰਪਾਲ ਸਿੰਘ ਨੇ ਉਸੇ ਸਮੇਂ ਦੇ ਅਤਿਆਚਾਰੀ ਮਾਹੌਲ ਨੂੰ ਚਿਤਰਿਆ। ਸਿੱਖਾਂ ਦੇ ਸਿਰ ਪੈਸੇ ਕਮਾਉਣ ਦਾ ਸਾਧਨ ਬਣ ਗਏ ਸਨ ਜਿੱਥੇ ਲੁੱਟ ਦੀ ਬਜਾਏ ਮਾਰਨ ਨੂੰ ਤਰਜੀਹ ਦਿੱਤੀ ਜਾਂਦੀ ਸੀ। ਵੇਲੇ ਦੇ ਕਹਿਰ ਨੇ ਇਸ ਲੋਕ ਕਹਾਵਤ ਨੂੰ ਜਨਮ ਦਿੱਤਾ:

ਮਨੂੰ ਸਾਡੀ ਦਾਤਰੀ ਅਸੀਂ ਮਨੂੰ ਦੇ ਸੋਏ।
ਜਿਉਂ ਜਿਉਂ ਮਨੂੰ ਵੱਢਦਾ ਅਸੀਂ ਦੂਣ ਸਵਾਏ ਹੋਏ।

'ਜਿਨ੍ਹਾਂ ਸਿਦਕ ਨਹੀਂ ਹਾਰਿਆ' ਚਿੱਤਰ ਦੀ ਵਿਲੱਖਣਤਾ ਹੈ ਕਿ ਇਹ ਕਿਸੇ ਵੱਡੇ ਸੂਰਬੀਰ ਦੇ ਪਰਾਕ੍ਰਮ ਨੂੰ ਜ਼ਾਹਿਰ ਨਹੀਂ ਕਰ ਰਿਹਾ ਅਤੇ ਨਾ ਹੀ ਕਿਸੇ ਯੋਧੇ ਦੀ ਤਸ਼ਬੀਹ ਉਲੀਕੀ ਗਈ ਹੈ ਤਾਂ ਵੀ ਇਸ ਚਿੱਤਰ ਦੀ ਆਪਣੀ ਅਹਿਮੀਅਤ ਹੈ। ਦੋ ਸਾਧਾਰਨ, ਗ਼ਰੀਬ ਵਿਅਕਤੀ ਆਪਣੇ ਹੱਥੀਂ ਨੇਜ਼ੇ ਫੜੀ, ਜਿਨ੍ਹਾਂ ਉੱਪਰ ਕੱਟੇ ਹੋਏ ਸਿਰ



ਟੰਗੇ ਹੋਏ ਹਨ, ਆਪਣੇ ਰਾਹ ਤੁਰੇ ਜਾ ਰਹੇ ਹਨ। ਉਨ੍ਹਾਂ ਦੀ ਪੇਸ਼ਕਦਮੀ ਦਰਸ਼ਕ-ਮੁਖੀ ਨਹੀਂ। ਉਹ ਦੇਖਣ ਵਾਲੇ ਤੋਂ ਪਰ੍ਹਾਂ ਜਾ ਰਹੇ ਹਨ।

'ਜਿਨ੍ਹਾਂ ਸਿਦਕ ਨਹੀਂ ਹਾਰਿਆ' ਚਿੱਤਰ 1957 ਵਿੱਚ ਰਚਿਆ ਗਿਆ ਜਿਸ ਦਾ ਆਕਾਰ ਤੇਤੀ ਇੰਚ ਗੁਣਾ ਤਰਤਾਲੀ ਇੰਚ ਹੈ। ਹੋਰ ਚਿੱਤਰਾਂ ਵਾਂਗ ਇਹ ਵੀ ਤੇਲ ਚਿੱਤਰ ਹੀ ਹੈ।

ਚਿੱਤਰ ਦੀ ਕਾਰਜ-ਥਾਂ ਖੁੱਲ੍ਹੇ ਆਸਮਾਨ ਥੱਲੇ ਹੈ। ਆਸ-ਪਾਸ ਜਾਂ ਦੂਰ-ਦੁਰਾਡੇ ਤਕ ਕੋਈ ਇਮਾਰਤ ਜਾਂ ਟੱਪਰੀ ਨਹੀਂ ਹੈ। ਇਹ ਬੇਆਬਾਦ ਬੇਸੁਆਦ ਥਾਂ ਹੈ। ਪਰ ਕੁਝ ਕੁ ਕੁਦਰਤੀ ਮੋਟਿਫ ਹਨ ਜਿਨ੍ਹਾਂ ਸਦਕਾ ਇਹ ਥਾਂ ਹਰਿਆਵਲੀ ਲੱਗਦੀ ਹੈ। ਖੱਬੇ ਵੱਲ ਵੱਡਾ ਰੁੱਖ ਹੈ ਜਿਸ ਦੇ ਨਾਲੋ-ਨਾਲ ਅਗਾਂਹ ਚੱਲਦਿਆਂ ਕੁਝ ਹੋਰ ਰੁੱਖਾਂ ਦਾ ਝੁੰਡ ਦਿਖਦਾ ਹੈ। ਸੱਜੇ ਵੱਲ ਨੂੰ ਵਗਦੇ ਪਾਣੀ ਦੀ ਖਾਲ ਹੈ। ਦੋਵੇਂ ਮੋਟਿਫ ਆਪੋ-ਆਪਣੀ ਥਾਂ ਕਾਇਮ ਹੁੰਦੇ ਹੋਏ ਤਿੰਨ ਅਰਥਾਂ ਨੂੰ ਦੱਸ ਰਹੇ ਹਨ।

ਪਸਰੇ ਮੈਦਾਨ ਉੱਪਰ ਘਾਹ, ਜੜੀ-ਬੂਟ, ਸਰਕੰਡਿਆਂ ਦੇ ਬੂੰਬਲ ਦਿਖ ਰਹੇ ਹਨ। ਇੱਥੇ ਸਾਨੂੰ ਪ੍ਰਕਿਰਤੀ ਦਾ ਉਹ ਰੂਪ ਨਹੀਂ ਦਿਸਦਾ ਜਿਸ ਨੂੰ ਮਾਣਿਆ ਜਾ ਸਕੇ, ਜਿੱਥੇ ਬੈਠ ਮਨ ਨੂੰ ਸਕੂਨ ਮਿਲ ਸਕੇ। ਕਿਸੇ ਵੇਲੇ ਚਿਤੇਰਾ ਵਸਤੂ-ਸਥਿਤੀ ਨੂੰ ਵਧਾਅ-ਚੜ੍ਹਾਅ ਕੇ ਪੇਸ਼ ਕਰਦਾ ਹੈ। ਉਹ ਹਰ ਸੰਭਵ-ਅਸੰਭਵ ਨੂੰ ਇੱਕ ਥਾਂ ਉੱਪਰ ਇਕੱਤਰ ਕਰ ਕੈਨਵਸ ਨੂੰ ਸਜਾਵਟੀ ਬਣਾਉਣ ਦਾ ਉਪਰਾਲਾ ਕਰਦਾ ਹੈ। ਪੇਂਟਰ ਕਿਰਪਾਲ ਸਿੰਘ ਏਦਾਂ ਦਾ ਕੁਝ ਨਹੀਂ ਕਰਦੇ।

ਦ੍ਰਿਸ਼ ਮਨੋਕਲਪਿਤ ਹੈ ਜਿਹਦੇ ਵਿੱਚ ਸੱਚ ਦਾ ਰਲੇਵਾਂ ਹੈ। ਰੁੱਖ ਜਾਂ ਵਹਿੰਦਾ ਪਾਣੀ ਅੱਧ-ਅਧੂਰੇ ਰੂਪ ਨਾਲ ਹਾਜ਼ਰ ਹਨ, ਲੋੜਵੱਸ ਹਨ ਨਾ ਕਿ ਸੁੰਦਰਤਾਵੱਸ। ਅਜਿਹੇ ਚਿੱਤਰਤ ਮਾਹੌਲ ਵਿੱਚ ਦੋ ਆਦਮੀ ਆਪਣੇ ਹੱਥ ਫੜੇ ਦੋ ਨੇਜ਼ਿਆਂ ਉੱਪਰ ਦੋ ਸਿਰਾਂ ਨੂੰ ਚੁੱਕੀ ਜਾ ਰਹੇ ਹਨ। ਇਹ ਦ੍ਰਿਸ਼ ਸਾਧਾਰਨ ਸਮੇਂ ਦਾ ਨਹੀਂ। ਇਹ ਅਸਾਧਾਰਨ ਸਮੇਂ ਦਾ ਆਮ ਦ੍ਰਿਸ਼ ਹੈ।

**ਬਾਕੀ ਸਫ਼ਾ 34 'ਤੇ**



ਖਾਲਸਾ ਪੰਥ ਦੇ ਬਾਨੀ ਦਸਮ ਪਿਤਾ,
ਸਾਹਿਬ-ਏ-ਕਮਾਲ, ਸਰਬੰਸ ਦਾਨੀ

**ਸ਼੍ਰੀ ਗੁਰੂ ਗੋਬਿੰਦ ਸਿੰਘ ਜੀ**

ਦੇ ਪ੍ਰਕਾਸ਼ ਪੁਰਬ 5 ਜਨਵਰੀ, ਸ਼ੁੱਕਰਵਾਰ
ਅਤੇ ਨਵੇਂ ਵਰ੍ਹੇ **2018**

ਦੀਆਂ ਸਮੂਹ ਭਾਈਚਾਰੇ ਨੂੰ

**ਲੱਖ ਲੱਖ ਵਧਾਈਆਂ**

ਵਲੋਂ : **ਜਸਵੰਤ ਸਿੰਘ ਹੋਠੀ, ਪ੍ਰਧਾਨ**
ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ, ਫ਼ੋਨ : 408-898-7056

ਪੰਥ ਦੇ ਨਿਸ਼ਕਾਮ ਸੇਵਕ, ਪੰਥ ਦਰਦੀ, ਉਘੇ ਸਿੱਖ ਨੇਤਾ, ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਬਾਦਲ, (ਵੈਸਟ ਕੋਸਟ) ਅਮਰੀਕਾ

ਖਹਿਰਾ ਬੱਸ ਸਰਵਿਸ ਇੰਡੀਆ ਅਤੇ ਖਹਿਰਾ ਇਨਵੈਸਟਮੈਂਟ ਯੂਐਸਏ, ਖਹਿਰਾ ਫਾਰਮਜ਼ ਯੂਐਸਏ
ਦੇ ਮਾਲਕ ਸ. ਕੁਲਵੰਤ ਸਿੰਘ ਖਹਿਰਾ ਅਤੇ ਸ. ਸੁਖਵੰਤ ਸਿੰਘ ਖਹਿਰਾ ਸੈਨਹੋਜ਼ੇ
ਵਲੋਂ

**ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ**

ਦੇ ਪ੍ਰਕਾਸ਼ ਦਿਵਸ ਅਤੇ ਨਵੇਂ ਸਾਲ

**2018** ਦੀਆਂ

**ਲੱਖ ਲੱਖ ਵਧਾਈਆਂ**



ਸ. ਕੁਲਵੰਤ ਸਿੰਘ ਖਹਿਰਾ ਅਤੇ ਸ. ਸੁਖਵੰਤ ਸਿੰਘ ਖਹਿਰਾ ਸੈਨਹੋਜ਼ੇ

ਵਹ ਪ੍ਰਗਟਿਓ ਮਰਦ ਅਗੰਮੜਾ ਵਰਿਆਮ ਇਕੇਲਾ ॥ ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ ॥

ਦਸਮ ਪਾਤਸ਼ਾਹ, ਨੀਲੇ ਦੇ ਅਸਵਾਰ,
ਪੰਥ ਦੇ ਵਾਲੀ, ਸਾਹਿਬ ਏ ਕਮਾਲ

# ਸ਼੍ਰੀ ਗੁਰੂ ਗੋਬਿੰਦ ਸਿੰਘ ਜੀ

ਦੇ ਪ੍ਰਕਾਸ਼ ਪੁਰਬ ਅਤੇ ਨਵੇਂ ਸਾਲ

## 2018

ਦੀਆਂ ਸਭਨਾਂ ਭਾਈਚਾਰਿਆਂ ਨੂੰ

# ਲੱਖ ਲੱਖ ਵਧਾਈਆਂ





Satnam Singh Khehra

ਵਲੋਂ

## Singh Transport Inc,

Oakland, California

**Ph : 510-943-9578, 510-900-9340**

ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ (LA) ਅਤੇ
ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ
ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ

**ਸਤਨਾਮ ਸਿੰਘ (510) 543-3778, ਜਗਤਾਰ ਸਿੰਘ (510) 918-2439**


ਵਹ ਪ੍ਰਗਟਿਓ ਮਰਦ ਅਗੰਮੜਾ ਵਰਿਆਮ ਇਕੇਲਾ ॥ ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ ॥
ਦਸਮ ਪਾਤਸ਼ਾਹ, ਨੀਲੇ ਦੇ ਅਸਵਾਰ,
ਪੰਥ ਦੇ ਵਾਲੀ, ਸਾਹਿਬ ਏ ਕਮਾਲ
ਸ਼੍ਰੀ ਗੁਰੂ ਗੋਬਿੰਦ ਸਿੰਘ ਜੀ
ਦੇ ਪ੍ਰਕਾਸ਼ ਪੁਰਬ ਤੇ ਨਵੇਂ ਸਾਲ
ਦੀਆਂ ਸਭਨਾਂ ਭਾਈਚਾਰਿਆਂ ਨੂੰ
ਲੱਖ ਲੱਖ ਵਧਾਈਆਂ
ਵਲੋਂ: ਡਾਇਮੰਡ ਟਰਾਂਸਪੋਰਟੇਸ਼ਨ
ਗੁਲਵਿੰਦਰ ਸਿੰਘ ਗਾਖਲ (209-487-3699)
ਹਰਨੇਕ ਸਿੰਘ ਅਟਵਾਲ (209-351-5965)


ਵਹ ਪ੍ਰਗਟਿਓ ਮਰਦ ਅਗੰਮੜਾ ਵਰਿਆਮ ਇਕੇਲਾ ॥ ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ ॥
ਦਸਮ ਪਾਤਸ਼ਾਹ, ਪੰਥ ਦੇ ਵਾਲੀ, ਸਾਹਿਬ-ਏ-ਕਮਾਲ
ਸ਼੍ਰੀ ਗੁਰੂ ਗੋਬਿੰਦ ਸਿੰਘ ਜੀ
ਦੇ ਪ੍ਰਕਾਸ਼ ਪੁਰਬ ਅਤੇ ਨਵੇਂ ਸਾਲ 2018
ਦੀਆਂ ਸਾਰੇ ਭਾਈਚਾਰੇ ਨੂੰ
ਲੱਖ ਲੱਖ ਵਧਾਈਆਂ
IMPERIAL
Truck & Trailer Repair and Tire Services
ONE STOP CENTER FOR TRUCKERS
• ਟਰਾਂਸਮਿਸ਼ਨ • ਰੀਅਰ ਐਂਡ • ਕਲੱਚ • ਬਰੇਕਸ ਤੇ ਸਸਪੈਂਸ਼ਨ
• ਆਇਲ ਚੇਂਜ • ਆਲਟਰਨੇਟਰ ਤੇ ਸਟਾਟਰ
We Guarantee the lowest, prices and the highest quality on the market
Ph.: 510.770.0515 • Fax: 510.781.0100
3138 Depot Road • Hayward, CA 94545
ਸਾਬਾ ਕਾਹਲੋਂ : 510.938.7479
ਦਵਿੰਦਰ ਗਿੱਲ :510.825.7820

ਨੌਜਵਾਨ ਸਿੱਖ ਆਗੂ 7-Eleven ਸਟੋਰਾਂ ਦੀ ਫਰੈਂਚਾਇਜ਼ੀ ਬੋਰਡ ਦੀ ਯੂਨੀਅਨ ਦੇ ਇਲੈਕਟਡ ਮੈਂਬਰ, ਕਮਿਊਨਿਟੀ ਦੇ ਨਿਸ਼ਕਾਮ ਸੇਵਾਦਾਰ ਤੇ ਉਘੇ ਬਿਜ਼ਨਸਮੈਨ ਸਰਦਾਰ ਅਜਮੇਰ ਸਿੰਘ ਨਿੱਜਰ (ਬਿੱਟੂ) ਵਲੋਂ



ਦਸਮ ਪਾਤਸ਼ਾਹ, ਪੰਥ ਦੇ ਵਾਲੀ, ਸਾਹਿਬ-ਏ-ਕਮਾਲ

# ਸ਼੍ਰੀ ਗੁਰੂ ਗੋਬਿੰਦ ਸਿੰਘ ਜੀ

ਦੇ ਪ੍ਰਕਾਸ਼ ਪੁਰਬ ਅਤੇ ਨਵੇਂ ਸਾਲ

# 2018

ਦੀਆਂ ਸਾਰੇ ਭਾਈਚਾਰੇ ਨੂੰ

# ਲੱਖ ਲੱਖ ਵਧਾਈਆਂ



ਅਜਮੇਰ ਸਿੰਘ ਨਿੱਜਰ (ਬਿੱਟੂ)

ਦਸਮ ਪਾਤਸ਼ਾਹ, ਨੀਲੇ ਦੇ ਅਸਵਾਰ, ਪੰਥ ਦੇ ਵਾਲੀ, ਸਾਹਿਬ ਏ ਕਮਾਲ

# ਸ਼੍ਰੀ ਗੁਰੂ ਗੋਬਿੰਦ ਸਿੰਘ ਜੀ

ਦੇ ਪ੍ਰਕਾਸ਼ ਪੁਰਬ ਤੇ ਨਵੇਂ ਸਾਲ 2018 ਦੀਆਂ ਸਭਨਾਂ ਭਾਈਚਾਰਿਆਂ ਨੂੰ

# ਲੱਖ ਲੱਖ ਵਧਾਈਆਂ



ਰਣਵੀਰ ਸਿੰਘ ਹੋਠੀ ਅਤੇ ਅਵਤੇਜ ਸਿੰਘ ਗਿੱਲ



**ਭਾਈ ਜਸਵੰਤ ਸਿੰਘ ਹੋਠੀ**

ਪ੍ਰਧਾਨ, ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ (ਏਜੀਪੀਸੀ)

ਭਾਈ ਜਸਵੰਤ ਸਿੰਘ ਹੋਠੀ ਜਿਹਨਾਂ ਨੇ ਬੜੀ ਮਿਹਨਤ ਅਤੇ ਭਾਵਨਾ ਤਹਿਤਗੁਰਦੁਆਰਾ ਸਾਹਿਬ ਸੈਨਹੋਜੇ ਵਿਖੇ ਲਗਾਤਾਰ 21 ਸਾਲ ਸੇਵਾ ਨਿਭਾਈ। ਭਾਈ ਜਸਵੰਤ ਸਿੰਘ ਹੋਠੀ ਨੇ ਲਗਾਤਾਰ 9 ਸਾਲ ਸਟੇਜ ਸਕੱਤਰ ਦੀ ਸੇਵਾ ਨਿਭਾਉਂਦਿਆਂ ਇਕ ਮਿਸਾਲ ਕਾਇਮ ਕੀਤੀ ਕਿ ਗੁਰੂ ਪੰਥ ਦੀ ਸਟੇਜ ਤੋਂ ਹਰ ਇਕ ਨੂੰ ਆਪਣੇ ਵਿਚਾਰ ਰੱਖਣ ਦਾ ਅਧਿਕਾਰ ਦੇਣਾ, ਹਰ ਇਕ ਵੱਡੇ, ਬਜ਼ੁਰਗ ਦਾ ਆਦਰ ਸਤਿਕਾਰ ਕਰਨਾ, ਗੁਰੂ ਘਰ ਦੀ ਸਟੇਜ ਨੂੰ ਲੜਾਈ ਝਗੜੇ ਤੋਂ ਬਚਾਉਣਾ, ਅੱਗੇ ਹੋ ਕੇ ਉਗਰਾਹੀ ਕਰਨਾ ਅਤੇ ਹਮੇਸ਼ਾ ਹੀ ਸਿੱਖੀ ਦੀ ਪ੍ਰਫੁਲਤਾ ਲਈ ਤਤਪਰ ਰਹਿਣਾ। ਅੱਜ ਵੀ ਅਕਾਲ ਪੁਰਖ ਅੱਗੇ ਇਹੀ ਅਰਦਾਸ ਹੈ ਕਿ ਪ੍ਰਮਾਤਮਾ ਹਰ ਇਕ ਨੂੰ ਗੁਰਸਿੱਖੀ ਦੀ ਦਾਤ ਬਖ਼ਸ਼ੇ। ਸਿੱਖ ਕੌਮ ਸਦਾ ਹੀ ਚੜ੍ਹਦੀ ਕਲਾ ਵਿਚ ਰਹੇ।

ਮੁੱਖ ਸੇਵਾਦਾਰ, ਗੁਰਦੁਆਰਾ ਸਿੰਘ ਸਭਾ ਮਿਲਪੀਟਸ • ਸਾਬਕਾ ਸਟੇਜ ਸਕੱਤਰ, ਗੁਰਦੁਆਰਾ ਸਾਹਿਬ ਸੈਨਹੋਜ਼ੇ • ਸਾਬਕਾ ਸੁਪਰੀਮ ਕੌਂਸਲ ਮੈਂਬਰ, ਗੁਰਦੁਆਰਾ ਸਾਹਿਬ ਫਰੀਮੌਂਟ

ਪੰਥ ਦਰਦੀ, ਕਮਿਊਨਿਟੀ ਦੇ ਨਿਸ਼ਕਾਮ ਸੇਵਕ, ਨੌਜਵਾਨ ਸਿੱਖ ਆਗੂ

# ਬਲਰਾਜ ਸਿੰਘ ਢਿੱਲੋਂ ਵਲੋਂ

ਅੰਮ੍ਰਿਤ ਕੇ ਦਾਤੇ, ਪੰਥ ਦੇ ਵਾਲੀ, ਸਰਬੰਸ ਦਾਨੀ, ਸਾਹਿਬ ਏ ਕਮਾਲ

# ਸ਼੍ਰੀ ਗੁਰੂ ਗੋਬਿੰਦ ਸਿੰਘ ਜੀ

ਦੇ ਪ੍ਰਕਾਸ਼ ਦਿਵਸ
ਅਤੇ ਨਵੇਂ ਵਰ੍ਹੇ 2018



ਦੀਆਂ ਸਮੁੱਚੇ
ਸਿੱਖ ਭਾਈਚਾਰੇ ਨੂੰ



ਬਲਰਾਜ ਸਿੰਘ ਢਿੱਲੋਂ ਮਨਦੀਪ ਸਿੰਘ ਢਿੱਲੋਂ

## ਲੱਖ ਲੱਖ ਵਧਾਈਆਂ

---

ਅੰਮ੍ਰਿਤ ਕੇ ਦਾਤੇ, ਪੰਥ ਦੇ ਵਾਲੀ, ਸਰਬੰਸ ਦਾਨੀ, ਸਾਹਿਬ ਏ ਕਮਾਲ

# ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ

ਦੇ ਪ੍ਰਕਾਸ਼ ਦਿਵਸ 5 ਜਨਵਰੀ, 2018 ਅਤੇ ਨਵੇਂ ਵਰ੍ਹੇ ਦੀਆਂ

## ਲੱਖ ਲੱਖ ਵਧਾਈਆਂ



ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ

ਮੂਲ ਨਾਨਕਸ਼ਾਹੀ ਕੈਲੰਡਰ ਨੂੰ ਅਪਨਾਉਣ ਅਤੇ ਸਦੀਵ ਕਾਲ ਵਾਸਤੇ ਇਸ ਦੁਆਰਾ ਨਿਸਚਿਤ ਕੀਤੀਆਂ ਤਰੀਕਾਂ ਅਨੁਸਾਰ ਹੀ ਸਿੱਖ ਇਤਿਹਾਸਕ ਦਿਹਾੜੇ ਮਨਾਉਣ ਦਾ ਪੱਕਾ ਸੰਕਲਪ ਅਤੇ ਵਚਨਵੱਧਤਾ, ਵਿਸ਼ੇਸ਼ ਤੌਰ 'ਤੇ

- *ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਦਿਵਸ ੧੪-ਅਪ੍ਰੈਲ ਨੂੰ (੧-ਵੈਸਾਖ) ਵੈਸਾਖੀ ਵਾਲੇ ਦਿਨ।*
- *ਬੰਦੀ ਛੋੜ ਦਿਵਸ ੧੨-ਫ਼ਰਵਰੀ (੧-ਫੱਗਣ) ਨੂੰ।*
- *ਹੋਲਾ ਮਹਲਾ ੧੪-ਮਾਰਚ (੧-ਚੇਤ) ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਨਵਾਂ ਸਾਲ।*

ਸਮੂਹ ਸਮਾਜਿਕ, ਸੱਭਿਆਚਾਰਿਕ ਅਤੇ ਪੰਥਕ ਜਥੇਬੰਦੀਆਂ ਨੂੰ ਸਨਿਮਰ ਬੇਨਤੀ ਹੈ ਕਿ ਸਾਰੇ ਇਕ ਜੁੱਟ ਹੋ ਕੇ ਬਾਬੇ ਨਾਨਕ ਦੇ ਸਿਰਜੇ ਵਿਲੱਖਣ, ਵਡਭਾਗੀ ਵਿਰਸੇ ਨੂੰ ਸਮਰਪਤ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਅਪਨਾਉਣ ਅਤੇ ਲਾਗੂ ਕਰਨ ਲਈ ਵਚਨਬੱਧ ਹੋਈਏ।



ਸਿਮਰਨਜੀਤ ਸਿੰਘ ਮਾਨ

ਵਲੋਂ : ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਸ਼ਿਕਾਗੋ ਯੂਨਿਟ), ਪ੍ਰਧਾਨ ਲਖਵੀਰ ਸਿੰਘ ਕੰਗ, ਪੈਨਲ ਮੈਂਬਰ ਮੱਖਣ ਸਿੰਘ ਕਲੇਰ, ਮੀਤ ਪ੍ਰਧਾਨ ਅਨੂਪ ਸਿੰਘ, ਜਨਰਲ ਸਕੱਤਰ ਹਰਮਿੰਦਰ ਸਿੰਘ ਖਹਿਰਾ, ਜਨਰਲ ਸਕੱਤਰ ਦਲਬੀਰ ਸਿੰਘ ਚੀਮਾ, ਮੀਤ ਪ੍ਰਧਾਨ ਯੂਥ ਅਕਾਲੀ ਦਲ ਅਮਰੀਕਾ ਸੰਤ ਬਲਵੀਰ ਸਿੰਘ,
ਮੈਂਬਰ : ਸੁਖਵਿੰਦਰ ਸਿੰਘ ਗਿੱਲ, ਕੇਵਲ ਸਿੰਘ, ਸੁਰਜੀਤ ਸਿੰਘ ਬੈਦਵਾਨ, ਨਿਰਭੈਅ ਸਿੰਘ ਧਨੋਆ ਅਤੇ ਸੰਤੋਖ ਸਿੰਘ ਭਟਨੂਰਾ, ਕਰਮਜੀਤ ਸਿੰਘ ਭਟਨੂਰਾ

**ਜਾਰੀ ਕਰਤਾ : ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ**


ਦਸਮ ਪਾਤਸ਼ਾਹ, ਪੰਥ ਦੇ ਵਾਲੀ, ਸਾਹਿਬ-ਏ-ਕਮਾਲ
ਸ੍ਰੀ ਗੁਰੂ ਗੋਬਿੰਦ ਸਿੰਘ ਜੀ
ਦੇ ਪ੍ਰਕਾਸ਼ ਪੁਰਬ ਅਤੇ ਨਵੇਂ ਸਾਲ
2018
ਦੀਆਂ ਦੇਸ਼ਾਂ ਵਿਦੇਸ਼ਾਂ ਵਿਚ ਵਸਦੇ
ਸਮੂਹ ਸਿੱਖ ਭਾਈਚਾਰੇ ਨੂੰ
ਲੱਖ ਲੱਖ ਵਧਾਈਆਂ
ਬੇਨਤੀ ਕਰਤਾ
ਕਸ਼ਮੀਰ ਸਿੰਘ ਸ਼ਾਹੀ
Almeda County Commissioner
Direct: (510) 299-7982 Fax: (510) 441-1115


ਵਹ ਪ੍ਰਗਟਿਓ ਮਰਦ ਅਗੰਮੜਾ ਵਰਿਆਮ ਇਕੇਲਾ ॥ ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ ॥
ਖ਼ਾਲਸਾ ਪੰਥ ਦੇ ਸਿਰਜਣਹਾਰੇ, ਸਰਬੰਸਦਾਨੀ,
ਸਾਹਿਬ-ਏ-ਕਮਾਲ, ਦਸਮ ਪਾਤਸ਼ਾਹ
ਸ੍ਰੀ ਗੁਰੂ ਗੋਬਿੰਦ ਸਿੰਘ ਜੀ
ਦੇ ਪ੍ਰਕਾਸ਼ ਦਿਵਸ ਤੇ ਨਵੇਂ ਵਰ੍ਹੇ 2018
ਦੀਆਂ
ਲੱਖ ਲੱਖ ਵਧਾਈਆਂ
ਵਲੋਂ : ਗਿੱਲ ਬ੍ਰਦਰਜ਼, 530-681-3112

ਵਹ ਪ੍ਰਗਟਿਓ ਮਰਦ ਅਗੰਮੜਾ ਵਰਿਆਮ ਇਕੇਲਾ ॥
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ ॥

ਦਸਮ ਪਾਤਸ਼ਾਹ, ਪੰਥ ਦੇ ਵਾਲੀ, ਸਾਹਿਬ-ਏ-ਕਮਾਲ

ਸ਼੍ਰੀ ਗੁਰੂ ਗੋਬਿੰਦ ਸਿੰਘ ਜੀ

ਦੇ ਪ੍ਰਕਾਸ਼ ਪੁਰਬ ਅਤੇ ਨਵੇਂ ਸਾਲ

2018 ਦੀਆਂ ਸਾਰੇ ਭਾਈਚਾਰੇ ਨੂੰ

ਲੱਖ ਲੱਖ ਵਧਾਈਆਂ



D LINE LOGISTICS INC.

Dry Van ਤੇ Reefer ਦੇ ਕੰਮ ਲਈ Owner Operators ਦੀ ਲੋੜ

Drivers Wanted
ਤੁਰੰਤ ਜ਼ਰੂਰਤ ਹੈ



ਸਾਡੇ ਕੋਲ 2016 ਅਤੇ 2017 ਮਾਡਲ ਦੇ ਨਵੇਂ ਟਰੱਕ ਟਰੇਲਰ ਹਨ।

- ਸਾਫ਼ ਸੁਥਰਾ CDL ਲਾਇਸੈਂਸ ਰਿਕਾਰਡ
- Flexible hours
- Weekend home

ਅੱਜ ਹੀ ਕਾਲ ਕਰੋ :

847-258-4051, 224-456-2713
630-854-1708, 847-309-6542

dlinelogisticsinc@yahoo.com




PER GALLON ON DIESEL






## FUEL CARD

Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.

## FACTORING

Fleet One introduces aggressive factoring program for Trans-Alliance members. We can beat any price to get your piece of business.

**ਪੰਜਾਬੀ ਵਿਚ ਜਾਣਕਾਰੀ ਲਈ 1.855.641.6955**

888.795.7035
sales@trans-alliance.com
www.trans-alliance.com

PETRO Stopping Centers®

TA TravelCenters of America

Loves Travel Stops & Country Stores


NOW OPEN IN MODESTO/CERES
PANNU'S
LEGAL SERVICES (Regd. & Bonded)
G.S. Pannu
Immigration Consultant-LDA
510.677.5200
IMMIGRATION
ivisapass@gmail.com
• Family Petitions (Husband, Wife, Brother, Sister, Mother, Father, Son, Daughter)
• Green Card
• Citizenship
• Affidavit of Support
• Political Asylum
• Visas From India
• Tourist • Business • H1B
• Student • Relegious
... & related matters
Family Petitions
FREE
DIVORCE
• Petitions
• Child Support
• Child Visitation
• Child Custody
• Modification
...& related matters
LISTEN & SPONSOR
ਰੇਡੀਓ ਗੱਲ ਪੰਜਾਬ ਦੀ ਯੂਐਸਏ
Download on the App Store
ANDROID APP ON Google Play
Live on Facebook
Video on YouTube
www.radiogalpunjabdiusa.com
POWER OF ATTORNEY
CREDIT REPAIR/CLEAR
SMALL CLAIM COURT CASES
...& help in legal documents preparation
FREMONT
40757 GRIMMER BLVD. CA 94538
MODESTO/CERES
3810 EAU CLAIRE AVE. CA 95307


ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327.
70
Exit 137
Diesel/Gas
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਕੀਮਤਾਂ ਬਹੁਤ ਹੀ ਵਾਜਬ !
ਸਹੂਲਤਾਂ
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet
over 100 gallons
open 6am to midnight
Phone: 765-478-6300


PANNU'S
LEGAL SERVICES
G.S. Pannu
ivisapass@gmail.com • FAX 510.279.7624
510.677.5200
IMMIGRATION
★ PETITIONS ★ VISAS ★ POLITICAL ASYLUM
★ GREEN CARDS ★ CITIZENSHIP ★ AFFIDAVIT OF SUPPORT
STUDENT VISA (EDUCATE YOUR CHILDREN IN USA)
DIVORCE
★ CHILD SUPPORT ★ CHILD VISITATION ★ CHILD CUSTODY ★ MODIFICATION
PANNU'S
PASSPORT & VISA SERVICES
indiavisa123@gmail.com • FAX 510.279.7624
VISA IN ONE DAY
M.K. Pannu
(Owner)
VISA
IN ONE DAY
Indian Passport
India Visa in 1 Day
OCI
US Passport
Power of Attorney & Other Services
510.677.8440
40757, Grimmer Blvd.
FREMONT
CA-94538
3810 Eau Claire Ave, Ceres,
MODESTO/CERES
CA-95307
220 Bush St/Montgomery St, #445
SAN FRANCISCO
(OPPOSITE INDIA VISA CENTER)


Serving Around the World Community Since 1994
We Specialize to Asia, Europe, Middle East, Africa, Australia & etc.
Special fares to :
SFO TO DEL
LAX TO DEL
SERVICE
TRUST
SKYWAY TRAVEL
DOMESTIC and INTERNATIONAL
Special fares to
Amritsar
& Delhi
ਦੋ ਜਾਂ
ਦੋ ਤੋਂ ਵੱਧ
ਟਿਕਟਾਂ ਖਰੀਦਣ
'ਤੇ ਇਕ ਭਾਰ ਤੋਲਣ
ਵਾਲੀ ਮਸ਼ੀਨ ਮੁਫ਼ਤ
ਦਿੱਤੀ ਜਾਵੇਗੀ।
Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345


$20 Off For
Trans-Alliance Carriers
SPECIAL TIRE PRICING
TRANS-ALLIANCE
TOGETHER WE SAVE
TRAILER TIRES STARTING AT
$259*
REGULAR RETAIL $324
ROADMASTER TIRES
TRAILER TIRES STARTING AT
$289*
REGULAR RETAIL $354
KELLY TIRES
TRAILER TIRES STARTING AT
$359*
REGULAR RETAIL $424
GOODYEAR
MARATHON
YOKOHAMA
*Add $10 per tire for Steer and $20 per tire for Drive tires.
Trans-Alliance Members save $15 off all other tire brands.
GOODYEAR
BFGoodrich
Continental
Firestone
PIRELLI
FORMULA
By Pirelli
DAYTON
BRIDGESTONE
MICHELIN
TA TRUCK SERVICE
Commercial Tire Network
Current as of 6/1/17.
Offer valid now through December 31, 2017. Members do not pay $25 Single Tire Fee.
Prices do not include F.E.T., Mounting Labor, Balancing, Valve Stems, State or Local Taxes.
Visit ta-petro.com or find us on
TA
Nasdaq Listed
TRANS-ALLIANCE
TOGETHER WE SAVE
(855) 641-6955 • (888) 795-7035
sales@trans-alliance.com • www.trans-alliance.com

**ਦੀਵਾਨ ਟੋਡਰ ਮੱਲ ਨੇ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦੇ ਸਸਕਾਰ ਲਈ ਉਦੋਂ ਜ਼ਮੀਨ ਖਰੀਦੀ ਜਦੋਂ ਜ਼ੁਲਮ ਦੀ ਤੇਜ਼ ਹਨੇਰੀ ਝੁੱਲ ਰਹੀ ਸੀ। ਸਿੱਖ ਜਗਤ ਵਿੱਚ ਸਤਿਕਾਰ ਦੀ ਪਾਤਰ ਇਸ ਹਸਤੀ ਦੀ ਜਹਾਜ਼ ਹਵੇਲੀ ਸਮਾਂ ਪਾ ਕੇ ਖੰਡਰ ਹੋ ਗਈ। ਹੁਣ ਇਸ ਵਿਰਾਸਤ ਦੀ ਸੰਭਾਲ ਹਿੱਤ ਮੁਰੰਮਤ ਦਾ ਕਾਰਜ ਚੱਲ ਰਿਹਾ ਹੈ। ਇਸ ਹਵੇਲੀ ਦੀਆਂ ਵਿਸ਼ੇਸ਼ਤਾਵਾਂ 'ਤੇ ਰੌਸ਼ਨੀ ਪਾਉਂਦੀ ਹੈ ਇਹ ਰਚਨਾ।**

# ਦੀਵਾਨ ਟੋਡਰ ਮੱਲ ਦੀ ਜਹਾਜ਼ ਹਵੇਲੀ

**ਪਰਮਜੀਤ ਕੌਰ ਸਰਹਿੰਦ**
(ਸੰਪਰਕ: 98728-98599)





ਸਿੱਖ ਜਗਤ ਵਿੱਚ ਦੀਵਾਨ ਟੋਡਰ ਮੱਲ ਦਾ ਨਾਂ ਬਹੁਤ ਆਦਰ ਨਾਲ ਲਿਆ ਜਾਂਦਾ ਹੈ ਅਤੇ ਸਿੱਖ ਇਤਿਹਾਸ ਵਿੱਚ ਵੀ ਉਨ੍ਹਾਂ ਦਾ ਜ਼ਿਕਰ ਬਹੁਤ ਅਹਿਮੀਅਤ ਰੱਖਦਾ ਹੈ। ਦੀਵਾਨ ਸਾਹਿਬ ਨੇ



ਸਮੇਂ ਦੀ ਜ਼ਾਲਮ ਹਕੂਮਤ ਨੂੰ ਦੱਸਿਆ ਕਿ ਜ਼ੁਲਮ ਦੇ ਝੁੱਲ ਰਹੇ ਝੱਖੜਾਂ ਵਿੱਚ ਵੀ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਜਾਗਦੀ ਜ਼ਮੀਰ ਵਾਲੇ ਉਪਾਸ਼ਕ ਉਨ੍ਹਾਂ ਤੋਂ ਕੁਰਬਾਨ ਜਾਂਦੇ ਹਨ। ਸਰਹਿੰਦ ਵਿਖੇ ਜਹਾਜ਼ ਹਵੇਲੀ ਦੀਵਾਨ ਟੋਡਰ ਮੱਲ ਦੀ ਰਿਹਾਇਸ਼ਗਾਹ ਸੀ।

ਮਜ਼ਹਬੀ ਜਨੂੰਨ ਅਤੇ ਤਾਕਤ ਦੇ ਨਸ਼ੇ 'ਚ ਅੰਨ੍ਹੇ ਹੋਏ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਜੀ ਤੇ ਬਾਬਾ ਫਤਹਿ ਸਿੰਘ ਜੀ ਨੂੰ ਪਹਿਲਾਂ ਜਿਉਂਦੇ ਦੀਵਾਰ ਵਿੱਚ ਚਿਣਵਾਇਆ ਤੇ ਫਿਰ ਕੋਹ-ਕੋਹ ਕੇ ਸ਼ਹੀਦ ਕਰਵਾਇਆ। ਠੰਢੇ ਬੁਰਜ ਵਿੱਚ ਮਾਤਾ ਗੁਜਰੀ ਜੀ ਵੀ ਸਵਾਸ ਤਿਆਗ ਕੇ ਸ਼ਹਾਦਤ ਦਾ ਜਾਮ ਪੀ ਗਏ। ਇਹ ਸ਼ਹੀਦੀ ਸਾਕਾ 13 ਪੋਹ, 1761 ਬਿਕਰਮੀ ਮੁਤਾਬਿਕ 27 ਦਸੰਬਰ 1704 ਨੂੰ ਵਰਤਿਆ। ਸੂਬਾ ਸਰਹਿੰਦ ਨੇ ਤਿੰਨਾਂ ਪਾਵਨ ਦੇਹਾਂ ਨੂੰ ਨਾਲ ਵਗਦੀ ਹੰਸਲਾ ਨਦੀ ਕੋਲ ਸੁਟਵਾ ਦਿੱਤਾ। ਮੁਗ਼ਲ ਹਕੂਮਤ ਦੀ ਦਹਿਸ਼ਤ ਕਾਰਨ ਸਸਕਾਰ ਲਈ ਥਾਂ ਨਹੀਂ ਸੀ ਮਿਲ ਰਹੀ, ਪਰ ਦੀਵਾਨ ਟੋਡਰ ਮੱਲ ਨੇ ਆਪਣੀ ਪਹੁੰਚ ਨਾਲ ਸੂਬੇ ਤੋਂ ਇਜਾਜ਼ਤ ਲਈ। ਚੌਧਰੀ ਅੱਤਾ ਨਾਂ ਦੇ ਇੱਕ ਜ਼ਿਮੀਦਾਰ ਤੋਂ ਜ਼ਮੀਨ ਖ਼ਰੀਦੀ ਜੋ ਦੁਨੀਆਂ ਦੀ ਸਭ ਤੋਂ ਮਹਿੰਗੇ ਮੁੱਲ ਦੀ ਜ਼ਮੀਨ ਹੋ ਨਿੱਬੜੀ। ਸਸਕਾਰ ਕਰਨ ਲਈ ਲੋੜੀਂਦੀ ਜ਼ਮੀਨ ਉੱਤੇ ਦੀਵਾਨ ਟੋਡਰ ਮੱਲ ਨੇ ਖੜ੍ਹਵੇਂ ਦਾਅ ਸੋਨੇ ਦੀਆਂ ਅਸ਼ਰਫੀਆਂ (ਮੋਹਰਾਂ) ਚਿਣ-ਚਿਣ ਕੇ ਉਸ ਜ਼ਮੀਨ ਦੀ ਕੀਮਤ ਅਦਾ ਕੀਤੀ। ਉਨ੍ਹਾਂ ਨੇ ਉਹ ਜ਼ਮੀਨ ਕੀ ਖ਼ਰੀਦੀ, ਸਮੁੱਚੀ ਸਿੱਖ ਕੌਮ ਨੂੰ ਬਿਨਾਂ ਮੁੱਲ ਖ਼ਰੀਦ ਲਿਆ। ਜਿੱਥੇ ਸਾਹਿਬਜ਼ਾਦਿਆਂ ਅਤੇ ਮਾਤਾ ਜੀ ਦਾ ਅੰਤਿਮ ਸਸਕਾਰ ਕੀਤਾ ਗਿਆ ਉਸ ਸਥਾਨ 'ਤੇ ਗੁਰਦੁਆਰਾ ਜੋਤੀ ਸਰੂਪ ਸਾਹਿਬ ਸ਼ੁਭਾਇਮਾਨ ਹੈ।

ਇਤਿਹਾਸਕਾਰਾਂ ਅਨੁਸਾਰ ਇਨ੍ਹਾਂ ਮਹਾਨ ਸ਼ਹੀਦਾਂ ਦਾ ਸਸਕਾਰ ਵੀ ਦੀਵਾਨ ਟੋਡਰ ਮੱਲ ਨੇ ਆਪ ਕੀਤਾ। ਇਹ ਮਹਾਨ ਕਾਰਜ ਕਰਨ ਵਿੱਚ ਦੀਵਾਨ ਸਾਹਿਬ ਦੇ ਭਰਾ ਦਾ ਜ਼ਿਕਰ ਵੀ ਆਉਂਦਾ ਹੈ। ਉਨ੍ਹਾਂ ਦਾ ਜੱਦੀ ਪਿੰਡ ਕਾਕੜਾ, ਜ਼ਿਲ੍ਹਾ ਸੰਗਰੂਰ ਦੱਸਿਆ ਗਿਆ ਹੈ। ਸਸਕਾਰ ਤੋਂ ਤੀਜੇ ਦਿਨ ਜੋਧ ਸਿੰਘ ਨਾਂ ਦਾ ਸਿੱਖ, ਦੀਵਾਨ ਸਾਹਿਬ ਤੇ ਉਨ੍ਹਾਂ ਦੇ ਭਰਾ ਤੋਂ ਅਸਥੀਆਂ ਲੈ ਕੇ ਉਨ੍ਹਾਂ ਦੇ ਪਿੰਡ ਕਾਕੜੇ ਪੁੱਜ ਗਿਆ। ਅਸਥੀਆਂ ਇੱਕ ਗਾਗਰ ਵਿੱਚ ਪਾ ਕੇ ਜ਼ਮੀਨ ਵਿੱਚ ਦਬਾ ਦਿੱਤੀਆਂ। ਇਹ ਜ਼ਮੀਨ ਦੀਵਾਨ ਟੋਡਰ ਮੱਲ ਦੀ ਮਲਕੀਅਤ ਸੀ ਜੋ ਉਨ੍ਹਾਂ ਦੇ ਪਿੰਡ ਦੇ ਨਾਲ ਲੱਗਦੇ ਪਿੰਡ ਆਲੋਅਰਖ ਵਿੱਚ ਪੈਂਦੀ ਸੀ। ਉਸ ਸਥਾਨ ਉੱਤੇ



ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ, ਯਾਦਗਾਰ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦੇ ਸੁਸ਼ੋਭਿਤ ਹੈ।

ਦੀਵਾਨ ਟੋਡਰ ਮੱਲ ਦੇ ਖ਼ਾਨਦਾਨ ਦੀ ਨੌਵੀਂ ਪੀੜ੍ਹੀ ਵਿੱਚੋਂ ਬਲਰਾਜ ਚੋਪੜਾ ਅਤੇ ਉਨ੍ਹਾਂ ਦੇ ਪੁੱਤਰ ਸ਼ਕਤੀਰਾਜ ਚੋਪੜਾ ਨੇ ਵੀ ਇਤਿਹਾਸਕਾਰਾਂ ਦੇ ਤੱਥਾਂ ਦੀ ਕਾਫ਼ੀ ਹੱਦ ਤਕ ਪੁਸ਼ਟੀ ਕੀਤੀ ਹੈ। ਦੀਵਾਨ ਟੋਡਰ ਮੱਲ ਦਾ ਜਨਮ ਬੰਨੂ (ਪਿਸ਼ਾਵਰ) ਵਿਖੇ ਹੋਇਆ ਸੀ। ਉਨ੍ਹਾਂ ਮੁਤਾਬਿਕ ਦੀਵਾਨ ਟੋਡਰ ਮੱਲ ਹਿਸਾਬ-ਕਿਤਾਬ ਦੇ ਬੜੇ ਮਾਹਰ ਸਨ ਤੇ ਉਨ੍ਹਾਂ ਤੋਂ ਬਾਅਦ ਦੀਆਂ ਪੀੜ੍ਹੀਆਂ ਵੀ ਇਸ ਕਿੱਤੇ ਨਾਲ ਜੁੜੀਆਂ ਰਹੀਆਂ। ਦੀਵਾਨ ਟੋਡਰ ਮੱਲ ਆਮਿਲ ਤੋਂ ਫ਼ੌਜਦਾਰ ਬਣੇ। ਸ਼ਾਹਜਹਾਂ ਵੱਲੋਂ ਉਨ੍ਹਾਂ ਨੂੰ ਘੋੜਸਵਾਰ ਅਤੇ ਹਾਥੀਆਂ ਦੀ ਫ਼ੌਜ ਦੀ ਕਮਾਨ ਸੌਂਪੀ ਗਈ ਸੀ। ਉਨ੍ਹਾਂ ਨੇ ਆਪਣੀ ਵਧੀਆ ਕਾਰਗੁਜ਼ਾਰੀ ਨਾਲ ਸਰਕਾਰੇ-ਦਰਬਾਰੇ ਚੰਗੀ ਇੱਜ਼ਤ ਕਮਾਈ। ਇਸੇ ਲਈ ਉਨ੍ਹਾਂ ਨੂੰ ਦੀਵਾਨ ਦੀ ਪਦਵੀ ਹਾਸਲ ਹੋਈ। ਦੀਵਾਨ ਟੋਡਰ ਮੱਲ ਦੇ ਪਰਿਵਾਰ ਵਿੱਚ ਦਾਦੇ-ਪੜਦਾਦਿਆਂ ਦੇ ਸਮੇਂ ਤੋਂ ਹੀ ਸਿੱਖੀ ਸੇਵਕੀ ਚਲੀ ਆ ਰਹੀ ਸੀ। ਸਮੇਂ ਨਾਲ ਜਦੋਂ ਇਹ ਪਰਿਵਾਰ ਸਰਹਿੰਦ ਆ ਵਸਿਆ, ਉਦੋਂ ਇਹ ਸ਼ਹਿਰ ਹਿੰਦੁਸਤਾਨ ਦਾ ਵੱਡਾ ਵਪਾਰਕ ਕੇਂਦਰ ਸੀ। ਸਰਹਿੰਦ ਸ਼ਹਿਰ ਦੇ ਬਾਹਰ ਦੀਵਾਨ ਟੋਡਰ ਮੱਲ ਦੀ ਜਹਾਜ਼ ਹਵੇਲੀ ਰਾਹਗੀਰਾਂ ਦੀ ਖਿੱਚ ਦਾ ਕੇਂਦਰ ਵੀ ਸੀ। ਇਹ ਖ਼ੂਬਸੂਰਤ ਹਵੇਲੀ ਸਮੁੰਦਰੀ ਜਹਾਜ਼ ਦਾ ਭੁਲੇਖਾ ਪਾਉਂਦੀ ਸੀ। ਉਸ ਪੁਰਾਤਨ ਇਮਾਰਤ ਦੇ ਖੰਡਰਾਤ ਅੱਜ ਵੀ ਮੌਜੂਦ ਹਨ। ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦੇ ਸਥਾਨ 'ਤੇ ਸੁਸ਼ੋਭਿਤ ਗੁਰਦੁਆਰਾ ਫ਼ਤਹਿਗੜ੍ਹ ਸਾਹਿਬ ਤੋਂ ਥੋੜ੍ਹੀ ਦੂਰੀ 'ਤੇ ਪੱਛਮ ਵੱਲ ਜਹਾਜ਼ ਹਵੇਲੀ ਦੇ ਖੰਡਰਾਂ ਨੂੰ ਦੇਖਦਿਆਂ ਦਿਲ ਵਿੱਚੋਂ ਹੂਕ ਨਿਕਲੀ 'ਖੰਡਰਾਤ ਬਤਾਤੇ ਹੈਂ ਕਿ ਇਮਾਰਤ ਬੁਲੰਦ ਥੀ।'

ਅਜੋਕੇ ਸਮੇਂ ਇਹ ਹਵੇਲੀ ਅੰਦਾਜ਼ਨ 7-8 ਕਨਾਲ ਦੇ ਰਕਬੇ ਵਿੱਚ ਛੋਟੀ-ਛੋਟੀ ਚਾਰਦੀਵਾਰੀ ਵਿੱਚ ਦਿਖਾਈ ਦਿੰਦੀ ਹੈ। ਹਵੇਲੀ ਨੇੜੇ ਕੁਝ ਵੱਸੋਂ ਵੀ ਹੈ। ਸਰਹਿੰਦ ਸ਼ਹਿਰ ਦੇ ਇਸ ਹਿੱਸੇ ਨੂੰ ਹਰਨਾਮ ਨਗਰ ਕਿਹਾ ਜਾਂਦਾ ਹੈ। ਹਵੇਲੀ ਦਾ ਮੁੱਖ ਹਿੱਸਾ ਗੁਰਦੁਆਰਾ ਫ਼ਤਹਿਗੜ੍ਹ ਸਾਹਿਬ ਵੱਲ ਨੂੰ ਚੜ੍ਹਦੇ (ਪੂਰਬ) ਵੱਲ ਹੈ ਜੋ ਪੱਕੀ ਲਿੰਕ ਸੜਕ ਉੱਤੇ ਹੈ। ਦੱਖਣ ਵੱਲ ਕੁਝ ਘਰਾਂ ਅੱਗੋਂ ਪੱਕੀ ਗਲੀ ਲੰਘਦੀ ਹੈ। ਉੱਤਰ ਵੱਲ ਵਾਹੀਯੋਗ ਜ਼ਮੀਨ ਹੈ। ਇਮਾਰਤ ਦੁਆਲੇ ਚਾਰ ਕੁ ਫੁੱਟ ਉੱਚੀ ਚਾਰਦੀਵਾਰੀ ਤਾਂ ਹੈ, ਪਰ ਕੋਈ ਗੇਟ ਵਗੈਰਾ ਨਹੀਂ ਲਗਾਇਆ ਗਿਆ। ਅੰਦਰ ਵੜਦਿਆਂ ਨੂੰ ਖੱਬੇ ਪਾਸੇ ਇੱਕ ਨਵਾਂ ਬਣਾਇਆ ਖੂਹ ਨਜ਼ਰ ਆਉਂਦਾ ਹੈ ਜੋ ਬਰਸਾਤੀ ਪਾਣੀ ਨੂੰ ਜਜ਼ਬ ਕਰਨ ਹਿਤ ਬਣਾਇਆ ਗਿਆ ਹੈ। ਸੱਜੇ ਪਾਸੇ ਡੂੰਘੀ ਥਾਂ ਖੰਡਰਾਂ ਦੀ ਖ਼ੁਦਾਈ ਵਿੱਚੋਂ ਨਿਕਲੇ ਬੜੇ ਮਜ਼ਬੂਤ ਅੱਠ ਥਮ੍ਹਲੇ ਦਿਖਾਈ ਦਿੰਦੇ ਹਨ। ਅੰਦਾਜ਼ਾ ਲਗਾਇਆ ਜਾਂਦਾ ਹੈ ਕਿ ਇੱਥੇ ਚਾਰ ਕਮਰੇ ਸਨ ਜੋ ਜ਼ਮੀਨਦੋਜ਼ ਸਨ। ਇਸ ਦੇ ਚੜ੍ਹਦੇ ਵੱਲ ਢੱਠੀ ਹੋਈ ਇਮਾਰਤ ਦਾ ਇੱਕ ਹਿੱਸਾ ਕਿਸੇ ਮੀਨਾਰ ਵਾਂਗੂੰ ਜਾਪਦਾ ਹੈ। ਉਸ ਦੇ ਨਾਲ ਦਾ ਹਿੱਸਾ ਖ਼ਾਲੀ ਖੰਡਰ ਹੈ ਤੇ ਉੱਤਰ ਵੱਲ ਪੁਰਾਤਨ ਇਮਾਰਤ ਦੇ ਬਚੇ ਅੰਸ਼ਾਂ ਵਿੱਚੋਂ ਡਿੱਗੀ-ਢੱਠੀ ਇਮਾਰਤ ਨੂੰ ਦੇਖਦਿਆਂ ਪਤਾ ਲੱਗਦਾ ਹੈ ਕਿ ਇਹ ਤਿੰਨ ਮੰਜ਼ਿਲਾਂ ਸਨ ਅਤੇ ਹਵੇਲੀ ਦੇ ਪਿਛਲੇ ਹਿੱਸੇ ਦੇ ਕਮਰਿਆਂ ਦੇ ਨਮੂਨੇ ਦੀ ਝਲਕ ਪੈਂਦੀ ਹੈ। ਬਾਕੀ ਇਮਾਰਤ ਢਹਿ ਚੁੱਕੀ ਹੈ। ਇਹ ਦੀਵਾਨ ਟੋਡਰ ਮੱਲ ਦੀ ਜਹਾਜ਼ ਹਵੇਲੀ ਦਾ ਪਹਿਲਾ ਹਿੱਸਾ ਹੈ।

ਇਸ ਤੋਂ ਅੱਗੇ ਪੱਛਮ ਵੱਲ ਹਵੇਲੀ ਦਾ ਦੂਜਾ ਹਿੱਸਾ ਹੈ। ਦੋਵਾਂ ਹਿੱਸਿਆਂ ਦੇ ਵਿਚਕਾਰ ਅੰਦਾਜ਼ਨ 15-18 ਫੁੱਟ ਚੌੜੀ ਖ਼ਾਲੀ ਥਾਂ ਹੈ ਜੋ ਛੱਤੀ ਹੋਈ ਸੀ। ਇਹ ਗੈਲਰੀ ਤਕਰੀਬਨ 45-50 ਫੁੱਟ ਲੰਬੀ ਸੀ। ਇਹ ਗੈਲਰੀ ਦੋਵਾਂ ਹਿੱਸਿਆਂ ਨੂੰ ਜੋੜਦੀ ਹੈ। ਹਵੇਲੀ ਦੇ ਚਾਰੇ ਪਾਸੇ ਖ਼ਾਲੀ ਥਾਂ ਹੈ। ਗੈਲਰੀ ਦੇ ਸਾਹਮਣੇ ਉੱਤਰ ਦਿਸ਼ਾ ਵੱਲ ਇੱਕ ਹੌਦ ਬਣਿਆ ਹੋਇਆ ਹੈ ਜਿਸ ਨੂੰ ਲੋਕ ਸਰੋਵਰ ਹੀ ਆਖਦੇ ਹਨ। ਜਹਾਜ਼ ਹਵੇਲੀ ਵਿੱਚ ਕੰਮ ਕਰਨ ਵਾਲੇ ਕਾਰੀਗਰ ਚੱਕਰਧਾਰ ਯਾਦਵ ਨੇ ਦੱਸਿਆ ਕਿ ਖੁਦਾਈ ਕਰਨ ਸਮੇਂ ਪਤਾ ਚੱਲਦਾ ਹੈ ਕਿ ਇਸ ਹੌਦ ਵਿੱਚੋਂ ਸਾਰੀ ਹਵੇਲੀ ਨੂੰ ਪਾਈਪਾਂ ਪਾਈਆਂ ਗਈਆਂ ਸਨ। ਇਹ ਹੌਦ ਜਹਾਜ਼ ਹਵੇਲੀ ਲਈ ਪਾਣੀ ਦਾ ਮੁੱਖ ਸਰੋਤ ਰਿਹਾ ਹੋਵੇਗਾ। ਹਵੇਲੀ ਨੂੰ ਬਾਹਰੋਂ ਦੇਖਿਆਂ ਆਮ ਵਿਅਕਤੀ ਨੂੰ ਇਹ ਆਮ ਉੱਪਰਲੀ ਸਮਝ ਤਾਂ ਆ ਜਾਂਦੀ ਹੈ, ਪਰ ਇਸ ਇਮਾਰਤ ਦੀਆਂ ਛੁਪੀਆਂ ਖ਼ੂਬੀਆਂ ਜਾਂ ਹਿੱਸਿਆਂ ਬਾਰੇ ਸਮਝਣਾ ਸੌਖਾ ਨਹੀਂ। ਰਾਮਗੜ੍ਹੀਆ ਬੁੰਗਾ ਅਤੇ ਬਾਬਾ ਅਟੱਲ ਸਾਹਿਬ, ਅੰਮ੍ਰਿਤਸਰ ਵਿਖੇ ਵੀ ਰਾਜ ਮਿਸਤਰੀ ਵੱਜੋਂ ਸੇਵਾ ਕਰ ਚੁੱਕੇ ਚੱਕਰਧਾਰ ਯਾਦਵ ਮੁਤਾਬਿਕ ਇਹ ਹਵੇਲੀ ਘੱਟੋ-ਘੱਟ 350 ਸਾਲ ਪੁਰਾਣੀ ਹੈ। ਇਸ ਇਮਾਰਤ ਨੂੰ ਕਈ ਥਾਂ ਤੋਂ ਸਰੀਏ ਅਤੇ ਲੋਹੇ ਦੀ ਮਜ਼ਬੂਤ ਪੱਤੀ ਨਾਲ ਸਹਾਰਾ ਦਿੱਤਾ ਗਿਆ ਹੈ। ਕਈ ਥਾਈਂ ਪੁਰਾਣਾ ਪਲੱਸਤਰ ਉਸੇ ਤਰ੍ਹਾਂ ਰੱਖਿਆ ਗਿਆ ਹੈ। ਇਸ ਪੁਰਾਣੀ ਇਮਾਰਤ ਨੂੰ ਮੁਰੰਮਤ ਕਰਕੇ ਨਵੀਂ ਮਜ਼ਬੂਤ, ਪਰ ਪੁਰਾਤਨ ਦਿੱਖ ਵਾਲੀ ਜਹਾਜ਼ ਹਵੇਲੀ ਬਣਾਇਆ ਜਾ ਰਿਹਾ ਹੈ।

ਹਵੇਲੀ ਦੇ ਦੂਜੇ ਭਾਗ ਦਾ ਪਹਿਲਾ ਹਿੱਸਾ ਕਾਫ਼ੀ ਹੱਕ ਤਕ ਢਹਿ ਚੁੱਕਿਆ ਹੈ। ਇਸ ਥੱਲੇ 5-6 ਫੁੱਟ ਡੂੰਘਾਈ ਭਾਵ ਬੇਸਮੈਂਟ ਵਿੱਚ ਦੋ-ਦੋ ਕਮਰੇ ਬਣੇ ਹੋਏ ਸਨ ਜਿਨ੍ਹਾਂ ਦਾ ਪਤਾ ਇੱਥੇ ਦਿਸਦੀਆਂ ਪੁਰਾਣੀਆਂ ਡਾਟਾਂ ਤੋਂ ਲੱਗਦਾ ਹੈ। ਇਮਾਰਤ ਦੀ ਮਜ਼ਬੂਤੀ ਦੀ ਬਾਤ ਖੁਦਾਈ ਸਮੇਂ ਨਿਕਲੇ ਥਮ੍ਹਲੇ ਅਤੇ ਦੀਵਾਰਾਂ ਵੀ ਪਾਉਂਦੀਆਂ ਹਨ। ਦੀਵਾਰਾਂ ਥੱਲੇ ਤੋਂ ਸਾਢੇ ਤਿੰਨ ਫੁੱਟ ਅਤੇ ਉੱਪਰੋਂ ਤਿੰਨ ਫੁੱਟ ਦੇ ਕਰੀਬ ਚੌੜੀਆਂ ਹਨ। ਇਨ੍ਹਾਂ ਜ਼ਮੀਨਦੋਜ਼ ਕਮਰਿਆਂ ਨੂੰ ਸਾਂਝੀ ਦੀਵਾਰ ਵਿੱਚ ਬਣਿਆ ਡਾਟ ਵਾਲਾ ਦਰਵਾਜ਼ਾ ਆਪਸ ਵਿੱਚ ਜੋੜਦਾ ਹੈ। ਇਸੇ ਤਰ੍ਹਾਂ ਪਿਛਲੇ ਹਿੱਸੇ ਵਾਲੇ ਦੋਵਾਂ ਕਮਰਿਆਂ ਨੂੰ ਵੀ ਵਿਚਕਾਰਲੀ ਸਾਂਝੀ ਦੀਵਾਰ ਵਿੱਚ ਬਣੇ ਦਰਵਾਜ਼ੇ ਆਪਸ ਵਿੱਚ ਮਿਲਾਉਂਦੇ ਹਨ ਜੋ ਖੁਦਾਈ ਸਮੇਂ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿੱਚ ਸਾਹਮਣੇ ਆਏ। ਇਸ ਵਿੱਚ ਅੱਗੇ ਪਿੱਛੇ ਚਾਰ ਕਮਰੇ ਹਨ।

ਇਨ੍ਹਾਂ ਦੇ ਉੱਪਰ ਪਹਿਲੀ ਮੰਜ਼ਿਲ ਦਾ ਚੜ੍ਹਦੇ ਪਾਸੇ ਵੱਲ ਦਾ ਹਿੱਸਾ ਡਾਟਾਂ ਜੋੜ ਕੇ ਛੱਤਿਆ ਗਿਆ ਸੀ। ਇਹ ਹਾਲ ਕਮਰਾ ਜਾਪਦਾ ਹੈ ਅਤੇ ਇਸ ਦਾ ਅੰਦਾਜ਼ਾ ਵੀ ਪੁਰਾਤਨ ਡਾਟਾਂ ਦੇਖ ਕੇ ਹੀ ਲੱਗਦਾ ਹੈ। ਇਸ ਦੇ ਪੂਰਬ ਭਾਵ ਗੈਲਰੀ ਵੱਲ ਦੋ ਗੋਲਾਈਦਾਰ ਦਰਵਾਜ਼ੇ ਹਨ ਅਤੇ ਉੱਤਰ ਵੱਲ ਇੱਕ ਦਰਵਾਜ਼ਾ ਹੈ ਜਿਸ ਉੱਤੇ ਝਰੋਖਾ ਬਣਿਆ ਹੈ। ਇਸ ਹਾਲ ਕਮਰੇ ਦੀ ਪਿਛਲੀ ਦੀਵਾਰ ਵਿੱਚ ਦੋ ਦਰਵਾਜ਼ੇ ਹਨ। ਇਨ੍ਹਾਂ ਉੱਤੇ ਵੀ ਹਵਾ ਅਤੇ ਰੌਸ਼ਨੀ ਲਈ ਉੱਪਰੋਂ ਗੋਲਾਈਦਾਰ ਝਰੋਖੇ ਹਨ। ਦਰਵਾਜ਼ਿਆਂ ਦੇ ਉੱਪਰਲੇ ਹਿੱਸੇ ਵੱਲ ਦੋਵੇਂ ਪਾਸੇ ਵੱਡੇ-ਛੋਟੇ ਆਲ਼ੇ ਹਨ। ਹਾਲ ਕਮਰੇ ਦੇ ਇਸ ਪਿਛਲੇ ਹਿੱਸੇ ਵਿੱਚ ਦੋ ਕਮਰੇ ਹਨ ਜਿਨ੍ਹਾਂ ਵਿੱਚ ਸਾਂਝੀ ਦੀਵਾਰ ਵਿੱਚੋਂ ਡਾਟ ਵਾਲਾ ਦਰਵਾਜ਼ਾ ਦੋਵਾਂ ਕਮਰਿਆਂ ਨੂੰ ਜੋੜਦਾ ਹੈ। ਉੱਤਰ ਵੱਲ ਦਰਵਾਜ਼ਾ ਹੈ ਅਤੇ ਉਸ ਉੱਤੇ ਝਰੋਖਾ ਵੀ ਹੈ। ਸਾਂਝੀ ਦੀਵਾਰ ਦਾ ਦਰਵਾਜ਼ਾ ਵੀ ਇਸ ਦੇ ਸਾਹਮਣੇ ਹੈ, ਉਸ ਉੱਤੇ ਵੀ ਝਰੋਖਾ ਹੈ। ਇਨ੍ਹਾਂ ਦਰਵਾਜ਼ਿਆਂ ਦੇ ਨਾਲ ਵੀ ਆਲ਼ੇ ਬਣੇ ਹੋਏ ਹਨ। ਦੱਖਣ ਵੱਲ ਕੋਈ ਦਰਵਾਜ਼ਾ ਨਹੀਂ। ਇਸ ਹਿੱਸੇ ਦੀ ਸਾਹਮਣੀ ਪਿਛਲੀ ਦੀਵਾਰ ਵਿੱਚ ਦੋਵਾਂ ਕਮਰਿਆਂ ਵਿੱਚ ਇੱਕ ਅਲਮਾਰੀ ਦਿਖਾਈ ਦਿੰਦੀ ਹੈ। ਉਸ ਦੇ ਉੱਪਰ ਵੀ ਝਰੋਖਾ ਅਤੇ ਆਸੇ-ਪਾਸੇ ਆਲ਼ੇ ਮੌਜੂਦ ਹਨ। ਦੋਵੇਂ ਕਮਰੇ ਇੱਕੋ ਜਿਹੇ ਦਿਖਾਈ ਦਿੰਦੇ ਹਨ।

ਹਾਲ ਕਮਰੇ ਅਤੇ ਇਨ੍ਹਾਂ ਦੋਵਾਂ ਕਮਰਿਆਂ ਦੀ ਲੰਬਾਈ-ਚੌੜਾਈ ਅੰਦਾਜ਼ਨ 40-50 ਫੁੱਟ ਹੈ। ਜ਼ਿਕਰਯੋਗ ਹੈ ਕਿ ਹਰ ਦਰ-ਦਰਵਾਜ਼ੇ ਦੇ ਨਾਲ ਆਲ਼ੇ ਜ਼ਰੂਰ ਬਣੇ ਹੋਏ ਹਨ। ਦੀਵਾਰਾਂ ਵਿੱਚ ਲੰਮੇ ਜਾਂ ਉੱਪਰੋਂ ਗੋਲਾਈਦਾਰ ਆਲ਼ੇ ਦਿਖਾਈ ਦਿੰਦੇ ਹਨ। ਛੋਟੇ ਆਲ਼ੇ ਦੀਵੇ-ਬੱਤੀਆਂ ਜਾਂ ਸਜਾਵਟੀ ਵਸਤਾਂ ਲਈ ਵੀ ਹੋ ਸਕਦੇ ਹਨ, ਪਰ ਵੱਡੇ ਆਲ਼ੇ



ਹੋਰ ਕੋਈ ਸਾਮਾਨ ਰੱਖਣ ਲਈ ਵੀ ਹੋ ਸਕਦੇ ਹਨ। ਦੀਵਾਰ ਵਿਚਲੀਆਂ ਵੱਡੀਆਂ ਅਲਮਾਰੀਆਂ ਤੇ ਆਲ਼ਿਆਂ ਬਾਰੇ ਇਹ ਅੰਦਾਜ਼ਾ ਵੀ ਲਗਾਇਆ ਜਾਂਦਾ ਹੈ ਕਿ ਕਿਸੇ ਸਮੇਂ ਇਹ ਲੱਕੜ ਜਾਂ ਕਿਸੇ ਹੋਰ ਧਾਤ ਦੇ ਪੱਲਿਆਂ ਨਾਲ ਬੰਦ ਹੁੰਦੀਆਂ ਹੋਣਗੀਆਂ।

ਇਸ ਦੀ ਦੂਜੀ ਮੰਜ਼ਿਲ ਦੀ ਛੱਤ ਉੱਤੇ ਵੀ ਪਹਿਲੇ ਹਿੱਸੇ ਵਿੱਚ ਹੇਠਲੇ ਹਿੱਸੇ ਵਾਂਗ ਹਾਲ ਕਮਰਾ ਹੈ ਜੋ ਉਸੇ ਤਰ੍ਹਾਂ ਡਾਟਾਂ ਜੋੜ ਕੇ ਬਣਾਇਆ ਗਿਆ ਹੈ। ਪਿਛਲੇ ਹਿੱਸੇ ਵਿੱਚ ਉਸੇ ਤਰ੍ਹਾਂ ਦੋ ਕਮਰੇ ਹਨ ਜਿਨ੍ਹਾਂ ਨੂੰ ਸਾਂਝੀ ਦੀਵਾਰ ਵਿਚਲਾ ਦਰਵਾਜ਼ਾ ਆਪਸ ਵਿੱਚ ਜੋੜਦਾ ਹੈ। ਇਹ ਸਾਰਾ ਕੁਝ ਬਚੀਆਂ ਹੋਈਆਂ ਡਾਟਾਂ ਨੂੰ ਮੁਰੰਮਤ ਕਰ ਕੇ ਵੀ ਸਾਂਭਿਆ ਗਿਆ ਹੈ। ਉੱਪਰਲੇ ਹਿੱਸੇ ਦੇ ਦਰਵਾਜ਼ੇ, ਥੱਲੇ ਵਾਲੇ ਦਰਵਾਜ਼ਿਆਂ ਦੇ ਠੀਕ ਉੱਪਰ ਬਣੇ ਹੋਏ ਹਨ ਅਤੇ ਉਨ੍ਹਾਂ ਨਾਲ ਵੀ ਆਲ਼ੇ ਬਣੇ ਹਨ। ਦੂਜੀ ਮੰਜ਼ਿਲ ਵਿੱਚ ਕੁਝ ਅੰਤਰ ਦੇਖਣ ਨੂੰ ਮਿਲਦਾ ਹੈ। ਇਸ ਦੀਆਂ ਉੱਤਰ, ਦੱਖਣ ਤੇ ਪੱਛਮ ਵੱਲ ਦੀਆਂ ਦੀਵਾਰਾਂ ਵਿੱਚ ਚਾਰ ਕੁ ਫੁੱਟ ਚੌੜੀਆਂ ਅਤੇ ਛੇ ਕੁ ਫੁੱਟ ਉੱਚੀਆਂ ਤਾਕੀਆਂ ਬਣੀਆਂ ਹੋਈਆਂ ਹਨ। ਇਸ ਦੇ ਹਾਲ ਕਮਰੇ ਵਿੱਚੋਂ ਉੱਤਰ ਵੱਲ ਇੱਕ ਛੋਟਾ ਜਿਹਾ ਦਰਵਾਜ਼ਾ ਬਣਿਆ ਹੋਇਆ ਹੈ ਤੇ ਢਾਈ-ਤਿੰਨ ਫੁੱਟ ਚੌੜੀ ਛੋਟੀ ਜਿਹੀ ਗੈਲਰੀ ਦਿਖਾਈ ਦਿੰਦੀ ਹੈ। ਇਸੇ ਪਾਸੇ ਬਾਹਰ ਛੱਜਾ ਵੀ ਬਣਿਆ ਹੋਇਆ ਹੈ।

ਤੀਜੀ ਮੰਜ਼ਿਲ ਦਾ ਉੱਤਰੀ ਹਿੱਸਾ ਖ਼ਾਲੀ ਹੈ। ਦੱਖਣੀ ਹਿੱਸੇ ਉੱਤੇ ਇੱਕ ਕਮਰਾ ਹੈ। ਕਮਰਿਆਂ ਦੀ ਬਣਤਰ ਤਾਂ ਮਿਲਦੀ-ਜੁਲਦੀ ਹੀ ਹੈ। ਤੀਜੀ ਮੰਜ਼ਿਲ ਵਿੱਚ ਚਾਰੇ ਪਾਸੇ ਝਰੋਖੇ ਹਨ। ਕਮਰੇ ਦੇ ਉੱਤੇ ਪੁਰਾਤਨ ਗੁੰਬਦ ਜਿਉਂ ਦਾ ਤਿਉਂ ਮੌਜੂਦ ਹੈ। ਦੱਖਣ ਤੇ ਪੱਛਮ ਵੱਲ ਵਧਵਾਂ ਛੱਜਾ ਵੀ ਹੈ। ਗੁੰਬਦ ਵਾਲੇ ਕਮਰੇ ਦੀ ਪੱਛਮੀ ਦੀਵਾਰ ਉੱਤੇ ਪੁਰਾਣੇ ਸਮੇਂ ਦਾ ਹੀ ਕਲਸ ਦਾ ਚਿੱਤਰ ਬਣਿਆ ਹੋਇਆ ਹੈ। ਇਹ ਚਿੱਤਰ ਸਮੇਂ ਨਾਲ ਮੱਧਮ ਤਾਂ ਪੈ ਗਿਆ ਹੈ, ਪਰ ਮਿਟਿਆ ਨਹੀਂ। ਕਿਸੇ ਇਮਾਰਤ ਉੱਤੇ ਗੁੰਬਦ ਦਾ ਹੋਣਾ ਉਸ ਦੇ ਧਾਰਮਿਕ, ਇਤਿਹਾਸਕ ਜਾਂ ਫਿਰ ਸ਼ਾਹੀ ਠਾਠ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਦੀਵਾਨ ਟੋਡਰ ਮੱਲ ਸ਼ਾਹਾਨਾ ਠਾਠ ਤੇ ਧਾਰਮਿਕ ਬਿਰਤੀ ਵਾਲੇ ਇਨਸਾਨ ਸਨ। ਸਰਕਾਰੇ-ਦਰਬਾਰੇ ਉਨ੍ਹਾਂ ਨੂੰ ਆਦਰ-ਮਾਣ ਹਾਸਲ ਸੀ। ਦਸਮ ਪਿਤਾ ਦੇ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਦੇ ਅੰਤਿਮ ਸਸਕਾਰ ਲਈ ਸੋਨੇ ਬਦਲੇ ਮਿੱਟੀ (ਜ਼ਮੀਨ) ਖ਼ਰੀਦ ਕੇ ਉਨ੍ਹਾਂ ਨੇ ਸਿੱਖ ਇਤਿਹਾਸ ਵਿੱਚ ਵੀ ਆਪਣਾ ਨਾਂ ਸੁਨਹਿਰੀ ਅੱਖਰਾਂ ਵਿੱਚ ਦਰਜ ਕਰਵਾ ਲਿਆ। ਦੀਵਾਨ ਟੋਡਰ ਮੱਲ ਦੀ ਇਸ ਸ਼ਾਹੀ ਹਵੇਲੀ ਦੇ ਬਿਲਕੁਲ ਪਿਛਲੇ ਪੱਛਮੀ ਹਿੱਸੇ ਨੂੰ ਦੇਖਦਿਆਂ ਇਸ ਇਮਾਰਤ ਦੇ ਖੰਡਰਾਂ ਤੋਂ ਪਤਾ ਲੱਗਦਾ ਹੈ ਕਿ ਇਹ ਹਿੱਸਾ ਵੀ ਕਦੇ ਉਸ ਪਰਿਵਾਰ ਦੀ ਸੁੰਦਰ ਰਿਹਾਇਸ਼ਗਾਹ ਅਤੇ ਰਸੋਈਘਰ ਸੀ। ਉੱਤਰੀ ਹਿੱਸੇ ਵਿੱਚ ਚਾਰ ਮਜ਼ਬੂਤ ਥੰਮ੍ਹ ਦਿਖਾਈ ਦਿੰਦੇ ਹਨ ਜੋ ਇੱਕ ਕਮਰੇ ਦੀ ਨਿਸ਼ਾਨਦੇਹੀ ਕਰਦੇ ਹਨ। ਦੱਖਣ ਵੱਲ ਦੀ ਦੀਵਾਰ ਵਿੱਚ ਵਿਚਕਾਰ ਅਤੇ ਦੋਵੇਂ ਸਿਰਿਆਂ ਵੱਲ ਡੂੰਘੇ ਤੇ ਵੱਡੇ ਤਿੰਨ ਆਲ਼ੇ ਦਿਸਦੇ ਹਨ। ਪੱਛਮ ਵੱਲੋਂ ਦੇਖਦਿਆਂ ਤਿੰਨ ਕੁ ਫੁੱਟ ਗੈਲਰੀ ਨਜ਼ਰ ਆਉਂਦੀ ਹੈ ਜਿਸ ਦੀ ਢਲਾਣ ਪੂਰਬ ਵੱਲ ਨੂੰ ਹੈ। ਤਿੰਨ ਆਲ਼ਿਆਂ ਵਾਲੀ ਦੀਵਾਰ ਇਸੇ ਗੈਲਰੀ ਦੀ ਬਾਹਰੀ ਦੀਵਾਰ ਹੈ। ਇਹ ਗੈਲਰੀ ਅੱਗੇ ਜਾ ਕੇ ਉੱਤਰ ਵੱਲ ਮੁੜਦੀ ਹੈ ਤੇ ਕਮਰੇ ਵੱਲ ਬਾਹਰ ਜਾਣ ਦਾ ਰਸਤਾ ਬਣਦੀ ਹੈ। ਇਹ ਗੈਲਰੀ ਸੱਤ ਕੁ ਫੁੱਟ ਉੱਚੀ ਹੈ। ਇਸ ਦੇ ਉੱਪਰ ਵੀ ਅਜਿਹੀ ਹੀ ਗੈਲਰੀ ਦਿਖਾਈ ਦਿੰਦੀ ਹੈ ਜੋ ਡਿੱਗੀ-ਢਹੀ ਹਾਲਤ ਵਿੱਚ ਹੈ। ਦੱਖਣ ਵੱਲ ਗੈਲਰੀ ਨਹੀਂ ਹੈ, ਪਰ ਗੈਲਰੀ ਵਿੱਚ ਦੱਖਣ ਵੱਲ ਛੋਟਾ ਜਿਹਾ ਦਰਵਾਜ਼ਾ ਹੈ ਜੋ ਕਮਰੇ ਨੂੰ ਇਸ ਨਾਲ ਜੋੜਦਾ ਹੈ।



ਪੱਛਮ ਵੱਲੋਂ ਜਿੱਥੇ ਗੈਲਰੀ ਬਣੀ ਹੈ, ਉਸ ਦੇ ਨਾਲ ਦੱਖਣ ਵੱਲ ਤਿੰਨ ਕੁ ਫੁੱਟ ਡੂੰਘਾ ਛੋਟਾ ਜਿਹਾ ਹੌਦ ਹੈ ਜਿਸ ਦੇ ਦੋਵੇਂ ਪਾਸੇ ਮੋਰੀਆਂ ਹਨ। ਕਾਰੀਗਰ ਯਾਦਵ ਅਨੁਸਾਰ ਇਹ ਮੋਰੀਆਂ ਪਾਣੀ ਦੇ ਪਾਈਪ ਵਾਲੀਆਂ ਹਨ, ਇੱਕ ਵੱਲੋਂ ਪਾਣੀ ਆਉਂਦਾ ਤੇ ਦੂਜੀ ਵਿੱਚੋਂ ਬਾਹਰ ਨਿਕਲਦਾ ਹੋਵੇਗਾ। ਹੌਦ ਤੋਂ ਅੰਦਰ ਭਾਵ ਪੂਰਬ ਵੱਲ ਇੱਕ ਛੋਟਾ ਜਿਹਾ ਕਮਰਾ ਹੈ ਜਿਸ ਦੇ ਉੱਤਰ ਭਾਵ ਗੈਲਰੀ ਵੱਲ ਡਾਟ ਜੋੜ ਕੇ ਵਧਾਅ ਦਿੱਤਾ ਹੋਇਆ ਹੈ। ਇਸ ਕਮਰੇ ਦੇ ਦੱਖਣੀ ਹਿੱਸੇ ਵੱਲ ਵੱਡਾ ਚੁੱਲ੍ਹਾ ਸੀ ਅਤੇ ਦੱਖਣੀ ਦੀਵਾਰ ਵਿੱਚ ਵੱਡੀ ਮੋਰੀ ਜਾਂ ਮੋਘਾ ਜਿਹਾ ਸੀ ਜਿਸ ਬਾਰੇ ਯਾਦਵ ਨੇ ਦੱਸਿਆ ਕਿ ਇਹ ਚੁੱਲ੍ਹੇ ਵਿੱਚ ਲੱਕੜਾਂ ਲਾਉਣ ਲਈ ਰੱਖੀ ਹੋਈ ਸੀ। ਚੁੱਲ੍ਹੇ ਦਾ ਮੂੰਹ ਇਸ ਦੀਵਾਰ ਵੱਲ ਸੀ। ਚੁੱਲ੍ਹਾ ਅਤੇ ਲੱਕੜਾਂ ਵਾਲੀ ਮੋਰੀ ਬੰਦ ਕਰ ਦਿੱਤੀ ਗਈ ਹੈ। ਸਿਰਫ਼ ਨਿਸ਼ਾਨ ਹੀ ਦਿਸਦੇ ਹਨ, ਉਹ ਵੀ ਆਮ ਬੰਦੇ ਨੂੰ ਨਹੀਂ ਸਗੋਂ ਕੰਮ ਕਰਨ ਵਾਲੇ ਹੀ ਅੰਦਾਜ਼ਾ ਲਗਾ ਸਕਦੇ ਹਨ। ਇਸ ਚੁੱਲ੍ਹੇ ਵਾਲੇ ਕਮਰੇ ਤੋਂ ਅੱਗੇ ਚੜ੍ਹਦੀ ਵੱਲ ਦੂਜਾ ਅਜਿਹਾ ਹੀ ਕਮਰਾ ਹੈ। ਇਨ੍ਹਾਂ ਦੀ ਸਾਂਝੀ ਡਾਟ ਵਿੱਚ ਧੂੰਏਂ ਲਈ ਚਿਮਨੀ ਬਣੀ ਹੋਈ ਹੈ। ਡਾਟ ਤੋਂ ਅੱਗੇ ਉੱਤਰੀ ਦੀਵਾਰ ਵੱਲ ਬਿਲਕੁਲ ਛੋਟਾ ਜਿਹਾ ਸਟੋਰਨੁਮਾ ਘੁਰਨਾ ਜਿਹਾ ਦਿਖਾਈ ਦਿੰਦਾ ਹੈ ਜੋ ਦੂਜੇ ਕਮਰੇ ਦਾ ਹਿੱਸਾ ਹੈ। ਇਸ ਕਮਰੇ ਦੇ ਠੀਕ ਵਿਚਕਾਰ ਗੋਲ ਭੱਠੀ ਦੇ ਨਿਸ਼ਾਨ ਮਿਲਦੇ ਹਨ। ਜਿਵੇਂ ਪਿਛਲੇ ਸਮੇਂ ਵਿਆਹ-ਸ਼ਾਦੀ ਮੌਕੇ ਹਲਵਾਈ ਜ਼ਮੀਨ ਵਿੱਚ ਭੱਠੀ ਪੁੱਟ ਕੇ ਕੜਾਹੀ ਚੜ੍ਹਾਉਂਦੇ ਸਨ, ਇਹ ਉਸ ਢੰਗ ਦੀ ਭੱਠੀ ਜਾਪਦੀ ਹੈ। ਇਸ ਉੱਤੇ ਰੌਸ਼ਨੀ ਜਾਂ ਧੂੰਏਂ ਲਈ ਛੱਤ ਵਿੱਚ ਮੋਘਾ ਰੱਖਿਆ ਹੋਇਆ ਹੈ। ਇਸ ਦੀਆਂ ਦੀਵਾਰਾਂ ਵਿੱਚ ਡੂੰਘੇ ਆਲ਼ੇ ਹਨ। ਇਸ ਕਮਰੇ ਵਿੱਚੋਂ ਹੀ ਗੈਲਰੀ ਨੂੰ ਦਰਵਾਜ਼ਾ ਲੱਗਦਾ ਹੈ ਅਤੇ ਇਹੋ ਰਸਤਾ ਉੱਤਰੀ ਹਿੱਸੇ ਵੱਲ ਜਾਂਦਾ ਹੈ। ਇਸ ਕਮਰੇ ਦੀ ਦੱਖਣੀ ਦੀਵਾਰ ਕੋਲੋਂ ਚੜ੍ਹਦੇ ਵੱਲ ਨੂੰ ਛੋਟਾ ਜਿਹਾ ਦਰਵਾਜ਼ਾ ਨਿਕਲਦਾ ਹੈ। ਉਹ ਵੀ ਡਾਟ ਵਾਲਾ ਹੈ। ਛੋਟੀ ਜਿਹੀ ਗੈਲਰੀ ਫਿਰ ਬਾਹਰ ਦੱਖਣ ਵੱਲ ਨਿਕਲਦੀ ਹੈ ਅਤੇ ਚੜ੍ਹਦੇ ਵੱਲ ਨਿੱਕਾ ਜਿਹਾ ਸਟੋਰ ਜਾਪਦਾ ਹੈ। ਇਹ ਕਮਰੇ ਨੂੰ ਉਸ ਨਾਲ ਜੋੜਦੀ ਹੈ। ਇਸ ਵਿੱਚ ਵੀ ਆਲ਼ੇ ਹਨ ਅਤੇ ਛੱਤ ਵਿੱਚ ਰੌਸ਼ਨੀ ਲਈ ਮੋਘਾ ਹੈ। ਇਸ ਸਟੋਰ ਦਾ ਪੱਛਮੀ ਪਾਸਾ ਬਿਨਾਂ ਛੱਤਿਆ ਹੀ ਹੈ।

ਦੀਵਾਨ ਟੋਡਰ ਮੱਲ ਦੀ ਜਹਾਜ਼ੀ ਹਵੇਲੀ ਦਾ ਇਹ ਰਸੋਈਘਰ ਇਮਾਰਤਸਾਜ਼ੀ ਦੀ ਵਧੀਆ ਮਿਸਾਲ ਹੈ। ਚੁੱਲ੍ਹੇ ਵਿੱਚ ਬਾਹਰੋਂ ਲੱਕੜਾਂ ਲਗਾਉਣ ਦਾ ਇੰਤਜ਼ਾਮ ਅਤੇ ਰਸੋਈਘਰ ਅੱਗੇ ਬਰਤਨ ਧੋਣ ਜਾਂ ਹੋਰ ਵਰਤੋਂ ਲਈ ਪਾਣੀ ਦਾ ਹੌਦ ਬਣਾਇਆ ਜਾਣਾ ਉਸ ਸਮੇਂ ਦੇ ਕਾਰੀਗਰਾਂ ਦੀ ਕਮਾਲ ਦੀ ਸੂਝ ਦਰਸਾਉਂਦਾ ਹੈ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਹੌਦ ਨਾਲ ਲੱਗਦਾ ਕਮਰਾ ਜਾਂ ਰਸੋਈਘਰ ਅੰਦਾਜ਼ਨ 4-5 ਫੁੱਟ ਡੂੰਘਾ ਹੈ ਅਤੇ ਚੜ੍ਹਦੇ ਵੱਲ ਨੂੰ ਢਲਾਈ ਵਾਲੇ ਪਾਸੇ ਦੂਜਾ ਕਮਰਾ ਵੀ ਇਸੇ ਤਰ੍ਹਾਂ ਹੈ। ਇਹ ਅਗਲੇ ਹਿੱਸੇ ਵਾਲੇ ਜ਼ਮੀਨਦੋਜ਼ ਕਮਰਿਆਂ ਨਾਲ ਜੁੜਿਆ ਦਿਖਾਈ ਦਿੰਦਾ ਹੈ ਕਿਉਂਕਿ ਸਾਂਝੀ ਦੀਵਾਰ ਵਿੱਚ ਬੰਦ ਕੀਤੇ ਦਰਵਾਜ਼ੇ ਦਾ ਡਾਟਾਂ ਤੋਂ ਪ੍ਰਤੱਖ ਪਤਾ ਲੱਗਦਾ ਹੈ। ਇੱਥੇ ਦੱਸਣਾ ਬਣਦਾ ਹੈ ਕਿ ਸਾਰੀ ਇਮਾਰਤ ਡਾਟਾਂ ਉੱਤੇ ਹੀ ਨਿਰਭਰ ਹੈ।

ਸਮੁੱਚੀ ਹਵੇਲੀ ਦੀ ਪੁਰਾਤਨ ਬਣਤਰ ਤੋਂ ਇਲਾਵਾ ਇਮਾਰਤ ਦੀ ਕੀਤੀ ਗਈ ਮੁਰੰਮਤ ਵੀ ਮੂੰਹੋਂ ਬੋਲਦੀ ਹੈ। ਇਸ ਦੀਆਂ ਕੁਝ ਛੱਤਾਂ ਤਿਆਰ ਹੋ ਚੁੱਕੀਆਂ ਹਨ। ਜ਼ਿਕਰਯੋਗ ਹੈ ਕਿ ਪੁਰਾਤਨ ਢੰਗ ਨਾਲ ਚੂਨਾ-ਮਸਾਲਾ ਤਿਆਰ ਕਰਕੇ ਅਤੇ ਛੋਟੀਆਂ ਸਰਹਿੰਦੀ ਇੱਟਾਂ ਵਰਤ ਕੇ ਹੀ ਇਮਾਰਤ ਦੀ ਮੁਰੰਮਤ ਕੀਤੀ ਜਾ ਰਹੀ ਹੈ ਤਾਂ ਜੋ ਜਹਾਜ਼ ਹਵੇਲੀ ਦੀ ਪੁਰਾਣੀ ਦਿੱਖ ਕਾਇਮ ਰੱਖੀ ਜਾ ਸਕੇ। ਇਹ ਇੱਟਾਂ ਪੁਰਾਣੀ ਸਰਹਿੰਦ ਦੀਆਂ ਡਿੱਗੀਆਂ-ਢਹੀਆਂ ਇਮਾਰਤਾਂ ਅਤੇ ਰੋੜੀ ਕੁੱਟਣ ਵਾਲ਼ਿਆਂ ਤੋਂ ਖ਼ਰੀਦੀਆਂ ਜਾਂਦੀਆਂ ਹਨ। ਇਸ ਦੀਆਂ ਛੱਤਾਂ ਕਾਰੀਗਰ ਦੀ ਕਲਾ ਤੇ ਮਿਹਨਤ ਅਤੇ ਦੇਖ-ਰੇਖ ਕਰਨ ਵਾਲੇ ਮਾਹਿਰਾਂ ਦੀ ਕਾਬਲੀਅਤ ਦਾ ਪ੍ਰਤੱਖ ਪ੍ਰਮਾਣ ਹਨ। ਇਹ ਛੱਤਾਂ ਬਿਨਾਂ ਸਰੀਏ ਤੋਂ ਸਿਰਫ਼ ਚੂਨੇ-ਮਸਾਲੇ ਨਾਲ ਤਿਆਰ ਕੀਤੀਆਂ ਜਾ ਰਹੀਆਂ ਹਨ। ਇਹ ਮੱਕੜੀ ਦੇ ਜਾਲ ਵਾਂਗ ਜਾਪਦੀਆਂ ਹਨ ਜੋ ਬਹੁਤ ਖ਼ੂਬਸੂਰਤ ਦਿਖਾਈ ਦਿੰਦੀਆਂ ਹਨ। ਹਵੇਲੀ ਦੀ ਦੱਖਣੀ ਅਤੇ ਉੱਤਰੀ ਬਾਹਰੀ ਦੀਵਾਰ ਦੀ ਕਾਫ਼ੀ ਹੱਦ ਤਕ ਮੁਰੰਮਤ ਹੋ ਚੁੱਕੀ ਹੈ ਜੋ ਬੜੀ ਸੁੰਦਰ ਦਿਸਦੀ ਹੈ।

ਇਸ ਹਵੇਲੀ ਦੀ ਪਿਛਲੇ ਸਮੇਂ ਦੀ ਮਾਲਕੀ ਬਾਰੇ ਤਾਂ ਕੋਈ ਜਾਣਕਾਰੀ ਨਹੀਂ ਮਿਲ ਸਕੀ, ਪਰ ਕੁਝ ਸਮਾਂ ਪਹਿਲਾਂ ਇਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਨੇ ਲੈ ਲਈ ਹੈ। ਮੁਹਾਲੀ ਨਿਵਾਸੀ ਨਵਜੋਤਪਾਲ ਸਿੰਘ ਰੰਧਾਵਾ ਨੇ ਇਸ ਜਹਾਜ਼ ਹਵੇਲੀ ਬਾਰੇ ਬਹੁਤ ਡੂੰਘਾਈ ਨਾਲ ਖੋਜ-ਪੜਤਾਲ ਕੀਤੀ। ਇਸ ਸਦਕਾ ਪਤਾ ਚੱਲਿਆ ਕਿ ਹਵੇਲੀ ਦੇ ਮਾਲਕ ਦਿੱਲੀ ਰਹਿੰਦੇ ਹਨ। ਨਵਜੋਤਪਾਲ ਸਿੰਘ ਰੰਧਾਵਾ ਨੇ ਉਨ੍ਹਾਂ ਨਾਲ਼ ਸੰਪਰਕ ਕੀਤਾ ਅਤੇ 'ਪੰਜਾਬ ਵਿਰਾਸਤ ਚੈਰੀਟੇਬਲ ਟਰੱਸਟ (ਰਜਿ:) ਮੁਹਾਲੀ' ਦੇ ਨਾਂ ਇਹ ਹਵੇਲੀ ਖ਼ਰੀਦ ਲਈ। ਉਸ ਸਮੇਂ ਟਰੱਸਟ ਦੇ ਮੀਤ ਪ੍ਰਧਾਨ ਜਤਿੰਦਰ ਸਿੰਘ ਪਨੇਸਰ ਸਨ। ਨਵਜੋਤਪਾਲ ਸਿੰਘ ਰੰਧਾਵਾ ਉਸ ਸਮੇਂ ਫ਼ਤਿਹਗੜ੍ਹ ਸਾਹਿਬ ਵਿਖੇ ਹੀ ਏ.ਡੀ.ਸੀ ਦੇ ਅਹੁਦੇ 'ਤੇ ਸਨ। ਇਸ ਵਿਰਾਸਤੀ ਹਵੇਲੀ ਪ੍ਰਤੀ ਲਗਾਉ ਅਤੇ ਸ਼ਰਧਾ ਹੀ ਇਸ ਨੂੰ ਖ਼ਰੀਦਣ ਦਾ ਕਾਰਨ ਹੋ ਸਕਦਾ ਹੈ।

ਸ਼੍ਰੋਮਣੀ ਕਮੇਟੀ ਨੇ ਇਸ ਟਰੱਸਟ ਨਾਲ ਗੱਲਬਾਤ ਕੀਤੀ ਅਤੇ ਟਰੱਸਟ ਨੇ ਜਤਿੰਦਰ ਸਿੰਘ ਪਨੇਸਰ ਰਾਹੀਂ ਹਵੇਲੀ ਦਾ ਦੋ ਕਨਾਲ ਸਤਾਰਾਂ ਮਰਲੇ (2 ਕਨਾਲ 17 ਮਰਲੇ) ਰਕਬਾ ਗੁਰਦੁਆਰਾ ਫ਼ਤਿਹਗੜ੍ਹ ਸਾਹਿਬ ਦੇ ਨਾਂ ਕਰ ਦਿੱਤਾ। ਦਾਨ ਵਜੋਂ ਕੀਤੀ ਇਹ ਰਜਿਸਟਰੀ 29 ਅਪਰੈਲ 2008 ਨੂੰ ਹੋਈ। ਇਸ ਪਿੱਛੋਂ ਹਵੇਲੀ ਦੇ ਨਾਲ ਲੱਗਦੀ ਚਾਰ ਕਨਾਲ ਤੇਰਾਂ ਮਰਲੇ (4 ਕਨਾਲ 13 ਮਰਲੇ) ਜ਼ਮੀਨ ਗਰਜਾ ਸਿੰਘ ਪੁੱਤਰ ਜਸਵੰਤ ਸਿੰਘ ਪਿੰਡ ਡੇਰਾ ਮੀਰਮੀਰਾਂ ਤੋਂ ਗੁਰਦੁਆਰਾ ਫ਼ਤਿਹਗੜ੍ਹ ਸਾਹਿਬ ਦੀ ਜ਼ਮੀਨ ਨਾਲ ਤਬਾਦਲਾ ਕਰ ਕੇ ਲਈ ਗਈ। ਇਹ ਰਕਬਾ ਹਵੇਲੀ ਵਾਲੇ ਰਕਬੇ ਨਾਲ਼ ਮਿਲਾਇਆ ਗਿਆ ਜੋ ਅੰਦਾਜ਼ਨ 7-8 ਕਨਾਲ ਰਕਬਾ ਬਣ ਗਿਆ।

ਸ਼੍ਰੋਮਣੀ ਕਮੇਟੀ ਵੱਲੋਂ ਇਹ ਵਿਰਾਸਤੀ ਹਵੇਲੀ ਮੁਰੰਮਤ ਜਾਂ ਪੁਨਰ-ਨਿਰਮਾਣ ਹਿਤ 29 ਅਗਸਤ 2010 ਨੂੰ ਬੀਬੀ ਹਰਮਿੰਦਰ ਕੌਰ 'ਖਾਲਸਾ ਵਿਰਸਾ ਸੁਸਾਇਟੀ ਇੰਗਲੈਂਡ' ਨੂੰ ਸੌਂਪੀ ਗਈ। ਬਾਬਾ ਅਮਰੀਕ ਸਿੰਘ ਕਾਰ ਸੇਵਾ ਵਾਲੇ ਇਹ ਸੇਵਾ ਕਰਵਾਉਣ ਲੱਗੇ, ਪਰ ਕਿਸੇ ਕਾਰਨ ਇਹ ਸੇਵਾ ਨਾ ਹੋ ਸਕੀ। ਇਸ ਉਪਰੰਤ ਹਵੇਲੀ ਦੇ ਪੁਨਰ-ਨਿਰਮਾਣ ਦਾ ਠੇਕਾ ਹੈਰੀਟੇਜ ਕੰਜ਼ਰਵੇਸ਼ਨ ਮੈਨੇਜਮੈਂਟ ਸਰਵਿਸਿਜ਼ ਕੰਪਨੀ, ਦਿੱਲੀ ਨੂੰ ਦੇ ਦਿੱਤਾ ਗਿਆ। ਸੋ ਇਹ ਕੰਮ ਹੁਣ ਕੰਪਨੀ ਕਰਵਾ ਰਹੀ ਹੈ। ਇਹ ਸਾਰਾ ਕਾਰਜ ਸ਼੍ਰੋਮਣੀ ਕਮੇਟੀ, ਗੁਰਦੁਆਰਾ ਫ਼ਤਿਹਗੜ੍ਹ ਸਾਹਿਬ ਰਾਹੀਂ ਕਰਵਾ ਰਹੀ ਹੈ। ਇਹ ਸ਼੍ਰੋਮਣੀ ਕਮੇਟੀ ਦਾ ਸ਼ਲਾਘਾਯੋਗ ਉੱਦਮ ਹੈ। ਜੇ ਉੱਤਰ-ਪੂਰਬ ਵੱਲ ਦਾ ਜ਼ਮੀਨ ਦਾ ਇੱਕ ਕੋਨਾ ਹੋਰ ਖ਼ਰੀਦ ਕੇ ਹਵੇਲੀ ਨਾਲ ਰਲਾ ਲਿਆ ਜਾਵੇ ਤਾਂ ਇਸ ਦੀ ਦਿੱਖ ਹੋਰ ਵੀ ਸੁੰਦਰ ਹੋ ਸਕਦੀ ਹੈ। ਸਿੱਖ ਕੌਮ ਦੀਵਾਨ ਟੋਡਰ ਮੱਲ ਦੇ ਪਰਉਪਕਾਰ ਨੂੰ ਕਦੇ ਵੀ ਨਹੀਂ ਭੁਲਾ ਸਕਦੀ। ਤਵਾਰੀਖ਼ ਵਿੱਚ ਇਹ ਹਵੇਲੀ ਸਦਾ ਇਸ ਗੱਲ ਦੀ ਗਵਾਹ ਰਹੇਗੀ ਕਿ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਮੁਰੀਦ ਸਿਰਫ਼ ਸਿੱਖ ਹੀ ਨਹੀਂ ਸਗੋਂ ਦੀਵਾਨ ਟੋਡਰ ਮੱਲ ਹੋਰਾਂ ਵਰਗੇ ਹਿੰਦੂ ਪਰਿਵਾਰ ਵੀ ਸਨ। ਜਦੋਂ ਵੀ ਸਾਹਿਬਜ਼ਾਦਿਆਂ ਅਤੇ ਮਾਤਾ ਜੀ ਦੀ ਅਦੁੱਤੀ ਸ਼ਹਾਦਤ ਦਾ ਜ਼ਿਕਰ ਹੋਵੇਗਾ ਤਾਂ ਦੀਵਾਨ ਟੋਡਰ ਮੱਲ ਨੂੰ ਜ਼ਰੂਰ ਯਾਦ ਕੀਤਾ ਜਾਵੇਗਾ। ਹੱਕ, ਸੱਚ, ਧਰਮ ਅਤੇ ਇਨਸਾਨੀਅਤ ਲਈ ਸੱਚੀ-ਸੁੱਚੀ ਸੋਚ ਦੀ ਪ੍ਰਤੀਕ ਹੋ ਨਿੱਬੜੀ ਹੈ ਇਹ ਵਿਰਾਸਤੀ ਜਹਾਜ਼ ਹਵੇਲੀ।

(ਪੰਜਾਬੀ ਟ੍ਰਿਬਿਊਨ 'ਚੋਂ ਧੰਨਵਾਦ ਸਹਿਤ)



# ਜੈਸ਼-ਏ-ਮੁਹੰਮਦ ਦਾ ਖਤਰਨਾਕ ਖਾੜਕੂ ਨੂਰ ਮੁਹੰਮਦ ਤਾਂਤਰੇ ਮੁਕਾਬਲੇ 'ਚ ਮਾਰ ਮੁਕਾਇਆ

**ਸ੍ਰੀਨਗਰ/ਬਿਊਰੋ ਨਿਊਜ਼:** ਜੈਸ਼-ਏ-ਮੁਹੰਮਦ ਦਾ ਸਿਖਰਲਾ ਅਤਿਵਾਦੀ ਨੂਰ ਮੁਹੰਮਦ ਤਾਂਤਰੇ ਜੰਮੂ ਤੇ ਕਸ਼ਮੀਰ ਦੇ ਪੁਲਵਾਮਾ ਜ਼ਿਲ੍ਹੇ ਵਿੱਚ ਸੁਰੱਖਿਆ ਦਸਤਿਆਂ ਨਾਲ ਹੋਏ ਮੁਕਾਬਲੇ ਵਿੱਚ ਹਲਾਕ ਹੋ ਗਿਆ। ਮੁਕਾਬਲੇ ਦੌਰਾਨ ਤਾਂਤਰੇ ਦੇ ਦੋ ਸਾਥੀ, ਜੋ ਕਿ ਵਿਦੇਸ਼ੀ ਦਹਿਸ਼ਤਗਰਦ ਮੰਨੇ ਜਾਂਦੇ ਹਨ, ਭੱਜਣ ਵਿੱਚ ਸਫ਼ਲ ਰਹੇ। ਵਾਦੀ ਵਿੱਚ ਦਹਿਸ਼ਤੀ ਜਥੇਬੰਦੀ ਦੀ ਸੁਰਜੀਤੀ ਪਿੱਛੇ ਤਾਂਤਰੇ ਦੀ ਅਹਿਮ ਭੂਮਿਕਾ ਸੀ। 47 ਸਾਲਾ ਨੂਰ ਮੁਹੰਮਦ, ਜਿਸ ਨੂੰ ਮੌਤ ਦਾ ਸੌਦਾਗਰ' ਵੀ ਕਿਹਾ ਜਾਂਦਾ ਸੀ, ਸ੍ਰੀਨਗਰ ਹਵਾਈ ਅੱਡੇ 'ਤੇ ਬੀਐਸਐਫ ਦੇ ਕੈਂਪ ਉੱਤੇ ਹੋਏ ਆਤਮਘਾਤੀ ਹਮਲੇ ਤੇ ਮੰਤਰੀ ਨਈਮ ਅਖ਼ਤਰ ਦੇ ਕਾਫ਼ਲੇ 'ਤੇ ਹਮਲੇ ਸਮੇਤ ਹੋਰ ਕਈ ਦਹਿਸ਼ਤੀ ਘਟਨਾਵਾਂ ਲਈ ਲੋੜੀਂਦਾ ਸੀ। ਉਹ ਸਲਾਮਤੀ ਦਸਤਿਆਂ ਦੀਆਂ ਅੱਖਾਂ 'ਚ ਕਈ ਚਿਰ ਤੋਂ ਰੜਕ ਰਿਹਾ ਸੀ। ਇਸ ਦੌਰਾਨ ਤਾਂਤਰੇ ਨੂੰ ਬਾਅਦ ਦੁਪਹਿਰ ਉਸ ਦੇ ਪਿੰਡ ਵਿੱਚ ਦਫ਼ਨਾ ਦਿੱਤਾ ਗਿਆ ਹੈ। ਫ਼ੌਜ ਦੇ ਇਕ ਅਧਿਕਾਰੀ ਨੇ ਕਿਹਾ, 'ਜੈਸ਼ੇ ਮੁਹੰਮਦ ਦਾ ਡਿਵੀਜ਼ਨਲ ਕਮਾਂਡਰ ਨੂਰ ਮੁਹੰਮਦ ਤਾਂਤਰੇ ਉਰਫ਼ ਨੂਰ ਤਰਾਲੀ ਪੁਲਵਾਮਾ ਦੇ ਸਾਂਬੂਰਾ ਇਲਾਕੇ ਵਿੱਚ ਸਲਾਮਤੀ ਦਸਤਿਆਂ ਨਾਲ ਬੀਤੀ ਰਾਤ ਤੋਂ ਚੱਲ ਰਹੇ ਮੁਕਾਬਲੇ ਵਿੱਚ ਮਾਰਿਆ ਗਿਆ ਹੈ।' ਅਧਿਕਾਰੀ ਨੇ ਕਿਹਾ ਕਿ ਤਾਂਤਰੇ, ਜਿਸ ਦਾ ਕੱਦ ਚਾਰ ਫੁੱਟ ਤੋਂ ਥੋੜ੍ਹਾ ਵੱਧ ਸੀ, ਦੀ ਲਾਸ਼ ਅੱਜ ਸਵੇਰੇ ਇਕ ਹਥਿਆਰ ਸਮੇਤ ਬਰਾਮਦ ਹੋਈ ਹੈ। ਅਧਿਕਾਰੀ ਮੁਤਾਬਕ ਜੰਮੂ ਤੇ ਕਸ਼ਮੀਰ ਪੁਲੀਸ ਦੀ ਟੀਮ ਨੇ ਵਿਸ਼ੇਸ਼ ਜਾਣਕਾਰੀ ਦੇ ਆਧਾਰ 'ਤੇ ਸਾਂਬੂਰਾ ਵਿੱਚ ਕੁਝ ਘਰਾਂ ਨੂੰ ਘੇਰਾ ਪਾਇਆ ਤਾਂ ਦਹਿਸ਼ਤਗਰਦਾਂ ਨੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਜਵਾਬ ਵਿੱਚ ਸਲਮਾਤੀ ਦਸਤਿਆਂ ਨੇ ਵੀ ਗੋਲੀਆਂ ਚਲਾਈਆਂ ਤੇ ਮੁਕਾਬਲੇ ਵਿੱਚ ਜੈਸ਼ੇ ਮੁਹੰਮਦ ਦਾ ਸਿਖਰਲਾ ਕਮਾਂਡਰ ਮਾਰਿਆ ਗਿਆ। ਪੁਲੀਸ ਦੇ ਤਰਜਮਾਨ ਨੇ ਤਾਂਤਰੇ ਦੀ ਮੌਤ ਨੂੰ ਸਲਾਮਤੀ ਦਸਤਿਆਂ ਲਈ 'ਵੱਡੀ ਕਾਮਯਾਬੀ' ਦੱਸਿਆ ਹੈ। ਤਾਂਤਰੇ ਦੱਖਣੀ ਕਸ਼ਮੀਰ ਦੇ ਤਰਾਲ ਵਿੱਚ ਰਹਿ ਕੇ ਖਿੱਤੇ ਵਿੱਚ ਜੈਸ਼ੇ ਮੁਹੰਮਦ ਦੇ ਪ੍ਰਮੁੱਖ ਕਾਮੇ ਵਜੋਂ ਸਰਗਰਮ ਸੀ। ਮੁਕਾਬਲੇ ਵਿੱਚ ਸ਼ਾਮਲ ਇਕ ਸੀਨੀਅਰ ਪੁਲੀਸ ਅਧਿਕਾਰੀ ਨੇ ਨਾਮ ਨਸ਼ਰ ਨਾ ਕੀਤੇ ਜਾਣ ਦੀ ਸ਼ਰਤ 'ਤੇ ਕਿਹਾ, 'ਬੀਤੇ ਵਿੱਚ ਕਈ ਵਾਰ ਕੁਝ ਮਿੰਟਾਂ ਦੇ ਫ਼ਰਕ ਨਾਲ ਉਹ ਸਾਡੇ ਹੱਥੋਂ ਨਿਕਲ ਜਾਂਦਾ ਸੀ। ਪਰ ਸਾਨੂੰ ਯਕੀਨ ਸੀ ਕਿ ਕਿਸਮਤ ਬਹੁਤਾ ਚਿਰ ਉਸ ਦਾ ਸਾਥ ਨਹੀਂ ਦੇਵੇਗੀ ਕਿਉਂਕਿ ਉਸ ਦਾ ਮਦਰਾ ਕੱਦ ਉਸ ਲਈ ਸਭ ਤੋਂ ਵੱਡੀ ਰੁਕਾਵਟ ਸੀ।' ਅਧਿਕਾਰੀ ਨੇ ਕਿਹਾ ਕਿ ਤਾਂਤਰੇ ਜੰਮੂ ਤੇ ਕਸ਼ਮੀਰ ਪੁਲੀਸ ਦੀ ਵਿਸ਼ੇਸ਼ ਯੂਨਿਟ ਦੀ ਰਾਡਾਰ 'ਤੇ ਸੀ। ਇਸ ਸਾਲ ਜੁਲਾਈ ਵਿੱਚ ਅਰੀਪਾਲ ਮੁਕਾਬਲੇ, ਜਿਸ ਵਿੱਚ ਜੈਸ਼ੇ ਮੁਹੰਮਦ ਦੇ ਤਿੰਨ ਅਤਿਵਾਦੀ ਮਾਰੇ ਗਏ ਸਨ, ਮਗਰੋਂ ਤਾਂਤਰੇ ਰੂਪੋਸ਼ ਹੋ ਗਿਆ। ਤਾਂਤਰੇ ਜਲਦੀ ਹੀ ਵੱਖ ਵੱਖ ਥਾਈਂ ਹਮਲੇ ਵਿਉਂਤ ਕੇ ਦਹਿਸ਼ਤੀ ਜਥੇਬੰਦੀ ਦੇ ਅਹਿਮ ਮੈਂਬਰਾਂ 'ਚ ਸ਼ੁਮਾਰ ਹੋ ਗਿਆ। ਉਹ ਦੱਖਣੀ ਕਸ਼ਮੀਰ ਦੇ ਤਰਾਲ ਖੇਤਰ ਨਾਲ ਸਬੰਧਤ ਸੀ। ਜੈਸ਼ ਦੇ ਕਮਾਂਡਰ ਤੇ 2001 ਵਿੱਚ ਸੰਸਦ 'ਤੇ ਹਮਲੇ ਦੇ ਮੁੱਖ ਸਾਜ਼ਿਸ਼ਕਾਰ ਗਾਜ਼ੀ ਬਾਬਾ ਦੇ ਨੇੜੇ ਮੰਨੇ ਜਾਂਦੇ ਤਾਂਤਰੇ ਨੂੰ 31 ਅਗਸਤ 2003 ਨੂੰ ਦਿੱਲੀ ਦੇ ਸਦਰ ਬਾਜ਼ਾਰ ਤੋਂ ਚਾਰ ਹੋਰਨਾਂ ਦਹਿਸ਼ਤਗਰਦਾਂ ਨਾਲ ਗ੍ਰਿਫ਼ਤਾਰ ਕੀਤਾ ਗਿਆ ਸੀ। ਤਾਂਤਰੇ ਦਿੱਲੀ ਦੀ ਤਿਹਾੜ ਜੇਲ੍ਹ ਵਿੱਚ ਅੱਠ ਸਾਲ ਰਿਹਾ ਤੇ ਮਗਰੋਂ ਉਸ ਨੂੰ ਸ੍ਰੀਨਗਰ ਦੀ ਕੇਂਦਰੀ ਜੇਲ੍ਹ ਵਿੱਚ ਤਬਦੀਲ ਕਰ ਦਿੱਤਾ ਗਿਆ। ਸਾਲ 2015 ਵਿੱਚ ਉਸ ਨੂੰ ਪੈਰੋਲ ਮਿਲ ਗਈ ਸੀ। ਉਸ ਦੀ ਮੌਤ ਨੂੰ ਜੈਸ਼ੇ ਮੁਹੰਮਦ ਲਈ ਵੱਡਾ ਝਟਕਾ ਮੰਨਿਆ ਜਾ ਰਿਹਾ ਹੈ।

# ਟਰੰਪ ਦੇ ਫ਼ੈਸਲੇ ਨਾਲ ਫਿੱਕੀ ਪਈ ਯੇਰੋਸ਼ਲਮ ਵਿੱਚਲੇ ਕ੍ਰਿਸਮਸ ਜਸ਼ਨਾਂ ਦੀ ਸ਼ਾਨ

**ਬੇਤਲਹੈਮ,ਯੇਰੋਸ਼ਲਮ/ਬਿਊਰੋ ਨਿਊਜ਼ :** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਯੇਰੋਸ਼ਲਮ ਨੂੰ ਇਸਰਾਈਲ ਦੀ ਰਾਜਧਾਨੀ ਵਜੋਂ ਮਾਨਤਾ ਦੇਣ ਦੇ ਫ਼ੈਸਲੇ ਨੇ ਇਸ ਪਵਿੱਤਰ ਸ਼ਹਿਰ ਵਿੱਚ ਲੋਕਾਂ ਦਾ ਕ੍ਰਿਸਮਸ ਦੇ ਜਸ਼ਨ ਮਨਾਉਣ ਦਾ ਮੱਚ ਮਾਰ ਦਿੱਤਾ ਹੈ। ਠੰਡ ਤੇ ਮੀਂਹ ਵਾਲੇ ਮੌਸਮ ਨੇ ਵੀ ਸੈਲਾਨੀਆਂ ਦੇ ਜੋਸ਼ ਨੂੰ ਠੰਡਾ ਪਾਇਆ ਹੈ। ਇਸ ਦੌਰਾਨ ਸਿਖਰਲੇ ਰੋਮਨ ਕੈਥੋਲਿਕ ਪਾਦਰੀ ਆਰਕਬਿਸ਼ਪ ਪਾਇਰਬਤਿਸਤਾ ਪਿਜ਼ਾਬਾਲਾ, ਜੋ ਕਿ ਯੇਰੋਸ਼ਲਮ ਤੋਂ ਇਸਰਾਈਲੀ ਫੌਜੀ ਨਾਕੇ ਤੋਂ ਲੰਘ ਕੇ ਬੇਤਲਹੈਮ ਵਿੱਚ ਦਾਖ਼ਲ ਹੋਏ, ਨੇ ਅੱਜ ਅੱਧੀ ਰਾਤ ਦੇ ਇਕੱਠ ਦੌਰਾਨ ਕੀਤੀ ਪ੍ਰਾਰਥਨਾ ਸਭਾ ਵਿੱਚ ਯੇਰੋਸ਼ਲਮ ਵਿੱਚ ਅਮਨ ਦੀ ਕਾਮਨਾ ਕੀਤੀ। ਉਨ੍ਹਾਂ ਸਿਆਸਤਦਾਨਾਂ ਨੂੰ ਅਪੀਲ ਕੀਤੀ ਕਿ ਉਹ ਸਾਰੇ ਲੋਕਾਂ ਦਾ ਸਤਿਕਾਰ ਕਰਦਿਆਂ ਨਿਡਰ ਫੈਸਲੇ ਲੈਣ।



ਯੇਰੋਸ਼ਲਮ ਦੇ ਵੈਸਟ ਬੈਂਕ ਸ਼ਹਿਰ ਦੇ ਚਰਚ ਵਿੱਚ ਅੱਧੀ ਰਾਤ ਨੂੰ ਕ੍ਰਿਸਮਸ ਮੌਕੇ ਕਰਵਾਈ ਜਾਣ ਵਾਲੀ ਇਕ ਰਸਮ ਨੂੰ ਪੂਰਾ ਕਰਦੇ ਹੋਏ ਲਾਟ ਪਾਦਰੀ।

ਆਮ ਲੋਕਾਂ ਤੇ ਹਜ਼ਾਰਾਂ ਸੈਲਾਨੀਆਂ ਨੇ ਕ੍ਰਿਸਮਸ ਦੇ ਜਸ਼ਨਾਂ ਤੋਂ ਦੂਰੀ ਬਣਾ ਕੇ ਰੱਖੀ। ਮੈਂਗਰ ਚੌਰਾਹੇ (ਸਕੁਏਅਰ), ਜਿੱਥੇ ਆਮ ਕਰਕੇ ਅੱਧੀ ਰਾਤ ਨੂੰ ਹੋਣ ਵਾਲੇ ਇਕੱਠ ਤੋਂ ਪਹਿਲਾਂ ਸੈਲਾਨੀਆਂ ਤੇ ਮੁਕਾਮੀ ਲੋਕਾਂ 'ਚ ਥਾਂ ਲਈ ਧੱਕਾ ਮੁੱਕੀ ਹੁੰਦੀ ਹੈ, ਨਿਰਾਸ਼ ਨਜ਼ਰ ਆਏ। ਦੁਕਾਨਦਾਰਾਂ ਤੇ ਸੜਕਾਂ ਉੱਤੇ ਫੜੀਆਂ ਲਾਉਣ ਵਾਲਿਆਂ ਦੇ ਚਿਹਰਿਆਂ ਤੋਂ ਨਿਰਾਸ਼ਾ ਸਾਫ਼ ਝਲਕਦੀ ਸੀ।

ਮੈਂਗਰ ਚੌਰਾਹੇ 'ਤੇ ਸੋਵੀਨਰ ਦੁਕਾਨ ਦੇ ਮਾਲਕ ਮਾਈਕਲ ਕੁਮਸੀਹੇ ਨੇ ਕ੍ਰਿਸਮਸ ਲਈ ਜੋਸ਼ ਮੱਠਾ ਪੈਣ ਲਈ ਰਾਸ਼ਟਰਪਤੀ ਟਰੰਪ ਸਿਰ ਭਾਂਡਾ ਭੰਨਦਿਆਂ ਕਿਹਾ ਕਿ, 'ਉਹ ਸਮੱਸਿਆ ਹੀ ਖੜ੍ਹੀ ਕਰ ਸਕਦਾ ਹੈ। ਉਸ ਕੋਲ ਕਦੇ ਕਿਸੇ ਸਮੱਸਿਆ ਦਾ ਹੱਲ ਨਹੀਂ ਹੋ ਸਕਦਾ।' ਇਕ ਕੌਫ਼ੀ ਵੇਚਣ ਵਾਲੇ ਨੇ ਕਿਹਾ, 'ਇਹ ਬਹੁਤ ਮਾੜੀ ਸਥਿਤੀ ਹੈ। ਕੋਈ ਜਸ਼ਨ ਨਹੀਂ, ਕੋਈ ਸੈਲਾਨੀ ਨਹੀਂ ਤੇ ਹਰ ਕੋਈ ਗ਼ਮਗੀਨ ਹੈ।' ਚੌਰਾਹੇ ਵਿੱਚ ਲੱਗੇ ਪੋਸਟਰ, ਜਿਸ 'ਤੇ ਲਿਖਿਆ ਸੀ ਕਿ 'ਯੇਰੋਸ਼ਲਮ, ਫਲਸਤੀਨ ਦੀ ਸਦੀਵੀ ਰਾਜਧਾਨੀ ਸੀ ਤੇ ਹਮੇਸ਼ਾਂ ਰਹੇਗੀ', ਲੋਕਾਂ ਵਿੱਚ ਘਰ ਕਰੀ ਬੈਠੇ ਪ੍ਰਬਲ ਗੁੱਸੇ ਦੀ ਤਰਜਮਾਨੀ ਕਰਦੇ ਹਨ। ਫਲਸਤੀਨੀ ਅਥਾਰਿਟੀ, ਜਿਸ ਕੋਲ ਵੈਸਟ ਬੈਂਕ ਸ਼ਹਿਰ ਦਾ ਵੀ ਕੰਟਰੋਲ ਹੈ, ਵੱਲੋਂ ਕੀਤੇ ਜਾ ਰਹੇ ਪ੍ਰਦਰਸ਼ਨਾਂ ਤੋਂ ਇਲਾਵਾ ਠੰਡ ਤੇ ਮੀਂਹ ਵਾਲੇ ਮੌਸਮ ਨੇ ਵੀ ਤਿਓਹਾਰ ਦੇ ਜਸ਼ਨਾਂ ਨੂੰ ਮੱਠਾ ਪਾਇਆ ਹੈ।

# ਦਲਾਈਲਾਮਾ ਵਲੋਂ ਪੁਰਾਤਨ ਭਾਰਤੀ ਗਿਆਨ ਨੂੰ ਮੌਜੂਦਾ ਸਿੱਖਿਆ ਪ੍ਰਣਾਲੀ ਵਿੱਚ ਸ਼ਾਮਲ ਕਰਨ ਉੱਤੇ ਜ਼ੋਰ

**ਬੰਗਲੌਰ/ਬਿਊਰੋ ਨਿਊਜ਼:** ਤਿੱਬਤੀਆਂ ਦੇ ਧਾਰਮਿਕ ਆਗੂ ਦਲਾਈ ਲਾਮਾ ਨੇ ਸੁਝਾਅ ਦਿੱਤਾ ਹੈ ਕਿ ਪੁਰਾਣੇ ਭਾਰਤੀ ਗਿਆਨ ਨੂੰ ਦੇਸ਼ ਦੇ ਮੌਜੂਦਾ ਸਿੱਖਿਆ ਪ੍ਰਬੰਧ ਵਿੱਚ ਸ਼ਾਮਲ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਿੱਖਿਆ ਪ੍ਰਬੰਧ ਨੂੰ ਵਿਦਿਆਰਥੀਆਂ ਦੇ ਸਰੀਰਕ ਵਿਕਾਸ ਦੇ ਨਾਲ ਨਾਲ ਅੰਦਰੂਨੀ ਵਿਕਾਸ ਵੱਲ੍ਹ ਵੀ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਨੂੰ ਮਾਨਸਿਕ ਤੌਰ ਉੱਤੇ ਸਿਖਿਅਤ ਕਰਨਾ ਚਾਹੀਦਾ ਹੈ। ਸੇਸ਼ਾਦਰੀ ਪੁਰਮ ਐਜੂਕੇਸ਼ਨਲ ਟਰੱਸਟ ਵੱਲੋਂ ਇੱਥੇ ' ਰਾਸ਼ਟਰ ਨਿਰਮਾਣ ਲਈ ਦੂਰਅੰਦੇਸ਼ੀ ਅਤੇ ਦਿਆ ਦੀ ਸਿੱਖਿਆ' ਉੱਤੇ ਕਰਵਾਏ ਲੈਕਚਰ ਵਿੱਚ ਨੋਬਲ ਪੁਰਸਕਾਰ ਜੇਤੂ ਦਲਾਈ ਲਾਮਾ ਨੇ ਕਿਹਾ ਕਿ ਸਾਨੂੰ ਧਾਰਮਿਕ ਵਿਸ਼ਵਾਸਾਂ ਨੂੰ ਬਿਨਾਂ ਛੇੜੇ ਇਨ੍ਹਾਂ ਨੂੰ ਸਿੱਖਿਆ ਪ੍ਰਬੰਧ ਵਿੱਚ ਸ਼ਾਮਲ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਾਰੇ ਧਰਮ ਵੱਖਰੇਵਿਆਂ ਦੇ ਬਾਵਜੂਦ ਪਿਆਰ ਦਾ ਸੰਦੇਸ਼ ਦਿੰਦੇ ਹਨ।



ਬੰਗਲੌਰ ਵਿੱਚ ਐਤਵਾਰ ਨੂੰ ਸ਼ੇਸ਼ਾਧਰੀਪੁਰਮ ਐਜੂਕੇਸ਼ਨ ਟਰੱਸਟ ਵੱਲੋਂ ਕਰਵਾਏ ਸਿਲਵਰ ਜੁਬਲੀ ਲੈਕਚਰ ਦੌਰਾਨ ਤਿੱਬਤ ਦੇ ਧਾਰਮਿਕ ਆਗੂ ਦਲਾਈ ਲਾਮਾ ਤੇ ਇਸਰੋ ਚੇਅਰਮੈਨ ਕਿਰਨ ਕੁਮਾਰ ਦੇ ਕੀਤੇ ਗਏ ਸਨਮਾਨ ਦਾ ਦ੍ਰਿਸ਼।

ਉਨ੍ਹਾਂ ਕਿਹਾ ਕਿ ਉਹ ਆਮ ਹੀ ਆਪਣੇ ਭਾਰਤੀ ਮਿੱਤਰਾਂ ਨੂੰ ਆਖਦੇ ਹਨ ਕਿ ਉਨ੍ਹਾਂ ਪੁਰਾਤਨ ਭਾਰਤੀ ਗਿਆਨ ਉਨ੍ਹਾਂ ਤੋਂ ਹਾਸਲ ਕੀਤਾ ਹੈ। ਉਨ੍ਹਾਂ ਕਿਹਾ,'ਤੁਸੀਂ ਸਾਡੇ ਗੁਰੂ ਹੋ ਅਸੀਂ ਤੁਹਾਡੇ ਚੇਲੇ ਹਾਂ।' ਉਨ੍ਹਾਂ ਕਿਹਾ ਕਿ ਅਧੁਨਿਕ ਭਾਰਤ ਵਿੱਚ ਪੁਰਾਤਨ ਭਾਰਤੀ ਗਿਆਨ ਨੂੰ ਸੁਰਜੀਤ ਕਰਨਾ ਉਨ੍ਹਾਂ ਦੇ ਜੀਵਨ ਦੇ ਟੀਚਿਆਂ ਵਿੱਚੋਂ ਇੱਕ ਹੈ। ਦਲਾਈਲਾਮਾ ਨੇ ਕਿਹਾ ਕਿ ਉਨ੍ਹਾਂ ਦੇ ਖਿੱਤੇ ਨੇ ਸਾਰਾ ਗਿਆਨ ਭਾਰਤ ਤੋਂ ਹਾਸਲ ਕੀਤਾ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਦੌਰ ਦੀਆਂ ਸਮੱਸਿਆਵਾਂ ਨੂੰ ਪਦਾਰਥਮਈ ਵਸਤਾਂ ਅਤੇ ਤਕਨੀਕ ਨਹੀ ਸੁਲਝਾਅ ਸਕਦੀ। ਇਹ ਹਜ਼ਾਰਾਂ ਸਾਲਾਂ ਤੋਂ ਅੱਜ ਦੇ ਅਧੁਨਿਕ ਦੌਰ ਵਿੱਚ ਵੀ ਲਾਭਕਾਰੀ ਹੈ। ਪਿਛਲੇ ਤੀਹ ਸਾਲਾਂ ਤੋਂ ਵੱਧ ਸਮੇਂ ਤੋਂ ਉਹ ਅਧੁਨਿਕ ਵਿਗਿਆਨੀਆਂ ਦੇ ਨਾਲ ਵਿਗਿਆਨ ਦੇ ਵੱਖ ਵਿਸ਼ਿਆਂ ਕੌਸਮੋਲੌਜੀ, ਨਿਊਰੋ ਬਾਇਓਲੋਜੀ, ਕਿਊਅੰਟਮ ਫਿਜ਼ਿਕਸ ਅਤੇ ਸਾਇਕੋਲੌਜੀ ਉੱਤੇ ਵਿਚਾਰ ਚਰਚਾ ਕਰਦੇ ਆ ਰਹੇ ਹਨ। ਇਸ ਦੌਰਾਨ ਗਿਆਨ ਦਾ ਆਦਾਨ ਪ੍ਰਦਾਨ ਲਾਭਕਾਰੀ ਰਿਹਾ ਹੈ।

## ਸਿੱਖ ਗੁਰਦੁਆਰਾ ਜੁਡੀਸ਼ਲ ਕਮਿਸ਼ਨ ਦੇ ਤਿੰਨ ਮੈਂਬਰੀ ਜੱਜਾਂ ਦੇ ਪੈਨਲ ਸਬੰਧੀ ਸ਼੍ਰੋਮਣੀ ਕਮੇਟੀ ਤੇ ਸਰਕਾਰ ਨੂੰ ਕਾਨੂੰਨੀ ਨੋਟਿਸ

**ਅੰਮ੍ਰਿਤਸਰ/ਬਿਊਰੋ ਨਿਊਜ਼,** ਸਿੱਖ ਗੁਰਦੁਆਰਾ ਜੁਡੀਸ਼ਲ ਕਮਿਸ਼ਨ ਦੇ ਪਿਛਲੇ ਵਰ੍ਹੇ ਨਿਯੁਕਤ ਕੀਤੇ ਤਿੰਨ ਮੈਂਬਰੀ ਜੱਜਾਂ ਦੇ ਪੈਨਲ 'ਤੇ ਸਵਾਲ ਚੁੱਕਦਿਆਂ ਬਤੌਰ ਸਿੱਖ ਐਡਵੋਕੇਟ ਲਖਬੀਰ ਸਿੰਘ ਸਹਿਮੀ ਨੇ ਇਨ੍ਹਾਂ ਜੱਜਾਂ ਦੀ ਨਿਯੁਕਤੀ ਵਾਸਤੇ ਨਾਵਾਂ ਦਾ ਪੈਨਲ ਭੇਜਣ ਵਾਲੀ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਸਮੇਤ ਸਾਬਕਾ ਮੁੱਖ ਸਕੱਤਰ, ਸਕੱਤਰ ਤੇ ਅੰਤ੍ਰਿੰਗ ਕਮੇਟੀ ਮੈਂਬਰਾਂ ਨੂੰ ਸਿੱਖ ਗੁਰਦੁਆਰਾ ਐਕਟ 1925 ਦੀ ਧਾਰਾ 143 ਹੇਠ ਕਾਨੂੰਨੀ ਨੋਟਿਸ ਭੇਜਿਆ ਹੈ ਉਨ੍ਹਾਂ ਦੋਸ਼ ਲਾਇਆ ਹੈ ਕਿ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਤੇ ਅੰਤ੍ਰਿੰਗ ਕਮੇਟੀ ਦੇ ਮੈਂਬਰਾਂ ਵੱਲੋਂ ਸਿੱਖ ਗੁਰਦੁਆਰਾ ਜੁਡੀਸ਼ਲ ਕਮਿਸ਼ਨ ਵਿੱਚ ਜੱਜਾਂ ਦੀ ਨਿਯੁਕਤੀ ਲਈ ਨਵੰਬਰ 2016 ਵਿੱਚ ਸੱਤ ਵਿਅਕਤੀਆਂ ਦੇ ਨਾਵਾਂ ਦੀ ਸੂਚੀ ਸਰਕਾਰ ਨੂੰ ਭੇਜੀ ਗਈ ਸੀ। ਉਨ੍ਹਾਂ ਦਾਅਵਾ ਕੀਤਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਭੇਜੀ ਸੂਚੀ ਵਿੱਚੋਂ ਜੋ ਦੋ ਜੱਜ ਨਿਯੁਕਤ ਕੀਤੇ ਗਏ ਹਨ, ਉਨ੍ਹਾਂ ਵਿੱਚੋਂ ਇਕ 'ਪਤਿਤ ਸਿੱਖ' ਹੈ ਤੇ ਦੂਜਾ ਕੇਸ ਰੰਗਦਾ ਹੈ। ਇਸੇ ਤਰ੍ਹਾਂ ਸਰਕਾਰ ਵੱਲੋਂ ਨਿਯੁਕਤ ਕੀਤਾ ਨੁਮਾਇੰਦਾ ਵੀ 'ਪਤਿਤ ਸਿੱਖ' ਹੈ, ਜਦੋਂਕਿ ਗੁਰਦੁਆਰਾ ਐਕਟ ਤਹਿਤ 'ਪਤਿਤ ਸਿੱਖ' ਤੇ ਦਾੜ੍ਹੀ ਅਤੇ ਕੇਸ ਰੰਗਣ ਵਾਲੇ ਵਿਅਕਤੀ ਇਸ ਅਹੁਦੇ ਲਈ ਅਯੋਗ ਹਨ। ਸ੍ਰੀ ਸਹਿਮੀ ਨੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ, ਸਾਬਕਾ ਸੀਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਾਇਮਪੁਰੀ, ਸਾਬਕਾ ਜੂਨੀਅਰ ਪ੍ਰਧਾਨ ਬਾਬਾ ਬੂਟਾ ਸਿੰਘ, ਸਾਬਕਾ ਜਨਰਲ ਸਕੱਤਰ ਅਮਰਜੀਤ ਸਿੰਘ ਚਾਵਲਾ, ਸਾਬਕਾ ਮੁੱਖ ਸਕੱਤਰ ਹਰਚਰਨ ਸਿੰਘ ਤੇ ਮੌਜੂਦਾ ਸਕੱਤਰ ਸਮੇਤ ਅੰਤ੍ਰਿੰਗ ਕਮੇਟੀ ਦੇ ਮੈਂਬਰਾਂ ਨੂੰ ਇਹ ਨੋਟਿਸ ਭੇਜ ਕੇ 60 ਦਿਨਾਂ ਵਿੱਚ ਇਸ ਸਬੰਧੀ ਅਗਲੀ ਕਾਰਵਾਈ ਕਰਨ ਲਈ ਆਖਿਆ ਹੈ। ਉਨ੍ਹਾਂ ਵੱਲੋਂ ਇਕ ਕਾਨੂੰਨੀ ਨੋਟਿਸ ਪੰਜਾਬ ਸਰਕਾਰ ਦੇ ਸਬੰਧਤ ਵਿਭਾਗ ਨੂੰ ਵੀ ਭੇਜਿਆ ਗਿਆ ਹੈ। ਉਨ੍ਹਾਂ ਆਖਿਆ ਕਿ ਜੇਕਰ 60 ਦਿਨਾਂ ਵਿੱਚ ਕਾਨੂੰਨੀ ਨੋਟਿਸ ਮੁਤਾਬਿਕ ਕੋਈ ਕਾਰਵਾਈ ਨਾ ਹੋਈ ਤਾਂ ਉਹ ਇਸ ਸਬੰਧੀ ਕੇਸ ਸਿੱਖ ਗੁਰਦੁਆਰਾ ਜੁਡੀਸ਼ਲ ਕਮਿਸ਼ਨ ਵਿੱਚ ਦਾਇਰ ਕਰਨਗੇ।

## ਸ਼ਾਨ-ਏ-ਖਾਲਸਾ ਦੀ ਨਵੀਂ ਪੇਸ਼ਕਸ਼ ਪਰਾਊਡ ਟੂ ਬੀ ਏ ਸਿੱਖ-2'

**ਚੰਡੀਗੜ੍ਹ/ਬਿਊਰੋ ਨਿਊਜ਼:** ਸ਼ਾਨ-ਏ-ਖਾਲਸਾ ਪ੍ਰੋਡਕਸ਼ਨ ਨੇ ਚੰਡੀਗੜ੍ਹ ਪ੍ਰੈੱਸ ਕਲੱਬ ਵਿੱਚ ਆਪਣੀ ਛੇਵੀਂ ਫਿਲਮ ਰਿਲੀਜ਼ ਕਰਨ ਦਾ ਐਲਾਨ ਕੀਤਾ ਹੈ। ਇਸ ਮੌਕੇ ਫਿਲਮ ਦੇ ਅਦਾਕਾਰ ਅੰਮ੍ਰਿਤਪਾਲ ਸਿੰਘ ਬਿੱਲਾ ਨੇ ਕਿਹਾ ਕਿ ਫਿਲਮ ਪਰਾਊਡ ਟੂ ਬੀ ਏ ਸਿੱਖ-2' ਪੰਜਾਬ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਪਿੱਛੇ ਸੱਚ ਨੂੰ ਉਜਾਗਰ ਕਰਨ ਦੇ ਨਾਲ-ਨਾਲ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸ਼ਰਧਾਂਜਲੀ ਭੇਟ ਕਰਦੀ ਹੈ। ਇਸ ਵਿੱਚ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਪੁਰਬ ਲਈ ਵਿਸ਼ੇਸ਼ ਗੀਤ ਵੀ ਹੈ। ਨਿਰਦੇਸ਼ਕ ਸਤਦੀਪ ਸਿੰਘ ਨੇ ਕਿਹਾ ਕਿ ਪਰਾਊਡ ਟੂ ਬੀ ਏ ਸਿੱਖ' ਫ਼ਿਲਮ ਇੱਕ ਸਿੱਖ ਹੋਣ ਦਾ ਅਸਲ ਮਹੱਤਵ ਦਰਸਾਉਂਦੀ ਹੈ। ਸਿੱਖ ਬ੍ਰਹਿਮੰਡ ਹੈ, ਇਹ ਇੱਕ ਧਰਮ ਨਹੀਂ ਹੈ। ਸਿੱਖ ਦਾ ਮਤਲਬ ਹੈ ਜੋ ਸਿੱਖਣਾ ਚਾਹੁੰਦਾ ਹੈ ਅਤੇ ਅਜਿਹਾ ਕੋਈ ਸਮਾਜ ਨਹੀਂ ਜੋ ਨਹੀਂ ਸਿੱਖਣਾ ਚਾਹੁੰਦਾ। ਉਨ੍ਹਾਂ ਦੱਸਿਆ ਕਿ ਇਹ ਉਨ੍ਹਾਂ ਦੀ 6ਵੀਂ ਫਿਲਮ ਹੈ ਤੇ ਅਧਿਕਾਰਿਕ ਤੌਰ 'ਤੇ ਸ਼ਾਨ-ਏ-ਖਾਲਸਾ ਵੱਲੋਂ 29 ਦਸੰਬਰ ਨੂੰ ਰਿਲੀਜ਼ ਕੀਤੀ ਜਾਵੇਗੀ। ਪਹਿਲਾ ਭਾਗ ਪਰਾਊਡ ਟੂ ਬੀ ਏ ਸਿੱਖ' ਲੋਕਾਂ ਨੇ ਬਹੁਤ ਪਸੰਦ ਕੀਤਾ ਸੀ, ਜਿਸ ਕਾਰਨ ਉਨ੍ਹਾਂ ਵੱਲੋਂ ਇਸ ਫਿਲਮ ਦਾ ਦੂਜਾ ਭਾਗ ਬਣਾਇਆ ਗਿਆ ਹੈ। ਇਸ ਮੌਕੇ ਅਦਾਕਾਰ ਅਤਵਿੰਦਰ ਸਿੰਘ, ਸਨੀ ਗਿੱਲ, ਹਰਵਿੰਦਰ ਸਿੰਘ, ਤੇਗਬੀਰ ਸਿੰਘ, ਗੁਰਸਿਮਰਨ ਕੌਰ, ਗਗਨਦੀਪ ਕੌਰ, ਕਰੂ ਮੈਂਬਰ ਮਨਜੋਤ ਸਿੰਘ, ਗੁਪਨ ਸਿੰਘ ਚਾਵਲਾ ਤੇ ਅਮਨਦੀਪ ਸਿੰਘ ਗੁਲਾਟੀ ਮੌਜੂਦ ਸਨ।

## ਕੈਨੇਡਾ 'ਚ ਮਾਪਿਆਂ ਲਈ ਸਪਾਂਸਰਸ਼ਿਪ 2 ਜਨਵਰੀ ਤੋਂ ਮੁੜ ਖੁੱਲ੍ਹੇਗੀ

**ਟੋਰਾਂਟੋ/ਬਿਊਰੋ ਨਿਊਜ਼:** ਕੈਨੇਡਾ ਦੇ ਆਵਾਸ ਵਿਭਾਗ ਨੇ ਐਲਾਨ ਕੀਤਾ ਹੈ ਕਿ ਮੁਲਕ ਦੇ ਨਾਗਰਿਕ ਆਪਣੇ ਮਾਪਿਆਂ ਜਾਂ ਬਜ਼ੁਰਗਾਂ ਨੂੰ ਆਪਣੇ ਕੋਲ ਸੱਦਣ ਲਈ 2 ਜਨਵਰੀ, 2018 ਤੋਂ ਅਰਜ਼ੀਆਂ ਦੇ ਸਕਦੇ ਹਨ। ਮੁਲਕ ਦੇ ਆਵਾਸ ਮੰਤਰੀ ਅਹਿਮਦ ਹੁਸੈਨ ਦੇ ਬਿਆਨ ਮੁਤਾਬਕ ਪਰਿਵਾਰਕ ਕੇਸਾਂ ਦੇ ਛੇਤੀ ਨਿਪਟਾਰੇ ਲਈ ਸਾਫ ਸੁਥਰਾ ਤੇ ਪਾਰਦਰਸ਼ੀ ਸਿਸਟਮ ਅਪਣਾਇਆ ਜਾਵੇਗਾ। ਇਸ ਨਵੇਂ ਸਿਸਟਮ ਤਹਿਤ ਸਪਾਂਸਰਕਰਤਾ ਨੂੰ 2 ਜਨਵਰੀ ਤੋਂ 1 ਫਰਵਰੀ, 2018 ਦੌਰਾਨ ਆਨਲਾਈਨ ਫਾਰਮ ਭਰਨਾ ਪਵੇਗਾ, ਜਿਸ ਬਾਅਦ ਆਵਾਸ ਮਹਿਕਮਾ ਯੋਗ ਅਰਜ਼ੀਆਂ ਨੂੰ ਚੁਣ ਕੇ ਬਿਨੈਕਾਰਾਂ ਨੂੰ ਅਗਲੀ ਕਾਰਵਾਈ ਲਈ ਹਰੀ ਝੰਡੀ ਦੇਵੇਗਾ। 'ਇੰਟਰੱਸਟ ਟੂ ਸਪਾਂਸਰ' ਫਾਰਮ ਇੰਮੀਗ੍ਰੇਸ਼ਨ ਰਿਫਊਜ਼ੀ ਐਂਡ ਸਿਟੀਜ਼ਨਸ਼ਿਪ ਕੈਨੇਡਾ (ਆਈਆਰਸੀਸੀ) ਦੀ ਵੈੱਬਸਾਈਟ 'ਤੇ 2 ਜਨਵਰੀ ਨੂੰ ਉਪਲਬਧ ਹੋਵੇਗਾ। ਮਹਿਕਮੇ ਦੀ ਨਵੀਂ ਨੀਤੀ ਤਹਿਤ ਅਗਲੇ ਤਿੰਨ ਸਾਲਾਂ 'ਚ ਕੋਈ 10 ਲੱਖ ਪਰਵਾਸੀ ਕੈਨੇਡਾ ਆਉਣਗੇ ਅਤੇ ਰਿਫਊਜ਼ੀ, ਪਰਿਵਾਰਕ ਅਤੇ ਆਰਥਿਕ ਕੋਟੇ ਨੂੰ ਅਗਲੇ ਸਾਲ 3 ਲੱਖ 10 ਹਜ਼ਾਰ ਕੀਤਾ ਜਾਵੇਗਾ।

## ਭਾਜਪਾ ਦੀ ਅੜੀ ਬਰਬਾਦ ਕਰ ਰਹੀ ਹੈ ਸੰਸਦ ਦਾ ਸਮਾਂ: ਜਾਖੜ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਤੇ ਗੁਰਦਾਸਪੁਰ ਤੋਂ ਲੋਕ ਸਭਾ ਮੈਂਬਰ ਸੁਨੀਲ ਜਾਖੜ ਨੇ ਕਿਹਾ ਕਿ ਭਾਜਪਾ ਸਰਕਾਰ ਦੇ ਅੜੀਅਲ ਰਵੱਈਏ ਕਾਰਨ ਸੰਸਦ ਦੇ ਸੈਸ਼ਨ ਦਾ ਅੱਧਾ ਸਮਾਂ ਬਰਬਾਦ ਹੋ ਚੁੱਕਾ ਹੈ। ਇੱਥੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਉਨ੍ਹਾਂ ਕਿਹਾ ਕਿ ਪਹਿਲਾਂ ਤਾਂ ਜਾਣਬੁੱਝ ਕੇ ਕੇਂਦਰ ਸਰਕਾਰ ਨੇ ਸਰਦ ਰੁੱਤ ਇਜਲਾਸ ਦੇਰੀ ਨਾਲ ਬੁਲਾਇਆ ਤਾਂ ਜੋ ਵਿਰੋਧੀ ਧਿਰ ਸਰਕਾਰ ਦੀਆਂ ਨਾਕਾਮੀਆਂ ਉਜਾਗਰ ਨਾ ਕਰ ਸਕੇ ਅਤੇ ਹੁਣ ਜਦੋਂ ਸੈਸ਼ਨ ਬੁਲਾਇਆ ਗਿਆ ਹੈ ਤਾਂ ਸਰਕਾਰ ਵੱਲੋਂ ਗਤੀਰੋਧ ਦੂਰ ਕਰਨ ਲਈ ਕੁਝ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਲ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਖ਼ਿਲਾਫ਼ ਕੀਤੀ ਟਿੱਪਣੀ ਲਈ ਕੋਈ ਸਬੂਤ ਹੀ ਨਹੀਂ ਹਨ ਤਾਂ ਉਨ੍ਹਾਂ ਨੂੰ ਨੈਤਿਕ ਆਧਾਰ 'ਤੇ ਸੰਸਦ ਵਿੱਚ ਆ ਕੇ ਭੁੱਲ ਮੰਨ ਲੈਣੀ ਚਾਹੀਦੀ ਹੈ ਤਾਂ ਜੋ ਸੰਸਦ ਦੀ ਕਾਰਵਾਈ ਚਲਾਈ ਜਾ ਸਕੇ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨੇ ਸਾਲ 2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਸਬਜ਼ਬਾਗ ਵਿਖਾਇਆ ਸੀ, ਪਰ ਭਾਜਪਾ ਦੇ ਹੁਣ ਤੱਕ ਦੇ ਸ਼ਾਸਨ ਦੌਰਾਨ ਕਿਸਾਨਾਂ ਦੀ ਹਾਲਤ ਹੋਰ ਖਰਾਬ ਹੋ ਗਈ ਹੈ।



ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਸਦਨ ਚਲਾਵੇ ਤਾਂ ਹੀ ਅਜਿਹੇ ਮਸਲੇ ਵਿਚਾਰੇ ਜਾ ਸਕਦੇ ਹਨ, ਪਰ ਸਰਕਾਰ ਨਹੀਂ ਚਾਹੁੰਦੀ ਕਿ ਦੇਸ਼ ਦੀਆਂ ਮੁਸ਼ਕਲਾਂ ਬਾਰੇ ਚਰਚਾ ਹੋ ਕੇ ਉਨ੍ਹਾਂ ਦਾ ਕੋਈ ਹੱਲ ਨਿਕਲੇ ਕਿਉਂਕਿ ਜੇਕਰ ਇਨ੍ਹਾਂ ਮੁੱਦਿਆਂ 'ਤੇ ਚਰਚਾ ਹੋਈ ਤਾਂ ਸਰਕਾਰ ਤੋਂ ਉਸ ਦੀ ਪ੍ਰਾਪਤੀ ਪੁੱਛੀ ਜਾਵੇਗੀ ਅਤੇ ਸਰਕਾਰ ਜਾਣਦੀ ਹੈ ਕਿ ਉਸ ਕੋਲ ਦੱਸਣ ਲਈ ਕੁਝ ਵੀ ਨਹੀਂ ਹੈ। ਸ੍ਰੀ ਜਾਖੜ ਨੇ 'ਕੈਗ' ਦੀ ਇੱਕ ਰਿਪੋਰਟ ਦਾ ਹਵਾਲਾ ਦਿੰਦਿਆਂ ਕਿਹਾ ਕਿ ਦੇਸ਼ ਵਿੱਚ ਖਾਣ-ਪੀਣ ਵਾਲੇ ਪਦਾਰਥਾਂ ਦੀ ਸ਼ੁੱਧਤਾ ਸਬੰਧੀ ਨਿਯਮਾਂ ਦੀ ਘਾਟ ਹੈ ਅਤੇ ਕੇਂਦਰ ਸਰਕਾਰ ਇਸ ਸਬੰਧੀ ਕੁਝ ਨਹੀਂ ਕਰ ਰਹੀ। ਉਨ੍ਹਾਂ ਕਿਹਾ ਕਿ 'ਫੂਡ ਸੇਫਟੀ ਐਂਡ ਸਟੈਂਡਰਡ ਐਕਟ 2006' ਅਨੁਸਾਰ ਸਿਹਤ ਮੰਤਰਾਲੇ ਅਧੀਨ ਆਉਂਦੀ ਐਫਐਸਐਸਏ. ਆਈ. ਨੇ ਖਾਣ ਵਾਲੇ ਪਦਾਰਥਾਂ ਦੀ ਸ਼ੁੱਧਤਾ ਸਬੰਧੀ ਪੂਰੇ ਨਿਯਮ ਨਹੀਂ ਬਣਾਏ ਹਨ ਅਤੇ ਲਾਇਸੈਂਸ ਜਾਰੀ ਕਰਨ ਦੀ ਪ੍ਰਕਿਰਿਆ ਵੀ ਦੋਸ਼ਪੂਰਨ ਹੈ ਕਿਉਂਕਿ 'ਕੈਗ' ਦੀ ਜਾਂਚ ਵਿੱਚ ਸਾਹਮਣੇ ਆਇਆ ਕਿ ਲਗਭਗ ਅੱਧੇ ਲਾਇਸੈਂਸ ਅਧੂਰੇ ਦਸਤਾਵੇਜ਼ਾਂ 'ਤੇ ਹੀ ਜਾਰੀ ਕਰ ਦਿੱਤੇ ਗਏ ਹਨ। ਉਨ੍ਹਾਂ ਪ੍ਰਧਾਨ ਮੰਤਰੀ ਤੋਂ ਮੰਗ ਕੀਤੀ ਕਿ ਉਹ ਆਪਣੀ ਬੋਲਬਾਣੀ ਲਈ ਤੁਰੰਤ ਮੁਆਫ਼ੀ ਮੰਗਣ ਤਾਂ ਜੋ ਸੰਸਦ ਦੀ ਕਾਰਵਾਈ ਸ਼ੁਰੂ ਹੋ ਸਕੇ।

## ਸਿਸੋਦੀਆ ਹੂੰਝੇਗਾ 'ਆਪ' ਦੀ ਪੰਜਾਬ ਇਕਾਈ ਦੇ ਕੰਮ-ਕਾਜ ਵਿਚਲਾ ਕੂੜਾ-ਕੱਪਾ

**ਚੰਡੀਗੜ੍ਹ/ਬਿਊਰੋ ਨਿਊਜ਼:** ਆਮ ਆਦਮੀ ਪਾਰਟੀ (ਆਪ) ਦੇ ਕੌਮੀ ਆਗੂ ਤੇ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਪੰਜਾਬ ਇਕਾਈ ਦਾ ਇੰਚਾਰਜ ਬਣਦਿਆਂ ਹੀ ਸੂਬਾਈ ਲੀਡਰਸ਼ਿਪ ਦੀਆਂ ਖ਼ਾਮੀਆਂ ਘੋਖਣੀਆਂ ਸ਼ੁਰੂ ਕਰ ਦਿੱਤੀਆਂ ਹਨ। ਸ੍ਰੀ ਸਿਸੋਦੀਆ ਨੇ ਜਿੱਥੇ ਪੰਜਾਬ ਦੇ ਸਹਿ ਪ੍ਰਧਾਨ ਤੇ ਵਿਧਾਇਕ ਅਮਨ ਅਰੋੜਾ ਨੂੰ ਹੰਗਾਮੀ ਹਾਲਤ ਵਿੱਚ ਦਿੱਲੀ ਸੱਦ ਕੇ ਪੰਜਾਬ ਵਿੱਚ 'ਆਪ' ਨੂੰ ਮਿਲ ਰਹੀਆਂ ਹਾਰਾਂ ਦੇ ਕਾਰਨਾਂ ਦੀ ਜਾਣਕਾਰੀ ਹਾਸਲ ਕੀਤੀ, ਉਥੇ ਸਾਰੇ ਵਿਧਾਇਕਾਂ ਅਤੇ ਸੂਬਾ ਤੇ ਜ਼ਿਲ੍ਹਾ ਲੀਡਰਸ਼ਿਪ ਨਾਲ ਸੰਪਰਕ ਕਰਨ ਦੀ ਪ੍ਰਕਿਰਿਆ ਵੀ ਵਿੱਢ ਦਿੱਤੀ ਹੈ। ਸੂਤਰਾਂ ਅਨੁਸਾਰ ਸ੍ਰੀ ਸਿਸੋਦੀਆ ਨੇ ਪਹਿਲੇ ਪੜਾਅ ਵਿੱਚ ਪਾਰਟੀ ਦੇ ਸਾਰੇ ਵਿਧਾਇਕਾਂ, ਸੂਬਾਈ ਨੇਤਾਵਾਂ ਤੇ ਜ਼ਿਲ੍ਹਾ ਪ੍ਰਧਾਨਾਂ ਨਾਲ ਮੀਟਿੰਗਾਂ ਦਾ ਸਿਲਸਿਲਾ ਚਲਾ ਕੇ ਪਾਰਟੀ ਦੀ ਸਮੀਖਿਆ ਕਰਨ ਦੀ ਰਣਨੀਤੀ ਬਣਾਈ ਹੈ। ਇਸ ਦੌਰਾਨ ਮਾੜੀ ਕਾਰਗੁਜ਼ਾਰੀ ਵਾਲੇ ਆਗੂਆਂ 'ਤੇ ਵੀ ਗਾਜ਼ ਡਿੱਗ ਸਕਦੀ ਹੈ ਤੇ ਲੀਡਰਸ਼ਿਪ ਵਿੱਚ ਫੇਰਬਦਲ ਦੀ ਸੰਭਾਵਨਾ ਵੀ ਹੈ। ਇਸੇ ਦੌਰਾਨ ਪਾਰਟੀ ਦੇ ਪੰਜਾਬ ਪ੍ਰਧਾਨ ਭਗਵੰਤ ਮਾਨ ਨੇ ਅੱਜ ਚੰਡੀਗੜ੍ਹ ਵਿੱਚ ਨਿਗਮ ਚੋਣਾਂ ਦੀ ਹਾਰ ਦੇ ਕਾਰਨਾਂ ਦੀ ਪੜਚੋਲ ਲਈ ਸੱਦੀ ਸੂਬਾਈ ਮੀਟਿੰਗ ਨਾਟਕੀ ਢੰਗ ਨਾਲ ਰੱਦ ਕਰ ਦਿੱਤੀ ਹੈ। ਉਧਰ, ਜਾਣਕਾਰੀ ਮਿਲੀ ਹੈ ਕਿ ਸ੍ਰੀ ਸਿਸੋਦੀਆ ਦੇ ਪੀਏ ਨੇ ਪੰਜਾਬ ਦੇ ਪਾਰਟੀ ਵਿਧਾਇਕਾਂ, ਸੂਬਾਈ ਆਗੂਆਂ ਤੇ ਜ਼ਿਲ੍ਹਾ ਪ੍ਰਧਾਨਾਂ ਨੂੰ ਫੋਨ ਨੰਬਰ ਦੇ ਕੇ ਕਿਹਾ ਹੈ ਕਿ ਉਹ ਕਿਸੇ ਵੇਲੇ ਵੀ ਸਿੱਧੇ ਤੌਰ 'ਤੇ ਸ੍ਰੀ ਸਿਸੋਦੀਆ ਨਾਲ ਗੱਲ ਕਰ ਸਕਦੇ ਹਨ। ਸ੍ਰੀ ਸਿਸੋਦੀਆ ਖ਼ੁਦ ਵੀ ਪੰਜਾਬ ਦੀ ਸਮੁੱਚੀ ਲੀਡਰਸ਼ਿਪ ਨਾਲ ਫੋਨ 'ਤੇ ਗੱਲਬਾਤ ਦੀ ਪ੍ਰਕਿਰਿਆ ਵਿੱਢਣਗੇ। ਸੂਤਰਾਂ ਅਨੁਸਾਰ ਜਦੋਂ ਪਾਰਟੀ ਨੂੰ ਗੁਰਦਾਸਪੁਰ ਲੋਕ ਸਭਾ ਦੀ ਉਪ ਚੋਣ ਵਿੱਚ ਨਮੋਸ਼ੀ ਭਰੀ ਹਾਰ ਮਿਲੀ ਸੀ ਤਾਂ ਸ੍ਰੀ ਸਿਸੋਦੀਆ ਸਮੇਤ ਕੌਮੀ ਆਗੂ ਆਸ਼ੂਤੋਸ਼ ਤੇ ਗੋਪਾਲ ਰਾਏ ਨੇ ਪੰਜਾਬ ਦੀ ਲੀਡਰਸ਼ਿਪ ਨਾਲ ਦਿੱਲੀ ਵਿੱਚ ਖੁੱਲ੍ਹੀ ਚਰਚਾ ਕੀਤੀ ਸੀ। ਉਸ ਵੇਲੇ ਪੰਜਾਬ ਦੀ ਲੀਡਰਸ਼ਿਪ ਨੇ ਮੰਗ ਕੀਤੀ ਸੀ ਕਿ ਭਗਵੰਤ ਮਾਨ, ਅਮਨ ਅਰੋੜਾ ਤੇ ਸੁਖਪਾਲ ਸਿੰਘ ਖਹਿਰਾ ਦੀ ਸੁਰ ਇਕਸਾਰ ਕਰਨ ਲਈ ਪੰਜਾਬ ਲਈ ਨਵਾਂ ਇੰਚਾਰਜ ਨਿਯੁਕਤ ਕੀਤਾ ਜਾਵੇ। ਸੂਤਰਾਂ ਅਨੁਸਾਰ ਉਸ ਵੇਲੇ ਸ੍ਰੀ ਸਿਸੋਦੀਆ ਨੇ ਭਗਵੰਤ ਮਾਨ, ਅਮਨ ਅਰੋੜਾ ਅਤੇ ਸੁਖਪਾਲ ਖਹਿਰਾ ਨੂੰ ਮਿਲ ਕੇ ਕੰਮ ਕਰਨ ਦੀ ਨਸੀਹਤ ਦਿੰਦਿਆਂ ਸੰਕੇਤ ਦਿੱਤੇ ਸਨ ਤੇ ਕਿਹਾ ਸੀ ਕਿ ਜੇ ਨਿਗਮ ਚੋਣਾਂ ਵਿੱਚ ਪਾਰਟੀ ਦੀ ਕਾਰਗੁਜ਼ਾਰੀ ਮਾੜੀ ਰਹੀ ਤਾਂ ਹਾਈਕਮਾਂਡ ਨਵੀਂ ਰਣਨੀਤੀ ਘੜੇਗੀ। ਜਿਉਂ ਹੀ ਨਿਗਮ ਚੋਣਾਂ ਦੌਰਾਨ 'ਆਪ' ਦੀ ਮਾੜੀ ਕਾਰਗੁਜ਼ਾਰੀ ਸਾਹਮਣੇ ਆਈ ਤਾਂ ਪਾਰਟੀ ਦੀ ਸਿਆਸੀ ਮਾਮਲਿਆਂ ਦੀ ਕਮੇਟੀ (ਪੀਏਸੀ) ਨੇ ਸ੍ਰੀ ਸਿਸੋਦੀਆਂ ਨੂੰ ਪੰਜਾਬ ਦਾ ਇੰਚਾਰਜ ਨਿਯੁਕਤ ਕਰ ਦਿੱਤਾ। ਪਾਰਟੀ ਦੇ ਬੁਢਲਾਡਾ ਤੋਂ ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਨੇ ਪੁਸ਼ਟੀ ਕੀਤੀ ਹੈ ਕਿ ਪਿਛਲੀ ਮੀਟਿੰਗ ਵਿੱਚ ਖ਼ੁਦ ਪੰਜਾਬ ਦੀ ਲੀਡਰਸ਼ਿਪ ਨੇ ਹਾਈਕਮਾਂਡ ਕੋਲੋਂ ਪੰਜਾਬ ਦਾ ਇੰਚਾਰਜ ਨਿਯੁਕਤ ਕਰਨ ਦੀ ਮੰਗ ਕੀਤੀ ਸੀ ਤੇ ਸ੍ਰੀ ਸਿਸੋਦੀਆ ਨੂੰ ਇਹ ਜ਼ਿੰਮੇਵਾਰੀ ਸੌਂਪਣੀ ਪੰਜਾਬ ਇਕਾਈ ਲਈ ਸ਼ੁੱਭ ਸੰਕੇਤ ਹਨ। ਅਮਨ ਅਰੋੜਾ ਨੇ ਪੁਸ਼ਟੀ ਕੀਤੀ ਕਿ ਲੰਘੀ ਸ਼ਾਮ ਉਨ੍ਹਾਂ ਨੇ ਦਿੱਲੀ ਵਿੱਚ ਸ੍ਰੀ ਸਿਸੋਦੀਆ ਨਾਲ ਮੀਟਿੰਗ ਕੀਤੀ ਹੈ ਤੇ ਪਾਰਟੀ ਦੀ ਸਮੁੱਚੀ ਕਾਰਗੁਜ਼ਾਰੀ ਦੀ ਜਾਣਕਾਰੀ ਦਿੱਤੀ ਹੈ।



# Sir Speedy Tustin

Printers to the Community




**Outdoor 3'x11' Promo Flag**

**Only $29/-**

Pole & Spike $55/-

GURU NANAK SIKH TEMPLE
FAIRFIELD
Visit Our Website
www.FairfieldGurudwara.com

**Outdoor 3'x6' Durable Banner**

All weather, durable to sunlight, rain and wear & tear. Text only.

**Only $69/-**

**Receipt Books**

Customized with your information and design. 2 part carbonless with numbering and perforation.

**Call for Price**

**Retractable 33"x 80" Banner**

Includes stand and carry bag. Hi-res imaging, durable and Brilliant colors!

**Only $225/-**

OPEN 24 HOURS

OPEN HOUSE! Welcome
Call Toll Free: 855 360-HOME

**All Weather 18"x24" Yard Signs**

Includes H-stakes. Single sided, durable to sunlight and rain. Reusable!

**$49/- for 4**




**11" Printed Balloons**

Printed with your logo and info. One color, one location. Min. qty 1000

**19¢ each**

YOUR LOGO OR MESSAGE PRINTED HERE

White T-Shirts, 1 color screen printing in 1 position. Min Qty. 100

**Your Printed T-Shirts**

**Only $4.99**

YOUR LOGO HERE

1 color in 1 position. Min Qty. 100

**Your Printed Caps**

**Only $4.99**

DAILY TRIP ENVELOPE

**Trip Envelopes** Qty 1000

**Only $199/-**

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Product
- Website design and development

1045 East Main Street, Tustin, CA 92780

**Call 562-881-7430**

Fax: 714-731-8931

E-mail: sirspeedy_tustin@yahoo.com

www.sirspeedy.com/tustin



Jagjit Singh Bains

**CUSTOMIZED SWEET BOXES**

*South Asian Wedding Cards*

CALL NOW

# ਪਾਕਿਸਤਾਨ ਵਲੋਂ ਸਰਹੱਦ ਉੱਤੇ ਕੀਤੀ ਗਈ ਗੋਲੀਬਾਰੀ ਨੇ ਭਾਰਤੀ ਫੌਜ ਦੇ ਮੇਜਰ ਸਮੇਤ ਚਾਰ ਜਵਾਨਾਂ ਦੀ ਜਾਨ ਲਈ

**ਜੰਮੂ/ਬਿਊਰੋ ਨਿਊਜ਼:** ਜ਼ਿਲ੍ਹਾ ਰਾਜੌਰੀ ਦੇ ਕੇਰੀ ਸੈਕਟਰ ਵਿੱਚ ਕੰਟਰੋਲ ਰੇਖਾ ਨਾਲ ਭਾਰਤੀ ਫ਼ੌਜ ਦੀ ਗਸ਼ਤੀ ਟੁਕੜੀ ਉਤੇ ਪਾਕਿਸਤਾਨੀ ਬਲਾਂ ਵੱਲੋਂ ਕੀਤੀ ਗੋਲੀਬਾਰੀ ਵਿੱਚ ਮੇਜਰ ਸਮੇਤ ਚਾਰ ਜਵਾਨ ਹਲਾਕ ਹੋ ਗਏ ਹਨ। ਇਨ੍ਹਾਂ ਵਿੱਚੋਂ ਲਾਂਸ ਨਾਇਕ ਗੁਰਮੇਲ ਸਿੰਘ ਤੇ ਕੁਲਦੀਪ ਸਿੰਘ ਪੰਜਾਬ ਤੋਂ ਹਨ। ਫ਼ੌਜ ਦੇ ਤਰਜਮਾਨ ਨੇ ਦੱਸਿਆ ਕਿ ਪਾਕਿ ਬਲਾਂ ਨੇ ਫ਼ੌਜ ਦੀ ਗਸ਼ਤੀ ਟੁਕੜੀ ਨੂੰ ਬਾਅਦ ਦੁਪਹਿਰ ਸਵਾ ਬਾਰ੍ਹਾਂ ਵਜੇ ਨਿਸ਼ਾਨਾ ਬਣਾਇਆ। ਉਨ੍ਹਾਂ ਦੱਸਿਆ, 'ਇਸ ਘਟਨਾ 'ਚ ਸਾਨੂੰ ਇਕ ਅਫ਼ਸਰ ਸਮੇਤ ਚਾਰ ਜਵਾਨ ਗੁਆਉਣੇ ਪਏ ਹਨ। ਗੋਲੀਬੰਦੀ ਦੀ ਉਲੰਘਣਾ ਵਿੱਚ ਮੇਜਰ ਮੋਹਰਕਰ ਪ੍ਰਫੁੱਲ ਅੰਬਾਦਾਸ, ਲਾਂਸ ਨਾਇਕ ਗੁਰਮੇਲ ਸਿੰਘ, ਲਾਂਸ ਨਾਇਕ ਕੁਲਦੀਪ ਸਿੰਘ ਤੇ ਸਿਪਾਹੀ ਪ੍ਰਗਟ ਸਿੰਘ ਗੰਭੀਰ ਫੱਟੜ ਹੋਏ ਸਨ, ਜੋ ਬਾਅਦ ਵਿੱਚ ਦਮ ਤੋੜ ਗਏ। ਇਹ ਸਾਰੇ 2 ਸਿੱਖ ਰਜਮੈਂਟ ਨਾਲ ਸਬੰਧਤ ਸਨ। ਇਸ ਗੋਲੀਬਾਰੀ ਵਿੱਚ ਦੋ ਹੋਰ ਮੁਲਾਜ਼ਮ ਵੀ ਫੱਟੜ ਹੋਏ ਹਨ, ਜੋ ਜ਼ੇਰੇ ਇਲਾਜ ਹਨ।' ਰੱਖਿਆ ਸੂਤਰਾਂ ਮੁਤਾਬਕ



'ਬਿਨਾਂ ਕਿਸੇ ਭੜਕਾਊ ਕਾਰਵਾਈ' ਦੇ ਪਾਕਿ ਵੱਲੋਂ ਕੀਤੀ ਗੋਲੀਬਾਰੀ 'ਚ ਚਾਰ ਜਵਾਨ ਹਲਾਕ ਹੋਏ ਹਨ। ਭਾਰਤੀ ਫੌਜ ਦੇ ਬਿਆਨ ਮੁਤਾਬਕ ਭਾਰਤੀ ਜਵਾਨਾਂ ਵੱਲੋਂ ਪਾਕਿ ਨੂੰ ਮੂੰਹ-ਤੋੜ ਜਵਾਬ ਦਿੱਤਾ ਗਿਆ ਹੈ। ਮੇਜਰ ਅੰਬਾਦਾਸ (32) ਮਹਾਰਾਸ਼ਟਰ ਦੇ ਜ਼ਿਲ੍ਹਾ ਭੰਡਾਰਾ ਨਾਲ ਸਬੰਧਤ ਸਨ ਅਤੇ ਉਨ੍ਹਾਂ ਦੇ ਪਰਿਵਾਰ 'ਚ ਪਤਨੀ ਅਵੰਲੀ ਮੋਹਰਕਰ ਹੈ। ਲਾਂਸ ਨਾਇਕ ਗੁਰਮੇਲ ਸਿੰਘ (34) ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਅਲਕੜੇ ਨਾਲ ਸਬੰਧਤ ਸਨ ਅਤੇ ਉਨ੍ਹਾਂ ਦੇ ਪਰਿਵਾਰ ਵਿੱਚ ਪਤਨੀ ਕੁਲਜੀਤ ਕੌਰ ਤੇ ਧੀ ਹੈ। ਲਾਂਸ ਨਾਇਕ ਕੁਲਦੀਪ ਸਿੰਘ ਬਠਿੰਡਾ ਜ਼ਿਲ੍ਹੇ ਦੇ ਪਿੰਡ ਕੌਰੀਨਾ (ਤਲਵੰਡੀ ਸਾਬੋ) ਨਾਲ ਸਬੰਧਤ ਹੈ। ਸਿਪਾਹੀ ਪ੍ਰਗਟ ਸਿੰਘ (30) ਕਰਨਾਲ ਦੇ ਸਨ ਅਤੇ ਉਨ੍ਹਾਂ ਦੇ ਪਰਿਵਾਰ 'ਚ ਪਤਨੀ ਰਮਨਪ੍ਰੀਤ ਕੌਰ ਤੇ ਪੁੱਤਰ ਸ਼ਾਮਲ ਹੈ। ਫੌਜ ਮੁਤਾਬਕ, 'ਮੇਜਰ ਅੰਬਾਦਾਸ, ਲਾਂਸ ਨਾਇਕ ਗੁਰਮੇਲ ਸਿੰਘ, ਲਾਂਸ ਨਾਇਕ ਕੁਲਦੀਪ ਸਿੰਘ ਤੇ ਸਿਪਾਹੀ ਪ੍ਰਗਟ ਸਿੰਘ ਬਹਾਦਰ ਸੈਨਿਕ ਸਨ। ਉਨ੍ਹਾਂ ਦੀ ਕੁਰਬਾਨੀ ਲਈ ਦੇਸ਼ ਹਮੇਸ਼ਾ ਉਨ੍ਹਾਂ ਦਾ ਰਿਣੀ ਰਹੇਗਾ।'

## ਤਿੰਨ ਪਾਕਿ ਫ਼ੌਜੀ ਹਲਾਕ

**ਇਸਲਾਮਾਬਾਦ/ਬਿਊਰੋ ਨਿਊਜ਼,** ਪਾਕਿਸਤਾਨ ਸਰਕਾਰ ਨੇ ਦਾਅਵਾ ਕੀਤਾ ਹੈ ਕਿ ਭਾਰਤੀ ਫ਼ੌਜ ਵੱਲੋਂ ਕੰਟਰੋਲ ਰੇਖਾ ਨੇੜੇ ਬਿਨਾਂ ਭੜਕਾਹਟ ਕੀਤੀ ਗੋਲੀਬਾਰੀ ਵਿਚ ਪਾਕਿਸਤਾਨ ਦੇ ਤਿੰਨ ਫ਼ੌਜੀ ਮਾਰੇ ਗਏ ਹਨ। ਦਿ ਡਾਅਨ' ਨੇ ਇਨ੍ਹਾਂ ਖ਼ਬਰਾਂ ਦੀ ਪੁਸ਼ਟੀ ਕੀਤੀ ਹੈ। ਯਾਦ ਰਹੇ ਕਿ ਦੋ ਦਿਨ ਪਹਿਲਾਂ ਪਾਕਿਸਤਾਨ ਵੱਲੋਂ ਕੀਤੀ ਗੋਲੀਬਾਰੀ ਕਾਰਨ ਭਾਰਤੀ ਫ਼ੌਜ ਦੇ ਮੇਜਰ ਸਣੇ ਚਾਰ ਜਵਾਨ ਹਲਾਕ ਹੋ ਗਏ ਸਨ।

## ਭਾਰਤ ਵਲੋਂ ਪਾਕਿਸਤਾਨੀ ਨੂੰ ਕਰਾਰਾ ਫ਼ੌਜੀ ਜਵਾਬ ਦੇਣ ਦਾ ਦਾਅਵਾ

### *ਕਮਾਂਡੋਆਂ ਨੇ ਸਰਹੱਦ ਲੰਘ ਕੇ ਚਾਰ ਪਾਕਿਸਤਾਨੀ ਸੈਨਿਕ ਮਾਰੇ*

**ਨਵੀਂ ਦਿੱਲੀ/ਬਿਊਰੋ ਨਿਊਜ਼ :** ਭਾਰਤੀ ਫ਼ੌਜ ਦੇ ਪੰਜ ਕਮਾਂਡੋਜ਼ ਨੇ ਬੀਤੇ ਸੋਮਵਾਰ ਸ਼ਾਮੀਂ ਦਲੇਰਾਨਾ ਅਪਰੇਸ਼ਨ ਦੌਰਾਨ ਜੰਮੂ ਕਸ਼ਮੀਰ ਦੇ ਪੁਣਛ ਸੈਕਟਰ 'ਚ ਕੰਟਰੋਲ ਰੇਖਾ ਪਾਰ ਜਾ ਕੇ ਚਾਰ ਪਾਕਿਸਤਾਨੀ ਫੌਜੀ ਮਾਰ ਦਿੱਤੇ ਅਤੇ ਇਕ ਚੌਕੀ ਢਹਿ-ਢੇਰੀ ਕਰ ਦਿੱਤੀ। ਇਸ ਅਪਰੇਸ਼ਨ ਨੇ ਪਿਛਲੇ ਸਾਲ ਦੀਆਂ ਸਰਜੀਕਲ ਸਟਰਾਈਕਜ਼ ਦੀ ਯਾਦ ਤਾਜ਼ਾ ਕਰਾ ਦਿੱਤੀ ਹੈ। ਇਸ ਅਪਰੇਸ਼ਨ ਨੂੰ ਰਾਜੌਰੀ ਜ਼ਿਲ੍ਹੇ ਦੇ ਕੇਰੀ ਸੈਕਟਰ 'ਚ ਤਿੰਨ ਦਿਨ ਪਹਿਲਾਂ ਪਾਕਿ ਫ਼ੌਜ ਦੀ 'ਬੈਟ' ਟੀਮ ਵੱਲੋਂ ਭਾਰਤੀ ਫ਼ੌਜ ਦੇ ਮੇਜਰ ਸਮੇਤ ਚਾਰ ਜਵਾਨਾਂ ਨੂੰ ਹਲਾਕ ਕਰਨ ਦੇ ਬਦਲੇ ਵਜੋਂ ਦੇਖਿਆ ਜਾ ਰਿਹਾ ਹੈ। ਉਧਰ ਰੋਸ ਜ਼ਾਹਰ ਕਰਨ ਲਈ ਪਾਕਿਸਤਾਨ ਨੇ ਭਾਰਤ ਦੇ ਕਾਰਜਕਾਰੀ ਡਿਪਟੀ ਹਾਈ ਕਮਿਸ਼ਨਰ ਨੂੰ ਸੰਮਨ ਜਾਰੀ ਕੀਤੇ ਹਨ ਅਤੇ ਨਾਲ ਹੀ ਭਾਰਤ ਦਾ ਸੀਮਾ ਪਾਰ ਜਾ ਕੇ ਕਾਰਵਾਈ ਕਰਨ ਦਾ ਦਾਅਵਾ ਖਾਰਜ ਕੀਤਾ। ਭਾਰਤ ਨੇ ਦਾਅਵਾ ਕੀਤਾ ਸੀ ਕਿ ਇਸ ਦੀ ਫੌਜ ਨੇ ਜੰਮੂ ਕਸ਼ਮੀਰ ਦੇ ਪੁਣਛ ਸੈਕਟਰ 'ਚ ਕੰਟਰੋਲ ਰੇਖਾ ਪਾਰ ਕਰਕੇ ਪਾਕਿਸਤਾਨੀ ਪੋਸਟ ਨੂੰ ਤਬਾਹ ਕੀਤਾ ਹੈ। ਪਾਕਿਸਤਾਨ ਦੇ ਮੰਤਰਾਲੇ ਦੇ ਬੁਲਾਰੇ ਨੇ ਦੱਸਿਆ ਡਾਇਰੈਕਟਰ ਜਨਰਲ (ਐਸਏ ਤੇ ਸਾਰਕ) ਮੁਹੰਮਦ ਫੈਸਲ ਨੇ ਭਾਰਤ ਦੇ ਕਾਰਜਕਾਰੀ ਡਿਪਟੀ ਹਾਈ ਕਮਿਸ਼ਨਰ ਨੂੰ ਤਲਬ ਕਰਕੇ ਰਾਖਚਿਕਰੀ ਖੇਤਰ 'ਚ ਭਾਰਤ ਵੱਲੋਂ ਕੀਤੀ ਗਈ ਗੋਲੀਬੰਦੀ ਦੀ ਉਲੰਘਣਾ ਵਿਰੁੱਧ ਰੋਸ ਪ੍ਰਗਟਾਇਆ ਹੈ। ਫ਼ੌਜ ਦੇ ਸੂਤਰਾਂ ਮੁਤਾਬਕ ਘਾਤਕ' ਕਮਾਂਡੋਜ਼ ਦੇ 'ਛੋਟੇ ਗਰੁੱਪ' ਵੱਲੋਂ ਕੰਟਰੋਲ ਰੇਖਾ ਪਾਰ ਦੋ-ਤਿੰਨ ਸੌ ਮੀਟਰ ਅੱਗੇ ਜਾ ਕੇ ਪਾਕਿ ਚੌਕੀ ਨੂੰ ਨਿਸ਼ਾਨਾ ਬਣਾ ਕੇ ਕੀਤੀ ਕਾਰਵਾਈ 'ਚ ਚਾਰ ਪਾਕਿ ਸੈਨਿਕ ਮਾਰੇ ਗਏ ਹਨ ਅਤੇ ਇਕ ਫ਼ੌਜੀ ਫੱਟੜ ਹੋਇਆ ਹੈ। ਇਹ ਅਪਰੇਸ਼ਨ ਕੱਲ੍ਹ ਸ਼ਾਮ ਤਕਰੀਬਨ 6 ਵਜੇ ਸ਼ੁਰੂ ਹੋਇਆ ਅਤੇ ਘਾਤਕ ਕਮਾਂਡੋਜ਼ 45 ਮਿੰਟਾਂ ਅੰਦਰ ਕਾਰਵਾਈ ਕਰ ਕੇ ਆਪਣੇ ਕੈਂਪ ਵਿੱਚ ਸਹੀ-ਸਲਾਮਤ ਵਾਪਸ ਆ ਗਏ ਸਨ। ਪਾਕਿ ਫ਼ੌਜ ਵੱਲੋਂ ਰੁਖ ਚਕਰੀ ਸੈਕਟਰ 'ਚ ਬਣਾਈ ਇਸ ਆਰਜ਼ੀ ਚੌਕੀ 'ਤੇ ਬਾਜ਼ ਅੱਖ ਰੱਖੀ ਜਾ ਰਹੀ ਸੀ ਅਤੇ ਕੱਲ੍ਹ ਦੀ ਕਾਰਵਾਈ ਆਰਮੀ ਯੂਨਿਟ ਦੇ ਸਥਾਨਕ ਕਮਾਂਡਰ ਦੇ ਨਿਰਦੇਸ਼ਾਂ 'ਤੇ ਕੀਤੀ ਗਈ।

ਸੂਤਰਾਂ ਮੁਤਾਬਕ ਭਾਰਤੀ ਫ਼ੌਜ ਵੱਲੋਂ ਇਸ ਅਪਰੇਸ਼ਨ 'ਚ ਮਾਰੇ ਗਏ ਸੈਨਿਕ ਪਾਕਿਸਤਾਨ ਫ਼ੌਜ ਦੀ ਬਲੋਚ ਰੈਜੀਮੈਂਟ ਦੇ ਸਨ। ਉਨ੍ਹਾਂ ਦੱਸਿਆ ਕਿ ਪਿਛਲੇ ਸਾਲ ਦੀਆਂ ਸਰਜੀਕਲ ਸਟਰਾਈਕਜ਼ ਤੇ ਕੱਲ੍ਹ ਦੇ ਅਪਰੇਸ਼ਨ ਦਰਮਿਆਨ ਕੋਈ ਸਮਾਨਤਾ ਨਹੀਂ ਹੈ। ਇਹ ਵੀ ਰਿਪੋਰਟਾਂ ਸਨ ਕਿ ਇਸ ਅਪਰੇਸ਼ਨ 'ਚ ਚਾਰ ਪਾਕਿ ਸੈਨਿਕ ਮਾਰੇ ਗਏ ਹਨ ਪਰ ਭਾਰਤੀ ਫ਼ੌਜ ਦੇ ਸੂਤਰਾਂ ਮੁਤਾਬਕ ਤਿੰਨ ਸੈਨਿਕ ਮਾਰੇ ਗਏ ਹਨ ਅਤੇ ਇਕ ਫੱਟੜ ਹੋਇਆ ਹੈ।

## ਭਾਰਤ ਵਲੋਂ ਪਾਕਿਸਤਾਨ ਉੱਤੇ ਕੁਲਭੂਸ਼ਨ ਜਾਧਵ ਨਾਲ ਮੁਲਾਕਾਤ ਮੌਕੇ ਮਾਂ ਤੇ ਪਤਨੀ ਨਾਲ ਬਦਸਲੂਕੀ ਦਾ ਦੋਸ਼

**ਨਵੀਂ ਦਿੱਲੀ/ਬਿਊਰੋ ਨਿਊਜ਼:** ਭਾਰਤ ਨੇ ਪਾਕਿਸਤਾਨ 'ਤੇ ਦੋਸ਼ ਲਾਇਆ ਕਿ ਉਸ ਨੇ ਕੁਲਭੂਸ਼ਨ ਜਾਧਵ ਦੀ ਉਸ ਦੇ ਪਰਿਵਾਰਕ ਮੈਂਬਰਾਂ ਨਾਲ ਮੁਲਾਕਾਤ ਕਰਾਉਣ ਸਮੇਂ ਦੋਵਾਂ ਮੁਲਕਾਂ ਵਿਚਾਲੇ ਇਸ ਮੁਲਾਕਾਤ ਨੂੰ ਲੈ ਕੇ ਬਣਾਈ ਗਈ ਆਪਸੀ ਸਮਝ ਦਾ ਉਲੰਘਣ ਕੀਤਾ ਹੈ। ਇਸੇ ਦੌਰਾਨ ਕੁਲਭੂਸ਼ਨ ਜਾਧਵ ਦੇ ਪਰਿਵਾਰ ਨੇ ਅੱਜ ਭਾਰਤੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨਾਲ ਮੁਲਾਕਾਤ ਕੀਤੀ ਹੈ। ਵਿਦੇਸ਼ ਮੰਤਰਾਲੇ ਨੇ ਆਪਣੇ ਬਿਆਨ 'ਚ ਕਿਹਾ ਕਿ ਕੁਲਭੂਸ਼ਨ ਜਾਧਵ ਨੂੰ ਮਿਲਣ ਤੋਂ ਪਹਿਲਾਂ ਪਾਕਿਸਤਾਨ ਨੇ ਉਸ ਦੀ ਮਾਂ ਤੇ ਪਤਨੀ ਦਾ ਮੰਗਲ ਸੂਤਰ, ਚੂੜੀਆਂ ਤੇ ਬਿੰਦੀ ਤੱਕ ਲੁਹਾ ਦਿੱਤੀ। ਉਨ੍ਹਾਂ ਕਿਹਾ ਕਿ ਜਾਧਵ ਦੀ ਵਧੇਰੇ ਟਿੱਪਣੀ ਸਪੱਸ਼ਟ ਤੌਰ 'ਤੇ ਉਸ ਨੂੰ ਪਹਿਲਾਂ ਤਿਆਰ ਕਰਕੇ ਦਿੱਤੀ ਗਈ ਸੀ ਜੋ ਪਾਕਿਸਤਾਨ 'ਚ ਉਸ ਦੀ ਕਥਿਤ ਜਾਸੂਸੀ ਦੇ ਸਬੰਧ 'ਚ ਗਲਤ ਗਤੀਵਿਧੀਆਂ ਨੂੰ ਪੇਸ਼ ਕਰਨ ਦੇ ਮਕਸਦ ਨਾਲ ਤਿਆਰ ਕੀਤੀ ਗਈ ਸੀ। ਵਿਦੇਸ਼ ਮੰਤਰਾਲੇ ਨੇ ਕਿਹਾ, ਇਸ ਮੁਲਾਕਾਤ ਮਗਰੋਂ ਸਾਨੂੰ ਜੋ ਜਾਣਕਾਰੀ ਮਿਲੀ ਹੈ, ਉਸ ਤੋਂ ਸਾਹਮਣੇ ਆਇਆ ਹੈ ਜਾਧਵ ਪੂਰੀ ਤਰ੍ਹਾਂ ਤਣਾਅ ਤੇ ਦਬਾਅ ਹੇਠ ਗੱਲਬਾਤ ਕਰ ਰਿਹਾ ਸੀ।' ਮੰਤਰਾਲੇ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਦਾ ਵੀ ਅਫਸੋਸ ਹੈ ਕਿ ਤਮਾਮ ਭਰੋਸਿਆਂ ਦੇ ਬਾਵਜੂਦ ਜਿੱਥੇ ਤੱਕ ਜਾਧਵ ਦੇ ਪਰਿਵਾਰ ਦਾ ਸਵਾਲ ਹੈ, ਇਹ ਮੁਲਾਕਾਤ ਸੁਖਾਵੇਂ ਮਾਹੌਲ 'ਚ ਨਹੀਂ ਹੋਈ। ਹਾਲਾਂਕਿ ਪਰਿਵਾਰਕ ਮੈਂਬਰਾਂ ਨੇ ਸਾਰੀ ਸਥਿਤੀ ਦਾ ਪੂਰੇ ਹੌਸਲੇ ਤੇ ਹਿੰਮਤ ਨਾਲ ਸਾਹਮਣਾ ਕੀਤਾ। ਮੰਤਰਾਲੇ ਨੇ ਨਾਲ ਹੀ ਕਿਹਾ ਕਿ ਜਾਧਵ ਦੀ ਦਿੱਖ ਵੀ ਉਸ ਦੀ ਸਿਹਤ ਤੇ ਸੰਭਾਲ 'ਤੇ ਸਵਾਲ ਖੜ੍ਹੇ ਕਰ ਰਹੀ ਹੈ। ਭਾਰਤ ਨੇ ਗੁੱਸਾ ਜ਼ਾਹਰ ਕਰਦਿਆਂ ਕਿਹਾ ਕਿ ਇਸ ਮੁਲਾਕਾਤ ਤੋਂ ਪਹਿਲਾਂ ਦੋਵਾਂ ਮੁਲਕਾਂ ਵੱਲੋਂ ਇਸ ਸਬੰਧੀ ਆਪਸੀ ਸਮਝ ਬਣਾਈ ਗਈ ਸੀ, ਪਰ ਪਾਕਿਸਤਾਨ ਨੇ ਇਸ ਦੀ ਉਲੰਘਣਾ ਕੀਤੀ ਹੈ। ਸਮਝੌਤੇ ਤਹਿਤ ਮੀਡੀਆ ਨੂੰ ਨੇੜੇ ਨਾ ਦੇਣ ਦੀ ਗੱਲ ਕੀਤੀ ਗਈ ਸੀ, ਪਰ ਪਾਕਿਸਤਾਨੀ ਪ੍ਰੈਸ ਨੂੰ ਕਈ ਵਾਰ ਪਰਿਵਾਰ ਦੇ ਨੇੜੇ ਜਾਣ ਦਿੱਤਾ ਗਿਆ। ਭਾਰਤ ਨੇ ਪਾਕਿਸਤਾਨ 'ਤੇ ਮੁਲਕ ਦੀ ਸੱਭਿਆਚਾਰ ਤੇ ਧਾਰਮਿਕ ਮਰਿਆਦਾ ਨੂੰ ਠੇਸ ਪਹੁੰਚਾਉਣ ਦਾ ਦੋਸ਼ ਵੀ ਲਾਇਆ ਕਿਉਂਕਿ ਮੁਲਾਕਾਤ ਤੋਂ ਪਹਿਲਾਂ ਜਾਧਵ ਦੀ ਮਾਂ ਤੇ ਪਤਨੀ ਦਾ ਮੰਗਲ ਸੂਤਰ, ਚੂੜੀਆਂ ਤੇ ਬਿੰਦੀ ਤੱਕ ਉਤਰਵਾ ਲਈ ਗਈ। ਜਾਧਵ ਦੀ ਮਾਂ ਨੂੰ ਮਰਾਠੀ 'ਚ ਗੱਲ ਕਰਨ ਤੋਂ ਰੋਕਿਆ ਗਿਆ। ਦੋਵਾਂ ਮਹਿਲਾਵਾਂ ਨਾਲ ਆਏ ਡਿਪਟੀ ਹਾਈ ਕਮਿਸ਼ਨਰ ਜੇਪੀ ਸਿੰਘ ਨੂੰ ਪਹਿਲਾਂ ਹੀ ਉਨ੍ਹਾਂ ਤੋਂ ਵੱਖ ਕਰ ਲਿਆ ਗਿਆ। ਸ੍ਰੀ ਸਿੰਘ ਨੂੰ ਬਿਨਾਂ ਸੂਚਨਾ ਦਿੱਤਿਆਂ ਦੋਵਾਂ ਨੂੰ ਮੁਲਾਕਾਤ ਲਈ ਲਿਜਾਇਆ ਗਿਆ ਤੇ ਉਨ੍ਹਾਂ ਦੀ ਗ਼ੈਰ ਹਾਜ਼ਰੀ 'ਚ ਹੀ ਮੁਲਾਕਾਤ ਸ਼ੁਰੂ ਕਰ ਦਿੱਤੀ ਗਈ। ਮੰਤਰਾਲੇ ਨੇ ਕਿਹਾ ਕਿ ਮੁਲਾਕਾਤ ਤੋਂ ਬਾਅਦ ਜਾਧਵ ਦੀ ਪਤਨੀ ਦੇ ਜੁੱਤੇ ਵੀ ਵਾਪਸ ਨਹੀਂ ਕੀਤੇ ਗਏ। ਇਸੇ ਦੌਰਾਨ ਕੁਲਭੂਸ਼ਨ ਜਾਧਵ ਦੇ ਪਰਿਵਾਰ ਨੇ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨਾਲ ਉਨ੍ਹਾਂ ਦੀ ਰਿਹਾਇਸ਼ 'ਤੇ ਮੁਲਾਕਾਤ ਕੀਤੀ। ਸੂਤਰਾਂ ਅਨੁਸਾਰ ਇਸ ਸਮੇਂ ਮੰਤਰਾਲੇ ਦੇ ਸੀਨੀਅਰ ਅਧਿਕਾਰੀ ਵੀ ਹਾਜ਼ਰ ਸਨ।



ਨਵੀਂ ਦਿੱਲੀ 'ਚ ਮੰਗਲਵਾਰ ਨੂੰ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨਾਲ ਮੀਟਿੰਗ ਮਗਰੋਂ ਬਾਹਰ ਆਉਂਦੇ ਹੋਏ ਕੁਲਭੂਸ਼ਨ ਜਾਧਵ ਦੇ ਪਿਤਾ, ਮਾਂ ਅਤੇ ਪਤਨੀ ਦੀਆਂ ਟੀਵੀ ਤੋਂ ਲਈਆਂ ਤਸਵੀਰਾਂ।

# ਪਾਕਿਸਤਾਨ 'ਚ ਕੈਦ ਭਾਰਤੀ ਫੌਜ ਦੇ ਸਾਬਕਾ ਕਮਾਂਡਰ ਨਾਲ ਪਤਨੀ ਤੇ ਮਾਂ ਦੀ ਮੁਲਾਕਾਤ

**ਇਸਲਾਮਾਬਾਦ/ਬਿਊਰੋ ਨਿਊਜ਼ :** ਪਾਕਿਸਤਾਨ ਵਿੱਚ ਕਥਿਤ ਜਾਸੂਸੀ ਦੇ ਦੋਸ਼ 'ਚ ਮੌਤ ਦੀ ਸਜ਼ਾਯਾਫ਼ਤਾ ਸਾਬਕਾ ਭਾਰਤੀ ਜਲ ਸੈਨਿਕ ਕੁਲਭੂਸ਼ਨ ਜਾਧਵ ਨੇ ਸੋਮਵਾਰ ਨੂੰ ਇੱਥੇ ਆਪਣੀ ਪਤਨੀ ਤੇ ਮਾਂ ਨਾਲ ਮੁਲਾਕਾਤ ਕੀਤੀ। ਚਾਲੀ ਮਿੰਟਾਂ ਦੀ ਇਸ ਮੁਲਾਕਾਤ ਦੌਰਾਨ ਜਾਧਵ ਅਤੇ ਉਸ ਦੇ ਪਰਿਵਾਰ ਵਿਚਾਲੇ ਸ਼ੀਸ਼ੇ ਦੀ ਦੀਵਾਰ ਮੌਜੂਦ ਸੀ ਤੇ ਵਾਰਤਾਲਾਪ ਇੰਟਰਕੌਮ ਰਾਹੀਂ ਹੋਇਆ।

ਕਈ ਯਤਨਾਂ ਮਗਰੋਂ ਅਮਲ ਵਿੱਚ ਆਈ ਇਹ ਮੁਲਾਕਾਤ ਵਿਦੇਸ਼ ਮੰਤਰਾਲੇ ਦੀ ਉੱਚ ਸੁਰੱਖਿਆ ਵਾਲੀ ਇਮਾਰਤ ਵਿੱਚ ਹੋਈ। ਮਾਰਚ ਵਿੱਚ ਗ੍ਰਿਫ਼ਤਾਰੀ ਤੋਂ ਬਾਅਦ ਜਾਧਵ ਦੀ ਆਪਣੇ ਪਰਿਵਾਰ ਨਾਲ ਇਹ ਪਹਿਲੀ ਮੁਲਾਕਾਤ ਹੈ। ਮੁਲਕ ਦੇ ਬਾਨੀ ਮੁਹੰਮਦ ਅਲੀ ਜਿਨਾਹ ਦੇ ਜਨਮ ਦਿਹਾੜੇ 'ਤੇ ਕਰਵਾਈ ਇਸ ਮੁਲਾਕਾਤ ਨੂੰ ਪਾਕਿਸਤਾਨ ਨੇ ਇਨਸਾਨੀ ਹਮਦਰਦੀ ਵਜੋਂ ਕੀਤੀ ਕੋਸ਼ਿਸ਼ ਦਿਖਾਇਆ ਹੈ। ਮੀਟਿੰਗ ਵਿੱਚ ਭਾਰਤ ਵੱਲੋਂ ਡਿਪਟੀ ਹਾਈ ਕਮਿਸ਼ਨਰ ਜੇ.ਪੀ.ਸਿੰਘ ਤੇ ਪਾਕਿਸਤਾਨ ਵੱਲੋਂ ਭਾਰਤ ਲਈ ਵਿਦੇਸ਼ ਦਫ਼ਤਰ ਦੇ ਡਾਇਰੈਕਟਰ ਡਾ.ਫਰੇਹਾ ਬੁਗਤੀ ਮੌਜੂਦ ਸਨ। ਮੁਲਾਕਾਤ ਮਗਰੋਂ ਵਿਦੇਸ਼ ਮੰਤਰਾਲੇ ਦੇ ਤਰਜਮਾਨ ਮੁਹੰਮਦ ਫੈਸਲ ਨੇ ਇਕ ਟਵੀਟ 'ਚ ਕਿਹਾ, ਪਾਕਿਸਤਾਨ ਨੇ ਕਮਾਂਡਰ ਜਾਧਵ ਨੂੰ ਕੌਮ ਦੇ ਪਿਤਾ ਤੇ ਕਾਇਦੇ ਆਜ਼ਮ ਮੁਹੰਮਦ ਅਲੀ ਜਿਨਾਹ ਦੇ ਜਨਮ ਦਿਨ ਮੌਕੇ ਆਪਣੀ ਪਤਨੀ ਤੇ ਮਾਂ ਨਾਲ ਮਿਲਣ ਦੀ ਇਜਾਜ਼ਤ ਇਨਸਾਨੀ ਹਮਦਰਦੀ ਦੇ ਆਧਾਰ 'ਤੇ ਦਿੱਤੀ ਹੈ।' ਫ਼ੈਸਲ ਨੇ ਟਵੀਟ 'ਚ ਅੱਗੇ ਕਿਹਾ ਕਿ ਇਹ ਮੀਟਿੰਗ ਇਸਲਾਮਿਕ ਰਵਾਇਤਾਂ ਤੇ ਖ਼ਾਲਸ ਮਨੁੱਖੀ ਆਧਾਰ 'ਤੇ ਵਿਉਂਤੀ ਗਈ ਹੈ। ਇਸ ਤੋਂ ਪਹਿਲਾਂ ਟੀਵੀ ਫੁਟੇਜ ਵਿੱਚ ਜਾਧਵ ਦੀ ਮਾਂ ਅਵੰਤੀ ਤੇ ਪਤਨੀ ਚੇਤਨਾਕੁਲ ਨੂੰ ਭਾਰਤ ਦੇ ਡਿਪਟੀ ਹਾਈ ਕਮਿਸ਼ਨਰ ਜੇ.ਪੀ.ਸਿੰਘ ਤੇ ਇਕ ਪਾਕਿਸਤਾਨੀ ਮਹਿਲਾ ਅਧਿਕਾਰੀ ਨਾਲ ਵਿਦੇਸ਼ ਮੰਤਰਾਲੇ ਦੀ ਆਗਾ ਸ਼ਾਹੀ ਬਲਾਕ ਦੀ ਇਮਾਰਤ ਵਿੱਚ ਜਾਂਦਿਆਂ ਵਿਖਾਇਆ ਗਿਆ। ਮੰਤਰਾਲੇ ਨੇ ਮਗਰੋਂ ਜਾਧਵ ਦੇ ਸ਼ੀਸ਼ੇ ਦੀ ਦੀਵਾਰ ਪਿੱਛਿਓਂ ਆਪਣੀ ਪਤਨੀ ਤੇ ਮਾਂ ਨਾਲ ਗੱਲਬਾਤ ਕਰਦਿਆਂ ਦੀਆਂ ਤਸਵੀਰਾਂ ਵੀ ਜਾਰੀ ਕੀਤੀਆਂ। ਜਾਧਵ ਨੇ ਪਰਿਵਾਰ ਨਾਲ ਇੰਟਰਕੌਮ ਜ਼ਰੀਏ ਗੱਲਬਾਤ ਕੀਤੀ। ਮੀਟਿੰਗ ਮੁਕਾਮੀ ਸਮੇਂ ਮੁਤਾਬਕ 1:35 ਵਜੇ ਸ਼ੁਰੂ ਹੋਈ ਤੇ ਲਗਪਗ ਚਾਲੀ ਮਿੰਟ ਚੱਲੀ। ਮੁਲਾਕਾਤ ਤੋਂ ਫ਼ੌਰੀ ਮਗਰੋਂ ਜਾਧਵ ਦੀ ਪਤਨੀ ਤੇ ਮਾਂ ਨੂੰ ਸਫ਼ੇਦ ਰੰਗ ਦੀ ਐਸਯੂਵੀ 'ਚ ਰਵਾਨਾ ਕਰ ਦਿੱਤਾ ਗਿਆ।



ਭਾਰਤੀ ਜਲ ਸੈਨਾ ਦਾ ਸਾਬਕਾ ਕਮਾਂਡਰ ਕੁਲਭੂਸ਼ਨ ਜਾਧਵ ਸ਼ੀਸ਼ੇ ਦੀ ਦੀਵਾਰ ਦੇ ਪਿੱਛੇ ਬੈਠੀ ਆਪਣੀ ਪਤਨੀ ਤੇ ਮਾਂ ਨਾਲ ਇੰਟਰਕੌਮ ਜ਼ਰੀਏ ਗੱਲਬਾਤ ਕਰਦਾ ਹੋਇਆ।

ਇਸ ਤੋਂ ਪਹਿਲਾਂ ਜਾਧਵ ਦੀ ਪਤਨੀ ਤੇ ਮਾਂ ਦੁਬਈ ਤੋਂ ਕਮਰਸ਼ਲ ਉਡਾਣ ਰਾਹੀਂ ਇਸਲਾਮਾਬਾਦ ਪੁੱਜੀਆਂ। ਉਨ੍ਹਾਂ ਵਿਦੇਸ਼ ਮੰਤਰਾਲੇ ਲਈ ਰਵਾਨਾ ਹੋਣ ਤੋਂ ਪਹਿਲਾਂ ਭਾਰਤੀ ਹਾਈ ਕਮਿਸ਼ਨ ਵਿੱਚ 30 ਮਿੰਟ ਬਿਤਾਏ। ਵਾਪਸੀ ਮੌਕੇ ਹਵਾਈ ਅੱਡੇ ਜਾਣ ਤੋਂ ਪਹਿਲਾਂ ਵੀ ਦੋਵਾਂ ਨੇ ਭਾਰਤੀ ਮਿਸ਼ਨ ਵਿੱਚ ਕੁਝ ਦੇਰ ਲਈ ਠਹਿਰ ਕੀਤੀ। ਜਾਧਵ ਨਾਲ ਮੀਟਿੰਗ ਤੋਂ ਪਹਿਲਾਂ ਦੋਵਾਂ ਨੂੰ ਸੱਤ ਵਾਹਨਾਂ ਦੇ ਕਾਫ਼ਲੇ ਦੇ ਰੂਪ ਵਿੱਚ ਲਿਆਂਦਾ ਗਿਆ ਤੇ ਮੰਤਰਾਲੇ ਵਿੱਚ ਉਨ੍ਹਾਂ ਦੀ ਪੂਰੀ ਸੁਰੱਖਿਆ ਜਾਂਚ ਕੀਤੀ ਗਈ। ਦੋਵਾਂ ਨੇ ਮੰਤਰਾਲੇ ਪੁੱਜਣ 'ਤੇ ਪੱਤਰਕਾਰਾਂ ਨੂੰ ਨਮਸਤੇ ਤਾਂ ਬੁਲਾਈ, ਪਰ ਉਨ੍ਹਾਂ ਦੇ ਕਿਸੇ ਸਵਾਲ ਦਾ ਜਵਾਬ ਨਹੀਂ ਦਿੱਤਾ। ਪਰਿਵਾਰ ਦੇ ਉਥੇ ਪੁੱਜਣ ਤੋਂ ਪਹਿਲਾਂ ਜਾਧਵ ਮੰਤਰਾਲੇ ਵਿੱਚ ਮੌਜੂਦ ਸੀ, ਪਰ ਉਸ ਨੂੰ ਕਿੱਥੇ ਰੱਖਿਆ ਗਿਆ ਸੀ ਤੇ ਇਥੇ ਕਿਵੇਂ ਲਿਆਂਦਾ ਗਿਆ ਇਸ ਬਾਰੇ ਕਿਸ ਨੂੰ ਕੁਝ ਪਤਾ ਨਹੀਂ ਸੀ। ਉਂਜ ਸੁਰੱਖਿਆ ਵਜੋਂ ਮੰਤਰਾਲੇ ਦੇ ਚੱਪੇ ਚੱਪੇ 'ਤੇ ਸ਼ਾਰਪ ਸ਼ੂਟਰ, ਨੀਮ ਫ਼ੌਜੀ ਬਲ ਤੇ ਪੁਲੀਸ ਦਾ ਅਮਲਾ ਤਾਇਨਾਤ ਸੀ। ਪ੍ਰੈਸ ਕਾਨਫਰੰਸ ਦੌਰਾਨ ਫੈਸਲ ਨੇ ਇਸ ਮੁਲਾਕਾਤ ਨੂੰ ਸਕਾਰਾਤਮਕ ਦੱਸਦਿਆਂ ਕਿਹਾ ਕਿ ਇਹ ਕੋਈ ਪਹਿਲੀ ਤੇ ਆਖਰੀ ਮੁਲਾਕਾਤ ਨਹੀਂ ਹੈ। ਇਸ ਦੌਰਾਨ ਮੁੰਬਈ ਵਿੱਚ ਰਹਿੰਦੇ ਜਾਧਵ ਦੇ ਬਚਪਨ ਦੇ ਦੋਸਤ ਤੁਲਸੀਦਾਸ ਪਵਾਰ ਨੇ ਪਾਕਿਸਤਾਨ ਸਰਕਾਰ ਵੱਲੋਂ ਜਾਧਵ ਦੀ ਸ਼ੀਸ਼ੇ ਦੀ ਦੀਵਾਰ ਵਿਚਦੀ ਪਰਿਵਾਰ ਨਾਲ ਕਰਵਾਈ ਮੁਲਾਕਾਤ 'ਤੇ ਮਾਯੂਸੀ ਜ਼ਾਹਿਰ ਕਰਦਿਆਂ ਕਿਹਾ ਕਿ ਗੁਆਂਢੀ ਮੁਲਕ ਨੂੰ ਥੋੜ੍ਹੀ ਸ਼ਿਸ਼ਟਤਾ ਵਿਖਾਉਂਦਿਆਂ ਜਾਧਵ ਨੂੰ ਆਪਣੇ ਪਰਿਵਾਰ ਦੇ ਗਲੇ ਲੱਗਣ ਦੇਣਾ ਚਾਹੀਦਾ ਸੀ। ਪਵਾਰ ਨੇ ਬੜੇ ਧਿਆਨ ਨਾਲ ਕੋਰੀਓਗ੍ਰਾਫ਼ ਕੀਤੀ ਇਸ ਮੀਟਿੰਗ ਨੂੰ ਸ਼ਰਮਨਾਕ ਦੱਸਿਆ ਹੈ।

## ਨਹੀਂ ਦਿੱਤੀ 'ਸਫ਼ਾਰਤੀ ਰਸਾਈ'

ਇਸਲਾਮਾਬਾਦ: ਪਾਕਿਸਤਾਨ ਨੇ ਸਾਫ਼ ਕਰ ਦਿੱਤਾ ਹੈ ਕਿ ਕੁਲਭੂਸ਼ਨ ਜਾਧਵ ਦੀ ਭਾਰਤੀ ਸਫ਼ੀਰ ਦੀ ਮੌਜੂਦਗੀ ਵਿੱਚ ਪਰਿਵਾਰ ਨਾਲ ਮੁਲਾਕਾਤ ਨੂੰ ਸਫ਼ਾਰਤੀ ਰਸਾਈ' ਨਾ ਸਮਝਿਆ ਜਾਵੇ। ਵਿਦੇਸ਼ ਮੰਤਰਾਲੇ ਦੇ ਤਰਜਮਾਨ ਡਾ.ਮੁਹੰਮਦ ਫੈਸਲ ਨੇ ਕਿਹਾ, ਇਹ ਮੁਲਾਕਾਤ ਸਫ਼ਾਰਤੀ ਰਸਾਈ ਨਹੀਂ ਸੀ। ਅਸੀਂ ਮੁਲਾਕਾਤ ਤੋਂ ਪਹਿਲਾਂ ਹੀ ਭਾਰਤ ਨੂੰ ਦੱਸ ਦਿੱਤਾ ਸੀ ਕਿ ਉਨ੍ਹਾਂ ਦਾ ਸਫ਼ੀਰ ਮੀਟਿੰਗ ਨੂੰ ਵੇਖ ਸਕਦਾ ਹੈ, ਪਰ ਉਸ ਨੂੰ ਬੋਲਣ ਜਾਂ ਇਸ ਵਿੱਚ ਸ਼ਾਮਲ ਹੋਣ ਦੀ ਇਜਾਜ਼ਤ ਨਹੀਂ ਹੋਵੇਗੀ। ਸਫ਼ਾਰਤੀ ਰਸਾਈ ਸਬੰਧੀ ਸਾਰੇ ਫ਼ੈਸਲੇ ਕਾਨੂੰਨ ਤੇ ਪਾਕਿਸਤਾਨ ਦੇ ਹਿੱਤ ਨੂੰ ਲੈ ਕੇ ਲਏ ਜਾਣਗੇ।'

## ਮੁਲਾਕਾਤ ਦੀ ਵੀਡੀਓ ਜ਼ਾਰੀ

ਇਸਲਾਮਾਬਾਦ: ਪਾਕਿਸਤਾਨ ਨੇ ਭਾਰਤੀ ਕੈਦੀ ਕੁਲਭੂਸ਼ਨ ਜਾਧਵ ਦੀ ਨਵੀਂ ਵੀਡੀਓ ਜਾਰੀ ਕੀਤੀ ਹੈ। ਇਸ ਵੀਡੀਓ ਵਿੱਚ ਜਾਧਵ ਆਪਣੀ ਪਤਨੀ ਤੇ ਮਾਂ ਨਾਲ ਵਿਉਂਤੀ ਮੀਟਿੰਗ ਲਈ ਪਾਕਿਸਤਾਨ ਸਰਕਾਰ ਦਾ ਸ਼ੁਕਰੀਆ ਕਰਦਾ ਨਜ਼ਰ ਆ ਰਿਹਾ ਹੈ। ਵਿਦੇਸ਼ ਮੰਤਰਾਲੇ ਨੇ ਇਹ ਵੀਡੀਓ ਜਾਧਵ ਦੀ ਆਪਣੇ ਪਰਿਵਾਰ ਨਾਲ ਮੁਲਾਕਾਤ ਤੋਂ ਫੌਰੀ ਮਗਰੋਂ ਕੀਤੀ ਪ੍ਰੈਸ ਕਾਨਫਰੰਸ ਵਿੱਚ ਰਿਲੀਜ਼ ਕੀਤੀ। ਇਸ ਦੌਰਾਨ ਵਿਦੇਸ਼ ਮੰਤਰਾਲੇ ਦੇ ਤਰਜਮਾਨ ਨੇ ਪੱਤਰਕਾਰਾਂ ਕੋਲ ਜਾਧਵ ਖ਼ਿਲਾਫ਼ ਲੱਗੇ ਪੁਰਾਣੇ ਦੋਸ਼ਾਂ ਨੂੰ ਹੀ ਦੁਹਰਾਇਆ।

# ਹਿਮਾਚਲ ਦੇ ਮੁੱਖ ਮੰਤਰੀ ਬਾਰੇ ਭਾਜਪਾ ਵਿਚਲਾ ਰੇੜਕਾ ਮੁਕਿਆ

## *ਮੰਡੀ ਜਿਲ੍ਹੇ ਦੇ ਵਿਧਾਇਕ ਜੈਰਾਮ ਠਾਕੁਰ ਦੇ ਸਿਰ ਸਜੇਗਾ ਤਾਜ*

**ਸ਼ਿਮਲਾ/ਬਿਊਰੋ ਨਿਊਜ਼:** ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਦੀ ਦੌੜ ਵਿੱਚ ਪੁਰਾਣੇ ਘਾਗ ਆਗੂਆਂ ਨੂੰ ਪਛਾੜ ਕੇ ਮੁੱਖ ਮੰਤਰੀ ਦੇ ਅਹੁਦੇ ਲਈ ਭਾਜਪਾ ਵਿਧਾਇਕ ਦਲ ਦੇ ਆਗੂ ਚੁਣੇ ਗਏ ਜੈਰਾਮ ਠਾਕੁਰ ਬਹੁਤ ਹੀ ਮਿੱਠ ਬੋਲੜੇ ਅਤੇ ਭਾਜਪਾ ਦੇ ਹੇਠਲੇ ਪੱਧਰ ਤੋਂ ਉੱਠੇ ਆਗੂ ਹਨ। ਉਨ੍ਹਾਂ ਦਾ ਸਬੰਧ ਰਾਜਸੀ ਤੌਰ ਉੱਤੇ ਅਹਿਮ ਮੰਨੇ ਜਾਂਦੇ ਮੰਡੀ ਖੇਤਰ ਦੇ ਨਾਲ ਹੈ। 52 ਸਾਲਾ ਜੈਰਾਮ ਠਾਕੁਰ ਮੰਡੀ ਦੇ ਚਚਿਓਟ (ਸੇਰਾਜ) ਵਿਧਾਨ ਸਭਾ ਹਲਕੇ ਤੋਂ ਪੰਜਵੀਂ ਵਾਰ ਵਿਧਾਇਕ ਚੁਣੇ ਗਏ ਹਨ। ਆਪਣੀ ਨਰਮਾਈ ਸਦਕਾ ਉਹ ਲੋਕਾਂ ਨੂੰ ਪਾਰਟੀ ਨਾਲ ਜੋੜਨ ਦੇ ਮਾਹਿਰ ਮੰਨੇ ਜਾਦੇ ਹਨ। ਪਿਛਲੇ ਹਫ਼ਤੇ ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਚੋਣਾਂ ਦੇ ਨਤੀਜਿਆ ਦੌਰਾਨ ਸਾਬਕਾ ਮੁੱਖ ਮੰਤਰੀ ਪ੍ਰੇਮ ਕੁਮਾਰ ਧੂਮਲ ਦੇ ਹਾਰਨ ਬਾਅਦ ਮੁੱਖ ਮੰਤਰੀ ਦੀ ਦੌੜ ਵਿੱਚ ਸ਼ਾਮਲ ਆਗੂਆਂ ਵਿੱਚ ਜੈਰਾਮ ਠਾਕੁਰ ਦਾ ਨਾਂਅ ਮੋਹਰੀ ਦਾਅਵੇਦਾਰਾਂ ਵਿੱਚ ਸ਼ਾਮਲ ਹੋ ਗਿਆ ਸੀ। ਸ੍ਰੀ ਧੂਮਲ ਜੋ ਵਿਧਾਨ ਸਭਾ ਚੋਣ ਹਾਰ ਗਏ ਹਨ, ਦੇ ਸਮਰਥਕਾਂ ਨੂੰ ਉਨ੍ਹਾਂ ਦੇ ਮੁੱਖ ਮੰਤਰੀ ਬਣਨ ਦੀ ਆਸ ਬੀਤੀ ਰਾਤ ਤਕ ਬਣੀ ਹੋਈ ਸੀ। ਇਸ ਤੋਂ ਬਾਅਦ ਮੁੱਖ ਮੰਤਰੀ ਦੇ ਅਹੁਦੇ ਲਈ ਕੇਂਦਰੀ ਮੰਤਰੀ ਜੇਪੀ ਨੱਡਾ ਅਤੇ ਜੈਰਾਮ ਠਾਕੁਰ ਦੇ ਨਾਵਾਂ ਉੱਤੇ ਚਰਚਾ ਭਖ ਗਈ ਅਤੇ ਇਸ ਦੌੜ ਵਿੱਚ ਜੈਰਾਮ ਠਾਕੁਰ ਨੇ ਆਖ਼ਿਰ ਨੂੰ ਨੱਡਾ ਨੂੰ ਪਛਾੜ ਦਿੱਤਾ। ਐਤਵਾਰ ਨੂੰ ਭਾਜਪਾ ਦੇ ਵਿਧਾਇਕਾਂ ਦੀ ਹੋਈ ਮੀਟਿੰਗ ਵਿੱਚ ਸੁਰੇਸ਼ ਭਾਰਦਵਾਜ ਨੇ ਮੁੱਖ ਮੰਤਰੀ ਦੇ ਅਹੁਦੇ ਲਈ ਜੈਰਾਮ ਠਾਕੁਰ ਦਾ ਨਾਂ ਪੇਸ਼ ਕੀਤਾ ਅਤੇ ਇਸ ਦੀ ਤਾਈਦ ਮਹਿੰਦਰ ਸਿੰਘ ਨੇ ਕੀਤੀ ਅਤੇ ਹੋਰਨਾਂ ਵਿਧਾਇਕਾਂ ਨੇ ਵੀ ਇਸ ਦੀ ਹਮਾਇਤ ਕੀਤੀ। ਸ੍ਰੀ ਠਾਕੁਰ ਭਾਜਪਾ ਦੇ ਸਾਬਕਾ ਸੂਬਾਈ ਪ੍ਰਧਾਨ ਹਨ ਅਤੇ ਸੂਬੇ ਦੇ ਸਾਬਕਾ ਪੇਂਡੂ ਵਿਕਾਸ ਅਤੇ ਪੰਚਾਇਤੀ ਰਾਜ ਮੰਤਰੀ ਰਹੇ ਹਨ।




ਹਿਮਾਚਲ ਦੇ ਸਾਬਕਾ ਮੁੱਖ ਮੰਤਰੀ ਪ੍ਰੇਮ ਕੁਮਾਰ ਧੂਮਲ ਐਤਵਾਰ ਨੂੰ ਸ਼ਿਮਲਾ ਵਿੱਚ ਜੈਰਾਮ ਠਾਕੁਰ ਨੂੰ ਭਾਜਪਾ ਵਿਧਾਇਕ ਦਲ ਦਾ ਆਗੂ ਚੁਣੇ ਜਾਣ 'ਤੇ ਵਧਾਈ ਦਿੰਦੇ ਹੋਏ।

ਉਹ ਭਾਜਪਾ ਦੇ ਵਿਦਿਆਰਥੀ ਸੰਗਠਨ ਵਿੱਚ ਵੀ ਸਰਗਰਮ ਰਹੇ ਹਨ ਅਤੇ ਰਾਸ਼ਟਰੀਯ ਸੋਇਮ ਸੰਘ ਆਰਐੱਸਐੱਸ ਦੇ ਵੀ ਨੇੜੇ ਰਹੇ ਹਨ। ਇਹ ਜ਼ਿਕਰਯੋਗ ਹੈ ਕਿ ਕੱਲ੍ਹ ਭਾਜਪਾ ਦੇ ਵਿਧਾਇਕਾਂ ਵਿੱਚ ਮੁੱਖ ਮੰਤਰੀ ਦੇ ਅਹੁਦੇ ਲਈ ਸਹਿਮਤੀ ਨਾ ਬਣਨ ਕਾਰਨ ਪਾਰਟੀ ਦੇ ਕੇਂਦਰੀ ਅਬਜ਼ਰਵਰ ਰੱਖਿਆ ਮੰਤਰੀ ਨਿਰਮਲਾ ਸੀਤਾਰਾਮਨ ਅਤੇ ਨਰੇਂਦਰ ਸਿੰਘ ਤੋਮਰ ਕੇਂਦਰੀ ਲੀਡਰਸ਼ਿਪ ਦੀ ਰਾਏ ਲੈਣ ਵਾਪਿਸ ਦਿੱਲੀ ਚਲੇ ਗਏ ਸਨ।

# ਭਾਜਪਾ ਆਗੂ ਰੂਪਾਨੀ ਨੇ ਦੂਜੀ ਵਾਰ ਗੁਜਰਾਤ ਦੇ ਮੁੱਖ ਮੰਤਰੀ ਦਾ ਅਹੁਦਾ ਸੰਭਾਲਿਆ

**ਗਾਂਧੀਨਗਰ/ਬਿਊਰੋ ਨਿਊਜ਼,** ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਵਿਜੈ ਰੂਪਾਨੀ ਨੇ ਲਗਾਤਾਰ ਦੂਜੀ ਵਾਰ ਗੁਜਰਾਤ ਦੇ ਮੁੱਖ ਮੰਤਰੀ ਵਜੋਂ ਹਲਫ਼ ਲੈਣ ਬਾਅਦ ਅਹੁਦਾ ਸੰਭਾਲ ਲਿਆ ਹੈ। ਪ੍ਰਭਾਵਸ਼ਾਲੀ ਸਮਾਗਮ ਦੌਰਾਨ ਨਿਤਿਨ ਪਟੇਲ ਨੇ ਉਪ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ। ਪਟੇਲ ਸਮੇਤ ਨੌਂ ਵਿਧਾਇਕਾਂ ਨੇ ਕੈਬਨਿਟ ਮੰਤਰੀ ਅਤੇ 10 ਵਿਧਾਇਕਾਂ ਨੇ ਰਾਜ ਮੰਤਰੀ ਵਜੋਂ ਹਲਫ਼ ਲਿਆ। ਰੂਪਾਨੀ (61 ਸਾਲ) ਤੇ ਹੋਰਨਾਂ ਮੰਤਰੀਆਂ ਨੂੰ ਸਹੁੰ ਚੁਕਾਉਣ ਦੀ ਰਸਮ ਰਾਜਪਾਲ ਓ.ਪੀ.ਕੋਹਲੀ ਨੇ ਨਿਭਾਈ। ਕੈਬਨਿਟ ਤੇ ਰਾਜ ਮੰਤਰੀ ਵਜੋਂ ਹਲਫ਼ ਲੈਣ ਵਾਲੇ ਵਿਧਾਇਕਾਂ 'ਚ ਪੰਜ ਅਤੇ ਪੰਜ ਪੁਰਾਣੇ ਚਿਹਰੇ ਸ਼ਾਮਲ ਹਨ। ਰੂਪਾਨੀ ਦੀ ਵਜ਼ਾਰਤ ਵਿੱਚ ਭਾਵਨਗਰ ਪੂਰਬੀ ਤੋਂ ਵਿਧਾਇਕ ਵਿਭਾਵਾਰੀਬੇਨ ਦਵੇ ਇਕੋ ਇਕ ਮਹਿਲਾ ਹੈ। ਸਮਾਗਮ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਭਾਜਪਾ ਪ੍ਰਧਾਨ ਅਮਿਤ ਸ਼ਾਹ ਤੇ ਭਾਜਪਾ ਸ਼ਾਸਿਤ ਰਾਜਾਂ ਦੇ ਮੁੱਖ ਮੰਤਰੀ ਮੌਜੂਦ ਸਨ। ਕਾਂਗਰਸ ਪਾਰਟੀ ਨੇ ਹਲਫ਼ਦਾਰੀ ਸਮਾਗਮ ਲਈ ਸੱਦਾ ਪੱਤਰ ਦੇਣ ਲੱਗਿਆਂ ਕੀਤੇ ਵਿਤਕਰੇ ਦੇ ਰੋਸ ਵਜੋਂ ਸਮਾਗਮ ਦਾ ਬਾਈਕਾਟ ਕੀਤਾ। ਰਾਜ ਦੇ ਸਕੱਤਰੇਤ ਨੇੜੇ ਹੋਏ ਹਲਫ਼ਦਾਰੀ ਸਮਾਗਮ ਤੋਂ ਪਹਿਲਾਂ ਸੰਤਰੀ ਜੈਕਟ ਪਾ ਕੇ ਮੰਚ 'ਤੇ ਆਏ ਰੂਪਾਨੀ ਤੇ ਪਟੇਲ ਨੇ ਕੌਮੀ

**ਬਾਕੀ ਸਫ਼ਾ 34 'ਤੇ**

# ਰੂਸ ਤੇ ਚੀਨ ਸਮੇਤ ਛੇ ਦੇਸ਼ਾਂ ਵਲੋਂ ਕਸ਼ਮੀਰ ਮਸਲੇ ਦੇ ਸ਼ਾਂਤੀਪੂਰਨ ਹੱਲ ਦੀ ਵਕਾਲਤ

**ਇਸਲਾਮਾਬਾਦ/ਬਿਊਰੋ ਨਿਊਜ਼,** ਰੂਸ ਤੇ ਚੀਨ ਸਮੇਤ ਛੇ ਮੁਲਕਾਂ ਦੇ ਦਸਤਖ਼ਤਾਂ ਵਾਲੇ ਸਾਂਝੇ ਐਲਾਨਨਾਮੇ ਮੁਤਾਬਕ ਆਲਮੀ ਅਤੇ ਖੇਤਰੀ ਸ਼ਾਂਤੀ ਤੇ ਸਥਿਰਤਾ ਯਕੀਨੀ ਬਣਾਉਣ ਲਈ ਕਸ਼ਮੀਰ ਮਸਲੇ ਦਾ ਯੂਐਨ ਸਲਾਮਤੀ ਕੌਂਸਲ ਦੇ ਮਤਿਆਂ ਅਨੁਸਾਰ ਸ਼ਾਂਤੀਪੂਰਨ ਹੱਲ ਕੱਢਣ ਦੀ ਲੋੜ ਹੈ। ਡਾਅਨ ਨਿਊਜ਼' ਦੀ ਰਿਪੋਰਟ ਮੁਤਾਬਕ ਅਫ਼ਗਾਨਿਸਤਾਨ, ਚੀਨ, ਇਰਾਨ, ਰੂਸ, ਤੁਰਕੀ ਅਤੇ ਮੇਜ਼ਬਾਨ ਪਾਕਿਸਤਾਨ ਦੀਆਂ ਪਾਰਲੀਮੈਂਟਜ਼ ਦੇ ਸਪੀਕਰਾਂ ਨੇ ਇਸਲਾਮਾਬਾਦ 'ਚ ਦੋ-ਰੋਜ਼ਾ ਮੀਟਿੰਗ ਕੀਤੀ, ਜੋ ਸਾਂਝੇ ਐਲਾਨਨਾਮਾ ਜਾਰੀ ਕਰਨ ਨਾਲ ਕੱਲ੍ਹ ਸਮਾਪਤ ਹੋ ਗਈ।

ਇਸ ਐਲਾਨਨਾਮੇ ਮੁਤਾਬਕ, 'ਅਸੀਂ ਸਹਿਮਤ ਹਾਂ ਕਿ ਆਲਮੀ ਤੇ ਖੇਤਰੀ ਸ਼ਾਂਤੀ ਤੇ ਸਥਿਰਤਾ ਯਕੀਨੀ ਬਣਾਉਣ ਲਈ ਭਾਰਤ ਤੇ ਪਾਕਿਸਤਾਨ ਨੂੰ ਯੂਐਨ ਸਲਾਮਤੀ ਕੌਂਸਲ ਦੇ ਮਤਿਆਂ ਮੁਤਾਬਕ ਜੰਮੂ ਕਸ਼ਮੀਰ ਮਸਲੇ ਦਾ ਹੱਲ ਕੱਢਣ ਦੀ ਲੋੜ ਹੈ। ਇਸ ਰਿਪੋਰਟ ਵਿੱਚ ਸੂਤਰਾਂ ਦੇ ਹਵਾਲੇ ਨਾਲ ਦਿੱਤੀ ਜਾਣਕਾਰੀ ਅਨੁਸਾਰ ਰੂਸੀ ਵਫ਼ਦ ਨੇ ਕਸ਼ਮੀਰ ਮਸਲੇ ਨੂੰ ਸ਼ਾਮਲ ਕਰਨ 'ਤੇ ਇਤਰਾਜ਼ ਕੀਤਾ। ਇਸ ਬਾਅਦ ਇਰਾਨ ਤੇ ਅਫ਼ਗਾਨਿਸਤਾਨ ਨੇ ਵੀ ਕਿੰਤੂ ਕੀਤਾ। ਸੂਤਰਾਂ ਨੇ ਦਾਅਵਾ ਕੀਤਾ ਕਿ ਇਰਾਨ ਨੇ ਕਸ਼ਮੀਰ-ਖਾਸ ਹਿੱਸੇ ਦੀ ਭਾਸ਼ਾ 'ਤੇ ਇਤਰਾਜ਼ ਕੀਤਾ।

ਇਸ ਰਿਪੋਰਟ ਮੁਤਾਬਕ ਪਾਕਿਸਤਾਨ ਨੇ ਕਿਹਾ ਕਿ ਜਦੋਂ ਰੂਸ, ਇਰਾਨ ਤੇ ਤੁਰਕੀ ਵੱਲੋਂ ਆਪਣੇ ਰਾਜਸੀ ਹਿੱਤਾਂ ਵਾਲੇ ਮੁੱਦੇ ਜਿਵੇਂ ਇਰਾਕ ਤੇ ਸੀਰੀਆ ਸੰਕਟ, ਮੱਧ ਪੂਰਬ ਦੀਆਂ ਸਮੱਸਿਆਵਾਂ ਅਤੇ ਤੁਰਕੀ ਦੇ ਨਾਕਾਮ ਰਾਜ-ਪਲਟੇ ਆਦਿ ਨੂੰ ਸ਼ਾਮਲ ਕੀਤਾ ਗਿਆ ਸੀ ਤਾਂ ਪਾਕਿਸਤਾਨ ਲਈ ਕਸ਼ਮੀਰ ਮੁੱਦੇ ਨੂੰ ਬਾਹਰ ਰੱਖਣਾ ਅਸੰਭਵ ਸੀ। ਇਸ ਰਿਪੋਰਟ 'ਚ ਸੂਤਰਾਂ ਦੇ ਹਵਾਲੇ ਨਾਲ ਦੱਸਿਆ ਗਿਆ ਹੈ ਕਿ ਅਫ਼ਗਾਨਿਸਤਾਨ ਦੇ ਨੁਮਾਇੰਦਿਆਂ ਨੂੰ ਮਨਾਉਣਾ ਸਭ ਤੋਂ ਔਖਾ ਸੀ। ਨੈਸ਼ਨਲ ਅਸੈਂਬਲੀ ਮੀਡੀਆ ਡਾਇਰੈਕਟਰ ਮੁਹੰਮਦ ਮੋਹਸਿਨ ਇਕਬਾਲ ਨੇ ਦੱਸਿਆ ਕਿ ਵਫ਼ਦਾਂ ਦੇ ਵਿਚਾਰਾਂ ਵਿੱਚ ਵਖਰੇਵਾਂ ਸੀ, ਜਿਸ ਨੂੰ ਸੁਲਝਾ ਲਿਆ ਹੈ।

ਇਸਲਾਮਾਬਾਦ: ਚੀਨ, ਪਾਕਿਸਤਾਨ ਤੇ ਅਫ਼ਗਾਨਿਸਤਾਨ ਨੇ ਕਿਸੇ ਵੀ ਮੁਲਕ, ਜਥੇਬੰਦੀ ਜਾਂ ਵਿਅਕਤੀ ਨੂੰ ਆਪਣੀ ਸਰਜ਼ਮੀਂ ਨੂੰ ਕਿਸੇ ਵੀ ਮੁਲਕ ਖ਼ਿਲਾਫ਼ ਅਤਿਵਾਦੀ ਗਤੀਵਿਧੀਆਂ ਲਈ ਨਾ ਵਰਤਣ ਦੇਣ ਬਾਰੇ ਸਹਿਮਤੀ ਪ੍ਰਗਟਾਈ ਹੈ। ਪੇਈਚਿੰਗ 'ਚ ਇਨ੍ਹਾਂ ਮੁਲਕਾਂ ਦੇ ਵਿਦੇਸ਼ ਮੰਤਰੀਆਂ ਨੇ ਅੱਜ ਬੈਠਕ 'ਚ ਵਿਕਾਸ, ਸੁਰੱਖਿਆ ਤੇ ਅਤਿਵਾਦ-ਵਿਰੋਧੀ ਯਤਨਾਂ ਬਾਰੇ ਚਰਚਾ ਕੀਤੀ। ਮੀਟਿੰਗ ਬਾਅਦ ਜਾਰੀ ਕੀਤੇ ਸਾਂਝੇ ਬਿਆਨ ਮੁਤਾਬਕ ਤਿੰਨੇ ਮੁਲਕਾਂ ਨੇ ਅਤਿਵਾਦ ਖ਼ਿਲਾਫ਼ ਜੰਗ ਲਈ ਦ੍ਰਿੜ੍ਹਤਾ ਦੁਹਰਾਈ ਹੈ। ਜੂਨ ਵਿੱਚ ਤਿੰਨ ਧਿਰੀ ਗੱਲਬਾਤ ਲਈ ਢਾਂਚਾ ਕਾਇਮ ਕਰਨ ਬਾਰੇ ਸਹਿਮਤੀ ਬਾਅਦ ਇਨ੍ਹਾਂ ਤਿੰਨ ਮੁਲਕਾਂ ਦੀ ਇਹ ਪਹਿਲੀ ਮੀਟਿੰਗ ਸੀ। ਚੀਨ ਦੇ ਵਿਦੇਸ਼ ਮੰਤਰੀ ਵਾਂਗ ਯੀ ਨੇ ਅਫ਼ਗਾਨਿਸਤਾਨ ਅਤੇ ਪਾਕਿਸਤਾਨ ਦੇ ਆਪਣੇ ਹਮ-ਰੁਤਬਾ ਕ੍ਰਮਵਾਰ ਸਲਾਹੂਦੀਨ ਰੱਬਾਨੀ ਅਤੇ ਖ਼ਵਾਜਾ ਮੁਹੰਮਦ ਆਸਿਫ ਨਾਲ ਚਰਚਾ ਕੀਤੀ।

## ਤੇਰਾ ਤੇਰਾ ਸੰਸਥਾ ਵਲੋ ਸਲਾਨਾ ਫੰਡਰੇਜਿੰਗ ਡਿਨਰ 30 ਦਸੰਬਰ ਨੂੰ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:**

ਸਮਾਜਿਕ ਸੇਵਾ ਨੂੰ ਸਮਰਜਿਤ ਤੇਰਾ ਤੇਰਾ ਆਰਗਨਾਈਜੇਸ਼ਨ ਵਲੋਂ ਸਲਾਨਾ ਫੰਡਰੇਜਿੰਗ ਡਿਨਰ 30 ਦਸੰਬਰ ਨੂੰ ਤੰਦੂਰੀ ਗਰਿਲ, ਫਲੋਰਨ ਮਾਲ ਡਰਾਈਵ ਸੈਕਰਾਮੈਂਟੋ ਵਿਖੇ ਕਰਵਾਇਆ ਜਾ ਰਿਹਾ। ਫੰਡਰੇਜਿੰਗ ਦਾ ਮਕਸਦ ਪ੍ਰਭ ਆਸਰਾ ਜੋ ਕਿ ਬੇਸਹਾਰਾ ਅਤੇ ਲਾਵਾਰਸ ਲੋਕਾਂ ਦੀ ਦੇਖ ਰੇਖ ਕਰਦੇ ਹਨ ਅਤੇ ਸ਼੍ਰੀ ਗੁਰੂ ਨਾਨਕ ਦੇਵ ਸੇਵਾ ਸਲ਼ਮ ਸੁਸਾਇਟੀ ਜੋ ਕਿ ਗਰੀਬ ਬੱਚਿਆਂ ਨੂੰ ਮੁਫ਼ਤ ਪੜ੍ਹਾਈ ਕਰਵਾਉਦੇ ਹਨ, ਵਾਸਤੇ ਫੰਡ ਇਕੱਠਾ ਕਰਨਾ ਹੈ। ਪ੍ਰਬੰਧਕਾਂ ਵਲੋਂ ਸਾਰਿਆਂ ਨੂੰ ਸਾਡੀ ਵੱਧ ਚੜ ਕੇ ਸਹਾਇਤਾ ਕਰਨ ਦੀ ਅਪੀਲ ਕੀਤੀ ਗਈ। ਇਸ ਮੌਕੇ ਵੱਖ ਵੱਖ ਸਮਾਜਿਕ ਆਗੂ ਆਪਣੇ ਆਪਣੇ ਵਿਚਾਰ ਵੀ ਰੱਖਣਗੇ।

# ਦਰਬਾਰ ਸਾਹਿਬ ਦੀ ਪਰਿਕਰਮਾ ਵਿੱਚ ਉਤਰਨ ਲਈ ਲਿਫਟ ਲਾਈ

**ਅੰਮ੍ਰਿਤਸਰ/ਬਿਊਰੋ ਨਿਊਜ਼:**

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਦਰਸ਼ਨਾਂ ਲਈ ਆਉਣ ਵਾਲੇ ਬਜ਼ੁਰਗ ਸੰਗਤਾਂ ਦੀ ਸਹੂਲਤ ਲਈ ਅਕਾਲ ਤਖ਼ਤ ਦੇ ਸਕੱਤਰੇਤ ਵਾਲੇ ਪਾਸੇ ਪੌੜੀਆਂ ਨਾਲ ਪਹਿਲੀ ਆਊਟਡੋਰ ਸਟੇਅਰ ਲਿਫਟ (ਪੌੜੀਆਂ ਵਾਲੀ ਲਿਫਟ) ਲਾਈ ਗਈ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਧੀਕ ਸਕੱਤਰ ਨੇ ਦੱਸਿਆ ਕਿ ਦਰਬਾਰ ਸਾਹਿਬ ਵਿੱਚ ਦੇਸ਼-ਵਿਦੇਸ਼ ਤੋਂ ਵੱਡੀ ਗਿਣਤੀ ਵਿੱਚ ਸੰਗਤਾਂ ਆਉਂਦੀਆਂ ਹਨ, ਜਿਨ੍ਹਾਂ ਵਿੱਚ ਬਜ਼ੁਰਗ ਅਤੇ ਅਪਾਹਜ ਵੀ ਸ਼ਾਮਲ ਹੁੰਦੇ ਹਨ। ਪ੍ਰਬੰਧਕਾਂ ਵੱਲੋਂ ਅਪਾਹਜ ਤੇ ਬਜ਼ੁਰਗ ਸੰਗਤਾਂ ਵਾਸਤੇ ਵੀਲ੍ਹ ਚੇਅਰ



ਨਵੀਂ ਲਾਈ ਪੌੜੀਆਂ ਵਾਲੀ ਲਿਫਟ (ਆਊਟਡੋਰ ਸਟੇਅਰ ਲਿਫਟ)।

ਦਾ ਪ੍ਰਬੰਧ ਕੀਤਾ ਹੋਇਆ ਹੈ, ਜਿਸ ਰਾਹੀਂ ਉਹ ਪਰਿਕਰਮਾ ਕਰਕੇ ਗੁਰੂ ਘਰ ਵਿੱਚ ਨਤਮਸਤਕ ਹੁੰਦੇ ਹਨ ਪਰ ਪਰਿਕਰਮਾ ਵਿੱਚ ਹੇਠਾਂ ਉਤਰਨ ਵਾਸਤੇ ਅਜਿਹੇ ਸ਼ਰਧਾਲੂਆਂ ਨੂੰ ਮੁਸ਼ਕਲ ਪੇਸ਼ ਆਉਂਦੀ ਹੈ।

ਇਸ ਦੇ ਹੱਲ ਲਈ ਅਕਾਲ ਤਖ਼ਤ ਦੇ ਸਕੱਤਰੇਤ ਵਾਲੇ ਪਾਸੇ ਪੌੜੀਆਂ ਵਾਲੀ ਲਿਫਟ ਲਾਈ ਗਈ ਹੈ, ਜੋ ਸੀਟ ਨਾਲ ਲੱਗੇ ਸਵਿੱਚ ਤੋਂ ਇਲਾਵਾ ਰਿਮੋਟ ਨਾਲ ਵੀ ਚੱਲੇਗੀ ਤੇ ਵੀਲ੍ਹ ਚੇਅਰ 'ਤੇ ਆਉਣ ਵਾਲੇ ਸ਼ਰਧਾਲੂ ਇਸ 'ਤੇ ਆਰਾਮ ਨਾਲ ਬੈਠ ਕੇ ਹੇਠਾਂ ਪਰਿਕਰਮਾ ਵਿੱਚ ਪੁੱਜ ਸਕਣਗੇ। ਇਸ ਸਟੇਅਰ ਲਿਫ਼ਟ ਦੀ ਸੇਵਾ ਸੰਤ ਬਾਬਾ ਕਸ਼ਮੀਰ ਸਿੰਘ ਤੇ ਬਾਬਾ ਸੁਖਵਿੰਦਰ ਸਿੰਘ ਕਾਰ ਸੇਵਾ ਸੰਪਰਦਾ ਭੂਰੀ ਵਾਲਿਆਂ ਵੱਲੋਂ ਕਰਵਾਈ ਗਈ ਹੈ। 127 ਕਿਲੋਗ੍ਰਾਮ ਤੱਕ ਭਾਰ ਚੁੱਕਣ ਦੀ ਸਮਰੱਥਾ ਵਾਲੀ ਇਸ ਲਿਫਟ ਦੀ ਕੀਮਤ ਅੰਦਾਜ਼ਨ ਇੱਕ ਲੱਖ ਰੁਪਏ ਹੈ।

# ਰੱਤੋਕੇ ਵਿੱਚ ਸਮਾਜ ਸੇਵਾ ਬਾਅਦ ਵਿਦਾਇਗੀ ਮੌਕੇ ਸਿੰਗਾਪੁਰ ਤੋਂ ਆਏ ਵਿਦਿਆਰਥੀਆਂ ਅਤੇ ਪਿੰਡ ਵਾਸੀਆਂ ਦੇ ਮਨ ਤੇ ਅੱਖਾਂ ਭਰ ਆਈਆਂ

**ਸੰਗਰੂਰ/ਬਿਊਰੋ ਨਿਊਜ਼:**

ਯੰਗ ਸਿੱਖ ਐਸੋਸੀਏਸ਼ਨ ਸਿੰਗਾਪੁਰ ਦੀ ਅਗਵਾਈ ਹੇਠ 20 ਵਿਦਿਆਰਥੀਆਂ ਦੀ ਟੀਮ 17 ਦਿਨ ਬਿਤਾਉਣ ਮਗਰੋਂ ਮੰਗਲਵਾਰ ਨੂੰ ਪਿੰਡ ਰੱਤੋਕੇ ਤੋਂ ਰਵਾਨਾ ਹੋ ਗਈ । ਪਿੰਡ 'ਚੋਂ ਰਵਾਨਾ ਹੋਣ ਸਮੇਂ ਜਿਥੇ ਸਿੰਗਾਪੁਰ ਦੇ ਵਿਦਿਆਰਥੀ ਭਾਵੁਕ ਹੋ ਗਏ ਉਥੇ ਪਿੰਡ ਦੇ ਮੋਹਤਬਰ ਵਿਅਕਤੀ ਅਤੇ ਔਰਤਾਂ ਦੀਆਂ ਅੱਖਾਂ ਵੀ ਨਮ ਹੋ ਗਈਆਂ। ਐਸੋਸੀਏਸ਼ਨ ਦੇ ਮੁਖੀ ਸਤਵੰਤ ਸਿੰਘ ਪਿੰਡ ਦੀ ਪੰਚਾਇਤ ਅਤੇ ਲੋਕਾਂ ਤੋਂ ਮਿਲੇ ਪਿਆਰ ਬਦਲੇ ਧੰਨਵਾਦ ਕਰਦਿਆਂ ਆਪਣੇ ਹੰਝੂ ਨਾ ਰੋਕ ਸਕੇ। ਸਿੰਗਾਪੁਰ ਦੇ ਨੌਜਵਾਨ ਮੁੰਡੇ-ਕੁੜੀਆਂ ਨੇ ਕਿਹਾ ਕਿ ਉਹ ਜਦੋਂ ਵੀ ਪੰਜਾਬ ਆਉਣਗੇ ਤਾਂ ਲੋਕਾਂ ਦਾ ਪਿਆਰ ਉਨ੍ਹਾਂ ਨੂੰ ਮੁੜ ਰੱਤੋਕੇ ਆਉਣ ਲਈ ਮਜਬੂਰ ਕਰੇਗਾ।

ਯੰਗ ਸਿੱਖ ਐਸੋਸੀਏਸ਼ਨ ਦੇ ਪ੍ਰਮੁੱਖ ਐਡਵੋਕੇਟ ਸਤਵੰਤ ਸਿੰਘ ਨੇ ਕਿਹਾ ਕਿ ਭਾਵੇਂ ਉਹ ਸਾਲ 2003 ਤੋਂ ਪੰਜਾਬ ਵਿੱਚ ਸਮਾਜ ਸੇਵੀ ਕਾਰਜ ਕਰ ਰਹੇ ਹਨ ਪਰ ਜਿਨ੍ਹਾਂ ਸਹਿਯੋਗ ਅਤੇ ਪਿਆਰ ਪਿੰਡ ਦੀ ਪੰਚਾਇਤ, ਸਕੂਲ ਸਟਾਫ਼ ਅਤੇ ਪਿੰਡ ਵਾਸੀਆਂ ਤੋਂ ਮਿਲਿਆ ਹੈ ਉਹ ਪਹਿਲਾਂ ਕਿਤੋਂ ਨਹੀਂ ਮਿਲਿਆ। ਪੰਜਾਬ ਦੇ ਪੇਂਡੂ ਮਾਹੌਲ ਵਿੱਚ ਸਿੰਗਾਪੁਰ ਦੇ ਵਿਦਿਆਰਥੀ ਏਨਾ ਘੁਲ-ਮਿਲ ਗਏ ਸਨ ਕਿ ਉਨ੍ਹਾਂ ਨੂੰ 17 ਦਿਨਾਂ ਵਿੱਚ ਇਹ ਮਹਿਸੂਸ ਨਹੀਂ ਹੋਇਆ ਕਿ ਉਹ ਕਿਸੇ ਬੇਗਾਨੀ ਥਾਂ ਰਹਿ ਰਹੇ ਹਨ। ਸਮੁੱਚੀ ਟੀਮ ਨੇ ਪਿੰਡ ਰੱਤੋਕੇ ਨੂੰ ਆਪਣਾ ਹੀ ਪਿੰਡ ਸਮਝਿਆ। ਪਿੰਡ ਦੇ ਲੋਕਾਂ ਨੇ ਵੀ ਮਹਿਮਾਨਨਿਵਾਜ਼ੀ ਵਿੱਚ ਕੋਈ ਕਸਰ ਨਹੀਂ ਛੱਡੀ। ਉਨ੍ਹਾਂ ਕਿਹਾ ਕਿ ਇਹ ਪਹਿਲਾ ਸਕੂਲ ਵੇਖਿਆ ਹੈ, ਜਿਥੇ ਬੱਚੇ ਰਾਤ ਨੂੰ ਅੱਠ ਵਜੇ ਤੱਕ ਪੜ੍ਹਦੇ ਹੋਣ। ਇਸ ਦਾ ਕਾਰਨ ਅਧਿਆਪਕ ਸੁਰਿੰਦਰ ਸਿੰਘ ਤੇ ਉਨ੍ਹਾਂ ਦੀ ਪਤਨੀ ਰੇਨੂੰ ਸਿੰਗਲਾ ਦੀ ਸਮਰਪਣ ਭਾਵਨਾ ਹੈ।

ਪਿੰਡ ਦੇ ਸਰਪੰਚ ਗੁਰਚਰਨ ਸਿੰਘ ਅਤੇ ਸਕੂਲ ਦੇ ਮੁੱਖ ਅਧਿਆਪਕ ਸੁਰਿੰਦਰ ਸਿੰਘ ਨੇ ਕਿਹਾ ਕਿ ਸਿੰਗਾਪੁਰ ਦੀ ਟੀਮ ਦੇ ਜਾਣ ਨਾਲ ਪਿੰਡ ਸੁੰਨਾ-ਸੁੰਨਾ ਜਿਹਾ ਜਾਪ ਰਿਹਾ ਹੈ। ਸਿੰਗਾਪੁਰ ਦੀ ਟੀਮ ਦੇ ਅਹਿਸਾਨ ਨੂੰ ਪਿੰਡ ਵਾਸੀ ਹਮੇਸ਼ਾ ਯਾਦ ਰੱਖਣਗੇ।

ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਸਾਹਿਬ ਸਿੰਘ, ਜਿਨ੍ਹਾਂ ਵੱਲੋਂ ਮਹਿਮਾਨਾਂ ਦੀ ਰਿਹਾਇਸ਼ ਲਈ ਆਪਣਾ ਘਰ ਖਾਲੀ ਕੀਤਾ ਗਿਆ ਸੀ, ਦਾ ਕਹਿਣਾ ਹੈ ਕਿ 17 ਦਿਨ ਉਸਦੇ ਘਰ ਖ਼ੂਬ ਰੌਣਕਾਂ ਲੱਗੀਆਂ ਸਨ। ਭਾਵੇਂ ਇਹ ਵਿਦਿਆਰਥੀ ਭਾਵੇਂ ਘਰ ਖਾਲੀ ਕਰਕੇ ਚਲੇ ਗਏ ਹਨ ਪਰ ਹਮੇਸ਼ਾ ਲਈ ਉਨ੍ਹਾਂ ਦੇ ਦਿਲਾਂ ਵਿਚ ਵੱਸ ਗਏ ਹਨ।

ਪਹਿਲਾਂ ਸਕੂਲ ਵਿੱਚ ਮਹਿਮਾਨ ਟੀਮ ਦੇ ਸਨਮਾਨ ਲਈ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਏਡੀਸੀ ਉਪਕਾਰ ਸਿੰਘ ਅਤੇ ਡੀਈਓ ਹਰਕੰਵਲਜੀਤ ਕੌਰ ਨੇ ਸਮੁੱਚੀ ਟੀਮ ਨੂੰ ਪਿੰਡ ਵੱਲੋਂ ਯਾਦਗਾਰੀ ਚਿੰਨ੍ਹਾਂ ਦੇ ਕੇ ਸਨਮਾਨਿਤ ਕੀਤਾ ਗਿਆ। ਸਕੂਲੀ ਬੱਚਿਆਂ ਨੇ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ। ਪ੍ਰੋਗਰਾਮ ਦੌਰਾਨ ਸਿੰਗਾਪੁਰ ਦੇ ਵਿਦਿਆਰਥੀਆਂ ਨੇ ਲਾਲ ਰੰਗ ਦੀਆਂ ਦਸਤਾਰਾਂ ਸਜਾਈਆਂ ਹੋਈਆਂ ਸਨ।



ਪਿੰਡ ਰੱਤੋਕੇ ਵਿੱਚ ਸਿੰਗਾਪੁਰ ਦੇ ਵਿਦਿਆਰਥੀਆਂ ਦੀ ਟੀਮ ਏਡੀਸੀ ਉਪਕਾਰ ਸਿੰਘ, ਪੰਚਾਇਤ ਅਤੇ ਸਕੂਲ ਸਟਾਫ।

## ਸਰਕਾਰ ਰੱਤੋਕੇ ਸਕੂਲ ਵੱਲ ਵੀ ਝਾਕੇ : ਭਗਵੰਤ ਮਾਨ

**ਸੰਗਰੂਰ/ਬਿਊਰੋ ਨਿਊਜ਼:** ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਪੰਜਾਬ ਸਰਕਾਰ 'ਤੇ ਸਿੱਖਿਆ ਪ੍ਰਤੀ ਗੰਭੀਰ ਨਾ ਹੋਣ ਦੇ ਦੋਸ਼ ਲਾਉਂਦਿਆਂ ਕਿਹਾ ਕਿ ਆਪਣੀ ਕਾਬਲੀਅਤ ਕਾਰਨ ਵੱਖਰੀ ਪਛਾਣ ਬਣਾਉਣ ਵਾਲੇ ਪਿੰਡ ਰੱਤੋਕੇ ਦਾ ਸਰਕਾਰੀ ਪ੍ਰਾਇਮਰੀ ਸਕੂਲ ਸਰਕਾਰ ਨੂੰ ਨਜ਼ਰ ਨਹੀਂ ਆ ਰਿਹਾ। ਪਿੰਡ ਰੱਤੋਕੇ ਪੁੱਜੇ ਸ੍ਰੀ ਮਾਨ ਨੇ ਕਿਹਾ ਕਿ ਸਿੰਗਾਪੁਰ ਦੇ ਵਿਦਿਆਰਥੀਆਂ ਦੀ ਟੀਮ ਪਿਛਲੇ 15 ਦਿਨਾਂ ਤੋਂ ਲੱਖਾਂ ਰੁਪਏ ਖਰਚ ਕਰਕੇ ਸਕੂਲ ਦੀ ਨੁਹਾਰ ਬਦਲਣ ਵਿੱਚ ਜੁਟੀ ਹੋਈ ਹੈ ਪ੍ਰੰਤੂ ਇਨ੍ਹਾਂ ਮਹਿਮਾਨ ਵਿਦਿਆਰਥੀਆਂ ਦੀ ਹੌਸਲਾ ਅਫ਼ਜ਼ਾਈ ਕਰਨ ਲਈ ਪੰਜਾਬ ਸਰਕਾਰ ਦਾ ਕੋਈ ਵੀ ਨੁਮਾਇੰਦਾ ਅਜੇ ਤੱਕ ਨਹੀਂ ਪੁੱਜਿਆ। ਉਨ੍ਹਾਂ ਦੱਸਿਆ ਕਿ ਉਹ 3.87 ਲੱਖ ਰੁਪਏ ਦੀ ਗ੍ਰਾਂਟ ਦੇ ਕੇ ਸਕੂਲ 'ਚ ਵਰਾਂਡਾ ਆਦਿ ਬਣਵਾ ਚੁੱਕੇ ਹਨ ਅਤੇ ਕੱਚੇ ਕੰਪਲੈਕਸ ਵਿੱਚ ਫਰਸ਼ ਲਗਾਉਣ ਲਈ ਪੰਜ ਲੱਖ ਰੁਪਏ ਹੋਰ ਦੇ ਦਿੱਤੇ ਹਨ।

# ਪੰਜਾਬੀ ਸਾਹਿਤ ਦਾ ਸਦਾ ਜਵਾਨ ਬਾਬਾ

**ਲੋਕਨਾਥ (ਪ੍ਰੋ.)**

ਜਸਵੰਤ ਸਿੰਘ ਕੰਵਲ ਦੇ ਨਾਵਲ ਪੜ੍ਹ ਕੇ ਬਹੁਤ ਮੁੰਡੇ ਕਾਮਰੇਡ ਬਣੇ ਤੇ ਅਗਲੇ ਪੜਾਅ 'ਤੇ ਇਹੋ ਕਾਮਰੇਡ ਨਕਸਲੀ ਬਣ ਗਏ। ਅਠਾਰਾਂ-ਵੀਹ ਸਾਲ ਦੀ ਉਮਰ ਦੇ। 'ਲਹੂ ਦੀ ਲੋਅ' ਦੇ ਪਾਤਰ ਜਿਊਂਦੇ-ਜਾਗਦੇ ਇਨਸਾਨ ਸਨ। ਨਕਸਲਬਾੜੀ ਲਹਿਰ ਮੁੰਡਿਆਂ ਨੂੰ ਖਿੱਚ ਪਾਉਂਦੀ ਸੀ- ਬੁੱਧੀਜੀਵੀਆਂ ਤੇ ਲੇਖਕਾਂ ਦਾ ਵਰਗ ਇਸ ਨਾਲ ਜੁੜਿਆ ਹੋਣ ਕਰਕੇ।

ਇਹ ਗੱਲਾਂ ਬਹੁਤ ਸਾਲ ਪਹਿਲਾਂ ਇੱਕ ਅਖ਼ਬਾਰੀ ਇੰਟਰਵਿਊ ਦੌਰਾਨ ਮੈਂ ਕਹੀਆਂ ਸਨ। ਸੱਚਮੁੱਚ ਸਾਡੀ ਪੀੜ੍ਹੀ ਜਸਵੰਤ ਸਿੰਘ ਕੰਵਲ ਦੇ ਨਾਵਲਾਂ ਤੋਂ ਬਹੁਤ ਪ੍ਰਭਾਵਿਤ ਸੀ। ਭਾਈ ਵੀਰ ਸਿੰਘ ਦੇ ਪਾਠਕ ਮੁੱਖ ਤੌਰ 'ਤੇ ਸਿੱਖ ਸ਼ਰਧਾਲੂ ਸਨ। ਗੁਰਬਖਸ਼ ਸਿੰਘ ਪ੍ਰੀਤਲੜੀ ਨੂੰ ਮਿਡਲ ਕਲਾਸ ਦਾ ਪੜ੍ਹਿਆ-ਲਿਖਿਆ ਵਰਗ ਪੜ੍ਹਦਾ ਸੀ। ਨਾਨਕ ਸਿੰਘ ਦੇ ਨਾਵਲ ਮੱਧ ਵਰਗ ਦੇ ਸ਼ਹਿਰੀ ਔਰਤਾਂ-ਮਰਦਾਂ ਨੂੰ ਭਾਉਂਦੇ ਸਨ। ਕੰਵਲ ਦੇ ਪਾਠਕ ਬਾਗ਼ੀਆਨਾ ਕਣੀ ਵਾਲੇ ਸਨ।

ਪੰਜਾਬ ਦੇ ਪ੍ਰਸਿੱਧ ਪਿੰਡ ਢੁੱਡੀਕੇ ਵਿਖੇ ਖੇਤੀ ਕਰਨ ਵਾਲੇ ਪਰਿਵਾਰ ਵਿੱਚ ਕੰਵਲ ਨੇ ਜਨਮ ਲਿਆ। ਡਿਗਰੀਆਂ ਵਾਲੀ ਬਹੁਤੀ ਪੜ੍ਹਾਈ ਨਹੀਂ ਕੀਤੀ, ਪਰ ਮਨੁੱਖੀ ਜੀਵਨ, ਸਮਾਜ ਤੇ ਆਲੇ-ਦੁਆਲੇ ਨੂੰ ਬਹੁਤ ਬਾਰੀਕੀ ਨਾਲ ਵੇਖਿਆ, ਪੜ੍ਹਿਆ ਤੇ ਘੋਖਿਆ। ਇਹੋ ਕਾਰਨ ਹੈ ਕਿ ਉਹਦੇ ਨਾਵਲਾਂ ਵਿੱਚ ਸਮਾਜਿਕ



ਜੀਵਨ ਅਗਵਾਨੀ ਕਰਦਾ ਹੋਇਆ ਪੇਸ਼ ਹੋਇਆ ਹੈ। ਨਾਵਲ ਵਿੱਚ ਪੇਸ਼ ਜੀਵਨ ਲੀਲ੍ਹਾ ਗਤੀਹੀਣ ਨਹੀਂ (ਜਿਵੇਂ ਬਹੁਤੇ ਰੁਮਾਂਟਿਕ ਤੇ ਪੜ੍ਹੇ ਜਾਂਦੇ ਨਾਵਲਾਂ ਵਿੱਚ ਵੇਖਿਆ ਜਾ ਸਕਦਾ ਹੈ) ਸਗੋਂ ਗਤੀਸ਼ੀਲ ਹੈ। ਨਿਰੰਤਰ ਨਵੀਆਂ ਪੈੜਾਂ ਉਲੀਕਦੀ ਹੋਈ। ਦੋ ਤਿੰਨ ਸਾਲ ਪਹਿਲਾਂ ਇੱਕ ਲੰਬੀ ਮੁਲਾਕਾਤ ਵਿੱਚ ਉਨ੍ਹਾਂ ਆਪਣੇ ਬਾਰੇ ਕਿਹਾ ਸੀ, "ਮੈਂ ਵੱਖ ਵੱਖ ਅਵਸਥਾਵਾਂ ਵਿੱਚੋਂ ਗੁਜ਼ਰਦਿਆਂ ਅਜਿਹਾ ਸਿੱਖਿਅਤ ਮਨੁੱਖ ਬਣ ਗਿਆ ਜਿਹੜਾ ਮਨੁੱਖਤਾ ਦੇ ਭਲੇ ਨੂੰ ਮੁੱਖ ਰੱਖ ਕੇ ਅਗਲੇ ਤੋਂ ਅਗਲੇ ਮੋਰਚੇ ਮੱਲਦਾ ਰਿਹਾ।"

ਕੰਵਲ ਹੁਰਾਂ ਦੀ ਸ਼ੁਰੂਆਤ ਤਾਂ ਕਵਿਤਾ ਤੋਂ ਹੋਈ। ਕਵਿਤਾ ਦੇ ਨਾਲ ਨਾਲ ਉਹ ਗੁਰਦੁਆਰਿਆਂ ਨਾਲ ਵੀ ਜੁੜੇ ਹੋਏ ਸਨ। ਉਹ ਆਪ ਹੀ ਦੱਸਦੇ ਹਨ ਕਿ ਛੋਟੀ ਉਮਰੇ ਹੀ ਮੈਂ ਛੈਣੇ ਵਜਾਇਆ ਕਰਦਾ ਸਾਂ। ਉਦੋਂ ਧਾਰਮਿਕ ਮਾਹੌਲ ਸਾਰੇ ਪੰਜਾਬ ਵਿੱਚ ਜਨੂਨ ਵਾਂਗ ਛਾਇਆ ਹੋਇਆ ਸੀ। ਉਨ੍ਹਾਂ ਦੀ ਇੱਕ ਨਿੱਕੀ ਜਿਹੀ ਪੁਸਤਕ 'ਜੀਵਨ ਕਣੀਆਂ' ਪ੍ਰਕਾਸ਼ਿਤ ਹੋਈ ਸੀ। ਉਦੋਂ ਉਹ ਵੇਦਾਂਤ ਤੋਂ ਪ੍ਰਭਾਵਿਤ ਹੋਏ ਸਨ। ਉਹ ਆਪ ਹੀ ਦੱਸਦੇ ਹਨ, "ਵੇਦਾਂਤ ਦੇ ਦੋ ਤਿੰਨ ਗ੍ਰੰਥ ਪੜ੍ਹ ਕੇ ਮੈਂ ਸਾਧ ਹੋ ਜਾਣਾ ਚਾਹਿਆ, ਪਰ ਮਾਰਕਸੀ ਵਿਚਾਰਧਾਰਾ ਨੇ ਹੱਥ ਖਿੱਚ ਕੇ ਬਚਾ ਲਿਆ।" ਉਨ੍ਹਾਂ ਦਾ ਪਹਿਲਾ ਨਾਵਲ 'ਸੱਚ ਨੂੰ ਫਾਂਸੀ' ਇਨ੍ਹਾਂ ਵਿਚਾਰਾਂ ਨਾਲ ਓਤ-ਪੋਤ ਹੈ।

ਆਪਣੇ ਆਰੰਭਲੇ ਜੀਵਨ ਬਾਰੇ ਕੰਵਲ ਦੱਸਦੇ ਹਨ, "ਸਾਧ ਬਣਨ ਦਾ ਵਿਚਾਰ ਛੱਡ ਕੇ ਮੈਨੂੰ ਗ੍ਰਹਿਸਤ ਦੇ ਰਿੱਛ ਨੇ ਅਜਿਹੀ ਜੱਫੀ ਪਾਈ, ਨਾ ਘਰ ਦਾ ਰਿਹਾ ਨਾ ਘਾਟ ਦਾ। ਇੱਕ ਪ੍ਰਕਾਸ਼ਕ ਨੇ ਸ਼੍ਰੋਮਣੀ ਪ੍ਰਬੰਧਕ ਕਮੇਟੀ ਵਿੱਚ ਨੌਕਰੀ ਲਗਵਾ ਦਿੱਤੀ। ਪੱਚੀ ਵਰ੍ਹੇ ਤਜ਼ਰਬਿਆਂ ਵਿੱਚ ਹੀ ਗੁਜ਼ਰ ਗਏ। ਨਾ ਰੱਬ ਮਿਲਿਆ, ਨਾ ਭਾਲਿਆਂ- ਦਿਲ ਦਾ ਜਾਨੀ ਥਿਆਇਆ।"

ਮੁਕਤੀ ਦੇਣ ਵਰਗੇ ਵਿਚਾਰ ਸਿਰ ਚੜ੍ਹੇ ਹੋਣ, ਪਰ ਬਰਾਬਰ ਦੇ ਹੁੰਗਾਰੇ ਵਾਲੇ ਸਾਥੀ ਨਾ ਮਿਲਣ ਤਾਂ ਗਿਆਨਵਾਨ ਵੀ ਕਮਲਾ ਹੋ ਜਾਂਦਾ ਹੈ। ਢੁੱਡੀਕੇ ਪਿੰਡ ਫਾਂਸੀਆਂ ਤੋੜਨ ਵਾਲੇ ਦੇਸ਼ ਭਗਤਾਂ ਦਾ ਸੀ ਜਿਹੜਾ ਵੈਲੀਆਂ ਦੀ ਕਤਲੋਗਾਰਤ ਨੇ ਹੀਣਾ ਕਰਕੇ ਰੱਖ ਦਿੱਤਾ ਸੀ। ਦੇਸ਼ ਭਗਤੀਆਂ ਖੂਹ ਖਾਤੇ ਪੈ ਰਹੀਆਂ ਸਨ। ਉਨ੍ਹਾਂ ਦੇ ਦੱਸਣ ਅਨੁਸਾਰ, "ਮੈਂ ਪਿੰਡ ਦੇ ਦਸ ਬਾਰਾਂ ਪੜ੍ਹੇ ਲਿਖੇ ਇਕੱਠੇ ਕਰ ਲਏ ਤੇ ਪੁਰਾਣੀ ਪੰਚਾਇਤ ਖੁੰਢਾਂ 'ਤੇ ਬੈਠਣ ਲਾ ਦਿੱਤੀ। ਫਿਰ ਢੁੱਡੀਕੇ ਪਿੰਡ ਵਿੱਚ ਕਾਲਜ ਖੜ੍ਹਾ ਕਰਕੇ ਪਿੰਡ ਦਾ ਮੂੰਹ ਲਿਸ਼ਕਾ ਦਿੱਤਾ। ਬਸ ਨਾਵਲ 'ਪੂਰਨਮਾਸ਼ੀ' ਤੋਂ ਬਾਅਦ 'ਰਾਤ ਬਾਕੀ ਹੈ' ਨੇ ਤਾਂ ਮੇਰੀ ਜ਼ਿੰਦਗੀ ਵਿੱਚ ਇਨਕਲਾਬ ਖੜ੍ਹਾ ਕਰ ਦਿੱਤਾ। ਕੁਦਰਤ ਨੇ ਉਹ ਸੌਗਾਤ ਬਖ਼ਸ਼ੀ, ਜਿਸ ਬਿਨਾਂ ਕਦੇ ਸਾਧ ਤੇ ਕਦੇ ਕਮਲਾ ਹੋਣ ਨੂੰ ਫਿਰਦਾ ਸੀ।"

ਕੰਵਲ ਦੇ ਨਾਵਲਾਂ ਦੀ ਗਿਣਤੀ ਕਾਫ਼ੀ ਹੈ। ਉਨ੍ਹਾਂ ਦੀ ਪਿਛਲੇ ਸਮੇਂ ਕੀਤੀ ਹਰ ਲਿਖਤ ਅਰਥ ਭਰਪੂਰ ਹੁੰਦੀ ਹੈ ਜਿਵੇਂ ਬਜ਼ੁਰਗ ਦਾ ਅਸ਼ੀਰਵਾਦ ਹੋਵੇ। ਕੁਝ ਪ੍ਰਸਿੱਧ ਨਾਵਲ ਹਨ: 'ਸੱਚ ਨੂੰ ਫਾਂਸੀ', 'ਪੂਰਨਮਾਸ਼ੀ', 'ਰਾਤ ਬਾਕੀ ਹੈ', 'ਸਿਵਲ ਲਾਈਨਜ਼', 'ਮਿੱਤਰ ਪਿਆਰੇ ਨੂੰ', 'ਬਰਫ਼ ਦੀ ਅੱਗ', 'ਲਹੂ ਦੀ ਲੋਅ', 'ਐਨਿਆਂ 'ਚੋਂ ਉੱਠੋ ਸੂਰਮਾ' ਤੇ 'ਮੂਮਲ'। ਕੰਵਲ ਨੇ ਆਪਣੇ ਨਾਵਲਾਂ ਵਿੱਚ ਜਾਂ ਤਾਂ ਯਥਾਰਥ ਦੀ ਸਿੱਧੀ ਪੇਸ਼ਕਾਰੀ ਕੀਤੀ ਹੈ ਜਾਂ ਆਪਣੇ ਸਿਧਾਂਤ ਦਾ ਪ੍ਰਚਾਰ। ਯਥਾਰਥ ਦੀ ਦਵੰਦ-ਆਧਾਰੀ ਸੂਲ ਉਨ੍ਹਾਂ ਦੇ ਨਾਵਲਾਂ ਵਿੱਚ ਬੜੀ ਅਲਪ ਮਾਤਰਾ ਵਿੱਚ ਹੈ। ਪਰ 'ਲਹੂ ਦੀ ਲੋਅ' ਵਿੱਚ ਉਨ੍ਹਾਂ ਤੋਂ ਆਸ ਕੀਤੀ ਜਾਂਦੀ ਸੀ ਕਿ ਉਹ ਦਵੰਦਾਤਮਿਕ ਦ੍ਰਿਸ਼ਟੀਕੋਣ ਅਪਣਾਉਣ। ਅਜਿਹਾ ਕਰ ਸਕਣ ਪ੍ਰਤੀ ਉਹ ਅਸਮਰੱਥ ਰਿਹਾ ਹੈ।

'ਲਹੂ ਦੀ ਲੋਅ' ਨਾਵਲ 'ਤੇ ਇੱਕ ਬਹੁਤ ਵੱਡੀ ਗੋਸ਼ਟੀ ਮਾਨਸਾ ਵਿਖੇ ਹੋਈ ਸੀ, 1976 ਵਿੱਚ। ਲੋਕ-ਪੰਜਾਬੀ ਵਾਲੇ ਤਾਂ ਸਾਰੇ ਆਏ ਹੀ ਸਨ ਸਗੋਂ ਹੋਰਨਾਂ ਸੂਬਿਆਂ ਤੇ ਭਾਸ਼ਾਵਾਂ ਨਾਲ ਸਬੰਧਿਤ ਨਕਸਲੀ ਲਹਿਰ ਨਾਲ ਜੁੜੇ ਬੁੱਧੀਜੀਵੀ ਵੀ ਆਏ ਸਨ। ਉਸ ਸਮੇਂ ਇਸ ਨਾਵਲ ਨੂੰ ਬਹੁਤਾ 'ਵਡਿਆਇਆ' ਨਹੀਂ ਸੀ ਗਿਆ, ਪਰ ਇਹ ਨਾਵਲ ਪੜ੍ਹਿਆ ਬਹੁਤ ਗਿਆ ਤੇ ਅਨੁਵਾਦ ਵੀ ਕਈ ਭਾਸ਼ਾਵਾਂ ਵਿੱਚ ਹੋਇਆ। ਗੋਸ਼ਟੀ ਵਿੱਚ ਡਾ. ਕੇਸਰ ਸਿੰਘ ਕੇਸਰ ਨੇ ਪਰਚਾ ਪੜ੍ਹਿਆ ਸੀ। ਬਹਿਸ ਅਜਿਹੀ ਹੋਈ ਕਿ 'ਬਹਿ ਜਾ ਬਹਿ ਜਾ' ਕਰਵਾ ਦਿੱਤੀ। ਕੰਵਲ ਵਰ੍ਹਿਆਂ ਪੱਖੋਂ ਸੈਂਕੜਾ ਮਾਰ ਚੁੱਕੇ ਸਨ। ਇਸ ਸਮੇਂ ਭਾਰਤ ਅਤੇ ਵਿਸ਼ੇਸ਼ ਕਰਕੇ ਬਾਬੇ ਕੰਵਲ ਦਾ ਪੰਜਾਬ ਵਿਸ਼ੇਸ਼ ਸੰਕਟ ਦੇ ਸਨਮੁਖ ਹੈ। ਉਨ੍ਹਾਂ ਦਾ ਕਹਿਣਾ ਹੈ, "ਭਾਰਤ ਵੀ ਯੁੱਧ ਦੀ ਮਾਰ ਹੇਠ ਹੈ। ਖੇਤੀਬਾੜੀ ਦਾ ਭਿਅੰਕਰ ਸੰਕਟ ਚੱਲ ਰਿਹਾ ਹੈ, ਗ਼ਰੀਬੀ ਅਤੇ ਭੁੱਖਮਰੀ ਦਾ ਦੌਰ ਹੈ। ਸਾਰੀ ਜਨਤਾ ਤਣਾਅ ਅਤੇ ਦਬਾਅ ਹੇਠ ਹੈ। ਇੱਕ ਪਾਸੇ ਅਨਪੜ੍ਹਤਾ ਤੇ ਬੇਰੁਜ਼ਗਾਰੀ, ਦੂਸਰੇ ਕਿਸਾਨੀ ਸੰਕਟ ਤੇ ਆਤਮ-ਹੱਤਿਆ ਵਰਗੀ ਗਿਲਾਨੀ। ਤੀਸਰੀ ਜੁਆਨੀ ਨਸ਼ਿਆਂ ਦੀ ਗ੍ਰਿਫ਼ਤ ਵਿੱਚ ਬੁਰੀ ਤਰ੍ਹਾਂ ਫਸੀ ਹੋਈ ਹੈ। ਧਰਮ ਤੇ ਸਿਆਸਤ ਦੋਵੇਂ ਅਰਥਹੀਣ ਹੋ ਰਹੇ ਹਨ। ਅਜਿਹੇ ਸਮੇਂ ਬੰਦਾ ਜਾਵੇ ਤਾਂ ਜਾਵੇ ਕਿਧਰ? ਗੁਰਦਿਆਲ ਸਿੰਘ ਫੁੱਲ ਦੇ ਨਾਟਕ ਵਾਂਗ ਚੌਕ 'ਚ ਖੜ੍ਹਾ ਬੰਦਾ ਪੁੱਛ ਰਿਹਾ ਹੈ: 'ਕਿਧਰ ਜਾਵਾਂ' ?"

ਜਸਵੰਤ ਸਿੰਘ ਕੰਵਲ ਗਿੱਲ ਜੱਟ ਪਰਿਵਾਰ 'ਚੋਂ ਹੈ। ਇਹ ਗੱਲ ਮੈਨੂੰ ਐੱਮ.ਏ. ਵਿੱਚ ਪੜ੍ਹਦਿਆਂ ਢੁੱਡੀਕੇ ਦੇ ਇੱਕ ਸਹਿਪਾਠੀ ਜੁਗਿੰਦਰ ਨਹਿਰੂ ਨੇ ਦੱਸੀ। ਦਰਅਸਲ, ਉਹ ਵੀ ਗਿੱਲਾਂ 'ਚੋਂ ਸੀ ਤੇ ਨਹਿਰੂ ਉਸ ਨੇ ਕੰਵਲ ਵਾਂਗ ਰੱਖਿਆ ਨਾਮ ਸੀ। ਕੰਵਲ ਸਾਹਿਬ ਵਾਂਗ ਉਨ੍ਹਾਂ ਦਾ ਬੇਟਾ ਸਰਬਜੀਤ ਸਿੰਘ ਵੀ ਬਹੁਤਾ ਪੜ੍ਹ ਨਹੀਂ ਸਕਿਆ ਸਗੋਂ ਸਕੂਲ ਤੋਂ ਬਾਅਦ ਖੇਤੀ ਕਰਨ ਲੱਗ ਪਿਆ। ਅੱਗਿਓਂ ਪੋਤਰੇ/ਦੋਹਤਰੇ ਬਹੁਤ ਪੜ੍ਹੇ ਲਿਖੇ ਤੇ ਵਿਦਵਾਨ ਹਨ। ਇੱਕ ਪੋਤਰਾ ਤਾਂ ਕਾਲਜ ਵਿੱਚ ਪ੍ਰੋਫ਼ੈਸਰ ਹੈ। ਦੋਹਤਾ ਡਾ. ਸੁਮੇਲ ਸਿੰਘ ਜਾਣਿਆ-ਪਛਾਣਿਆ ਨਾਮ ਹੈ। ਕਈ ਸਾਲ ਹੋਏ ਉਸ ਦਾ ਇੱਕ ਨਿੱਕਾ ਜਿਹਾ ਲੇਖ ਇੱਕ ਅਖ਼ਬਾਰ ਵਿੱਚ ਛਪਿਆ। ਉਨ੍ਹੀਂ ਦਿਨੀਂ ਮੈਨੂੰ ਭਗਵਾਨ ਜੋਸ਼ ਮਿਲਿਆ ਲੁਧਿਆਣੇ। ਸੁਮੇਲ ਸਿੰਘ ਵੀ ਜੇ.ਐੱਨ.ਯੂ. ਵਿਖੇ ਰਿਸਰਚ ਕਰ ਰਿਹਾ ਸੀ ਜਾਂ ਦਿੱਲੀ ਦੇ ਜੀ.ਟੀ.ਬੀ. ਕਾਲਜ ਵਿਖੇ ਅਸਿਸਟੈਂਟ ਪ੍ਰੋਫ਼ੈਸਰ ਸੀ। ਮੈਂ ਉਸ ਬਾਰੇ 'ਜੋਸ਼' ਕੋਲੋਂ ਪੁੱਛਿਆ ਤਾਂ ਉਹ ਬੱਸ ਹੱਸ ਕੇ ਏਨਾ ਹੀ ਬੋਲਿਆ, "ਲੋਕੇ, ਉਹ ਤਾਂ ਬੰਬ ਐ ਬੰਬ, ਤੇਰੀ ਬੰਬਾਂ ਵਾਲੀ ਕਵਿਤਾ ਵਰਗਾ। ਕਮਾਲ ਦਾ ਸਕਾਲਰ ਏ।"

ਕੰਵਲ ਸਾਹਿਬ ਦਾ ਪੋਤਰਾ ਹਰਮੀਤ ਦੱਸਦਾ ਹੈ, "ਉਨ੍ਹਾਂ ਦੀ ਸਭ ਤੋਂ ਵੱਡੀ ਦੇਣ ਹੈ ਮੇਰੀ ਸਾਹਿਤ ਨਾਲ ਪਛਾਣ ਕਰਵਾਉਣੀ ਤੇ ਇਹ ਦੱਸਣਾ ਕਿ ਸਾਹਿਤ ਹੀ ਆਦਮੀ ਨੂੰ ਖੜ੍ਹਾ ਕਰਦਾ ਹੈ।" ਇਸ ਦਾ ਫ਼ਰਕ ਮੈਂ ਆਪਣੇ ਤੇ ਆਪਣੇ ਹਮਉਮਰ ਮੁੰਡੇ-ਕੁੜੀਆਂ ਵਿੱਚ ਸੌਖਾ ਵੇਖ ਸਕਦਾ ਹਾਂ। ੩ਹੁਣ ਮੈਂ ਆਖ ਸਕਦਾ ਹਾਂ ਕਿ ਸਾਹਿਤ ਆਦਮੀ ਦੀ ਸ਼ਖ਼ਸੀਅਤ ਹੀ ਨਹੀਂ ਬਣਾਉਂਦਾ ਸਗੋਂ ਉਸ ਨੂੰ ਸੇਧ ਦਿੰਦਾ ਹੈ। ਬਾਪੂ ਜੀ ਦੀ ਪਹਿਲੀ ਕਿਤਾਬ 'ਰਾਤ ਬਾਕੀ ਹੈ' ਮੈਂ ਪੜ੍ਹੀ ਸੀ, ਹੋਰ ਮੁੰਡਿਆਂ ਵਾਂਗ ਅਤੇ ਇਸ ਕਿਤਾਬ ਦੀਆਂ ਇਹ ਆਖ਼ਰੀ ਦੋ ਸਤਰਾਂ ਮੈਂ ਅਕਸਰ ਗੁਣਗੁਣਾਉਂਦਾ ਹਾਂ-

"ਸੂਰਜ ਦੀ ਚੜ੍ਹ ਗਈ ਲਾਲੀ, ਪਿਆਲਾ ਰੋਕ ਦੇ ਸਾਕੀ
ਸਮੇਂ ਦੇ ਸਾਜ਼ ਤੇ ਗਾਉਣੀ, ਤੇਰੀ ਇੱਕ ਬਾਤ ਹੈ ਬਾਕੀ।"

ਅੱਜ ਦੇ ਯੁੱਗ 'ਚ ਜੈਨੇਟਿਕਸ ਜਾਂ ਵਿਅਕਤੀ 'ਤੇ ਜੀਨਸ ਦਾ ਪ੍ਰਭਾਵ ਮੰਨਿਆ ਜਾਂਦਾ ਹੈ, ਪਰ ਪਹਿਲੇ ਸਮਿਆਂ ਵਿੱਚ ਵੀ ਪਰਿਵਾਰਕ ਸੰਸਕ੍ਰਿਤੀ, ਸਭਿਆਚਾਰ ਅਤੇ ਸਰੋਕਾਰਾਂ ਦਾ ਪ੍ਰਭਾਵ ਇਨਸਾਨ 'ਤੇ ਜ਼ਰੂਰ ਸਵੀਕਾਰਿਆ ਜਾਂਦਾ ਸੀ। ਕੰਵਲ ਸਾਹਿਬ ਇਸ ਪ੍ਰਸੰਗ ਵਿੱਚ ਆਪਣੇ ਦਾਦੇ ਦੇ ਮਿਹਨਤੀ ਸੁਭਾਅ ਦੀ ਗੱਲ ਕਰਦੇ ਹਨ। ਉਨ੍ਹਾਂ ਦਾ ਪਿਤਾ ਸੁਲ੍ਹਾਕੁਲ ਨੰਬਰਦਾਰ ਸੀ। ਉਹ ਕੋਈ ਝਗੜਾ ਥਾਣੇ ਵਿੱਚ ਨਹੀਂ ਸੀ ਜਾਣ ਦਿੰਦਾ। ਕੰਵਲ ਦੇ ਦੱਸਣ ਅਨੁਸਾਰ, "ਮੇਰੀ ਮਾਂ ਨੇ ਛੋਟੀ ਉਮਰ ਵਿੱਚ ਮੇਰੇ ਕੰਡੇ ਝਾੜ ਕੇ ਫੁੱਲ ਪੱਤਿਆਂ ਵਾਲਾ ਕੰਵਲ ਲੋਕਾਂ ਅੱਗੇ ਪੇਸ਼ ਕਰ ਦਿੱਤਾ। ਮਾਂ ਨੇ ਕਦੇ ਸਖ਼ਤ ਕੰਮਾਂ ਤੋਂ ਹਾਰ ਨਹੀਂ ਸੀ ਮੰਨੀ ਅਤੇ ਆਪਣੇ ਬੱਚਿਆਂ ਨੂੰ ਤੱਤੀਆਂ-ਠੰਢੀਆਂ ਹਵਾਵਾਂ ਤੋਂ ਬਚਾਅ ਕੇ ਸਖ਼ਤ ਮਿਹਨਤ ਵੱਲ ਤੋਰਿਆ। ਅਸੀਂ ਆਪਣੀ ਬੇਜੀ ਦਾ ਕਿੰਨਾ ਵੀ ਸ਼ੁਕਰਾਨਾ ਕਰੀਏ, ਥੋੜ੍ਹਾ ਹੀ ਥੋੜ੍ਹਾ ਐ। ਉਹ ਆਪਣੇ ਭਾਈਚਾਰੇ ਵਿੱਚ ਸਿਆਣੀ, ਸਾਊ ਤੇ ਮਿਹਨਤੀ ਮੰਨੀ ਜਾਂਦੀ ਸੀ। ਮੇਰੀ ਜ਼ਿੰਦਗੀ ਦੀ ਬੁਨਿਆਦ ਬੰਨ੍ਹਣ ਵਾਲੀ ਮੇਰੀ ਬੇਜੀ ਸੀ। ਭਾਵੇਂ ਉਸਾਰੀ ਵਿੱਚ ਪਿੱਛੋਂ ਹੋਰ ਹੱਥ ਵੀ ਬਹੁਤ ਪਏ। ਮਸਲਨ, 'ਸੱਚ ਨੂੰ ਫਾਂਸੀ' ਲਿਖਿਆ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਆਵਾਜ਼ ਮਾਰ ਕੇ ਨੌਕਰੀ ਦੇ ਦਿੱਤੀ। ਜੀਅ ਜਾਨ ਨਾਲ ਸੇਵਾ ਕੀਤੀ। 'ਪਾਲੀ' ਨਾਵਲ ਲਿਖਿਆ, ਪੜ੍ਹ ਕੇ ਨਾਨਕ ਸਿੰਘ ਨਾਵਲਿਸਟ ਨੇ ਜੱਫੀ ਵਿੱਚ ਲੈ ਲਿਆ। ਮੇਰਾ ਦਾਦਾ ਹੀ ਅਨਪੜ੍ਹ ਨਹੀਂ ਸੀ, ਸਾਰਾ ਪਿੰਡ ਹੀ ਅਨਪੜ੍ਹ ਸੀ। ਇੱਕ ਵਿਦਵਾਨ ਨੇ ਵੇਦਾਂਤ ਪੜ੍ਹਾ ਦਿੱਤਾ, ਫਿਰ ਮਾਰਕਸਿਜ਼ਮ ਨੇ ਆਪਣਾ ਪੱਕਾ ਵਿਗਿਆਨਕ ਗਿਆਨ ਬਖ਼ਸ਼ਿਆ।"

"ਮੈਨੂੰ ਪੁਸਤਕ ਲਿਖਣੀਆਂ ਸ਼ੁਰੂ ਕਰਨ ਦੇ ਨਾਲ ਨਾਲ ਸਾਹਿਤ, ਸਮਾਜ, ਸਮਾਜਿਕ ਵਿਗਿਆਨ ਦੀ ਸਮਝ ਪਈ। ਮੈਂ ਨਾਲ ਨਾਲ ਕਿਤਾਬਾਂ ਪੜ੍ਹ ਰਿਹਾ ਸਾਂ ਤੇ ਜੱਟ ਧੱਕੇ ਨਾਲ ਸਾਰਾ ਕੁਝ ਸਿੱਖ ਰਿਹਾ ਸਾਂ। ਵਾਰਸ ਦੀ ਹੀਰ, ਸੂਫ਼ੀਆਂ ਦੇ ਕਲਾਮ, ਗੁਰਬਾਣੀ ਤੇ ਲੋਕਗੀਤਾਂ ਨੇ ਮੇਰੇ ਸ਼ਬਦ ਭੰਡਾਰ ਵਿੱਚ ਤੋਟ ਨਹੀਂ ਆਉਣ ਦਿੱਤੀ। ਮੇਰੀ ਸਿਰੜੀ ਲਗਨ ਹੀ ਮੇਰੀ ਗੁਰੂ ਸੀ। ਵੇਦਾਂਤ ਦੀ ਉਕਤ ਯੁਕਤੀ ਪੜ੍ਹਨ ਤੋਂ ਬਾਅਦ ਭਰਥਰੀ ਹਰੀ ਦੇ ਸ਼ਤਕਾਂ ਨੇ ਹੋਰ ਮੋਹਰ ਲਗਾ ਦਿੱਤੀ। ਮਾਰਕਸਿਜ਼ਮ ਨੇ ਮੈਨੂੰ ਨਵੇਂ ਪੁਰਾਣੇ ਏੜਾਂ-ਗੇੜਾਂ ਵਿੱਚੋਂ ਕੱਢ ਕੇ ਸਮਾਜਿਕ-ਰਾਜਨੀਤਕ ਵਿਹਾਰ ਦੇ ਸਿੱਧੇ ਰਾਹ ਪਾ ਦਿੱਤਾ। ਇਸ ਤਰ੍ਹਾਂ ਮੈਂ ਸਾਹਿਤ ਖੇਤਰ ਵਿੱਚ ਪਹਿਲਵਾਨੀ ਦਾਅ-ਪੇਚਾਂ ਨੂੰ ਹੱਥ-ਪੈਰ ਮਾਰਨ ਲੱਗ ਪਿਆ।" ਉਸ ਨੇ ਕਿਹਾ।

ਕੰਵਲ ਦੀ ਸਾਹਿਤਕ ਪਾਰੀ ਬੜੀ ਲੰਮੀ ਹੈ। ਹੁਣ ਵੀ ਜਾਰੀ ਹੈ। ਉਮਰ ਦੇ ਸੈਂਕੜੇ ਤੋਂ ਬਾਅਦ ਵੀ।

---

*ਜਿਸ ਤਨ ਲਾਗੈ, ਸੋਈ ਜਾਣੈ....*

# ਪਰਦੇਸ ਵੱਸਣ ਦਾ ਸੰਤਾਪ

**ਸਰੂਪ ਸਿੰਘ ਸਹਾਰਨ ਮਾਜਰਾ**
(ਸੰਪਰਕ: 098558-63288)

ਮੈਂ ਸਾਲ 1977 ਤੋਂ ਲੈ ਕੇ 1997 ਤਕ ਕਰੀਬ 20 ਸਾਲ ਸੰਯੁਕਤ ਅਰਬ ਅਮੀਰਾਤ (ਯੂਏਈ) ਵਿੱਚ ਰਿਹਾ ਹਾਂ। ਪਹਿਲੇ 15 ਸਾਲ ਜ਼ਬਰਦਸਤ ਸੰਘਰਸ਼ ਕੀਤਾ। ਪਹਿਲਾਂ ਪਹਿਲ ਇੱਕ ਠੇਕੇਦਾਰ ਦੇ ਵੀਜ਼ੇ 'ਤੇ ਗਿਆ। ਉਸ ਦਾ ਪਾਈਪ ਫਿਟਿੰਗ ਤੇ ਪਲੰਬਿੰਗ ਦਾ ਕੰਮ ਸੀ। ਸਾਨੂੰ ਪੰਜ ਬੰਦਿਆਂ ਨੂੰ ਪਹਾੜੀ 'ਤੇ ਬੀਆਬਾਨ ਇਲਾਕੇ ਵਿੱਚ ਭੇਜ ਦਿੱਤਾ ਜਿੱਥੇ ਉੱਥੋਂ ਦੇ ਮੂਲਵਾਸੀਆਂ (ਅਰਬਾਂ) ਲਈ ਚਾਲੀ ਵਿਲਾ (ਬੰਗਲੇ) ਬਣਾਏ ਗਏ ਸਨ। ਉਨ੍ਹਾਂ ਵਿੱਚ ਪਾਣੀ ਸਪਲਾਈ ਤੇ ਨਿਕਾਸ, ਬਾਥਰੂਮਾਂ ਵਿੱਚ ਫਿਟਿੰਗ ਅਤੇ ਗੰਦੇ ਪਾਣੀ ਨੂੰ ਸੈਪਟਿਕ ਟੈਂਕਾਂ ਵਿੱਚ ਪਾਉਣ ਦਾ ਕੰਮ ਅਸੀਂ ਕਰਨਾ ਸੀ। ਡਰੇਨ ਤੇ ਪਾਣੀ ਸਪਲਾਈ ਦੇ ਅੰਡਰ-ਗਰਾਊਂਡ ਕੰਮ ਲਈ ਇੱਕ ਮੀਟਰ ਡੂੰਘੀਆਂ ਖਾਲੀਆਂ ਵੀ ਅਸੀਂ ਬੇਲਚਿਆਂ ਗੈਂਤੀਆਂ ਨਾਲ ਪੁੱਟਣੀਆਂ ਸਨ। ਪੱਥਰਾਂ ਵਾਲੀ ਧਰਤੀ 'ਚ ਖਾਲੀ ਖੋਦਣੀ ਟੇਢੀ ਖੀਰ ਲੱਗਦੀ ਸੀ। ਠੇਕੇਦਾਰ ਵੱਲੋਂ ਇਹ ਹੁਕਮ ਸੀ ਕਿ 30-35 ਮੀਟਰ ਖਾਲੀ ਪੁੱਟ ਕੇ ਉਸ ਵਿੱਚ ਪਾਈਪ ਲਾਈਨ ਫਿੱਟ ਕਰਨ ਦਾ ਕੰਮ ਦੋ ਜਣੇ ਇੱਕ ਦਿਹਾੜੀ ਵਿੱਚ ਪੂਰਾ ਕਰਨ। ਜੇਕਰ ਕੰਮ ਪੂਰਾ ਨਹੀਂ ਹੋਵੇਗਾ ਤਾਂ ਤਨਖਾਹ 'ਚ ਕਟੌਤੀ ਹੋਵੇਗੀ।

ਮੇਰੇ ਨਾਲ ਪੂਰਨ ਸਿੰਘ ਨਾਂ ਦਾ ਨੌਜਵਾਨ, ਜਿਸ ਦੀ ਉਮਰ ਤਕਰੀਬਨ 20 ਸਾਲ ਸੀ, ਕੰਮ ਕਰਦਾ ਸੀ। ਪਹਿਲੇ ਦਿਨ ਅਸੀਂ ਪੂਰਾ ਜ਼ੋਰ ਲਾਇਆ। ਦੁਪਿਹਰ ਦੇ ਖਾਣੇ ਦੀ ਛੁੱਟੀ ਵੀ ਨਹੀਂ ਕੀਤੀ, ਸਿਰਫ਼ 10-15 ਮਿੰਟ ਵਿੱਚ ਰੋਟੀ ਖਾ ਕੇ ਫਿਰ ਕੰਮ 'ਤੇ ਲੱਗ ਗਏ। ਫਿਰ ਵੀ ਕੰਮ ਸਮੇਂ ਸਿਰ ਪੂਰਾ ਨਾ ਹੋ ਸਕਿਆ। ਦੋ ਘੰਟੇ ਡਿਊਟੀ ਪਿੱਛੋਂ ਹੋਰ ਲਗਾਉਣੇ ਪਏ। ਜਦੋਂ ਅਸੀਂ ਕੈਬਿਨ ਵਿੱਚ ਪੁੱਜੇ ਤਾਂ ਇੰਨੇ ਥੱਕ ਗਏ ਕਿ ਰਾਤ ਦੀ ਰੋਟੀ ਤਿਆਰ ਕਰਨ ਦੀ ਘੌਲ ਕਰ ਗਏ ਤੇ ਭੁੱਖੇ-ਭਾਣੇ ਸੌਂ ਗਏ। ਦੂਜੇ ਦਿਨ ਉੱਠਣ ਨੂੰ ਜੀਅ ਨਾ ਕਰੇ। ਖ਼ੈਰ, ਉੱਠਣਾ ਤਾਂ ਜ਼ਰੂਰੀ ਸੀ। ਮਜਬੂਰੀਵੱਸ ਉੱਠਣਾ ਪਿਆ। ਚਾਹ ਪਾਣੀ ਤੇ ਰੋਟੀ ਬਣਾਈ। ਰਾਤ ਨੂੰ ਸਾਨੂੰ ਬਹੁਤਾ ਦਰਦ ਮਹਿਸੂਸ ਨਾ ਹੋਇਆ। ਸਵੇਰੇ ਸਾਡੇ ਹੱਥ ਬਹੁਤ ਹੀ ਦਰਦ ਕਰਦੇ ਸਨ ਕਿਉਂਕਿ ਹੱਥਾਂ ਉੱਪਰ ਛਾਲੇ ਘੁੰਗਰੂਆਂ ਵਾਂਗ ਪੈ ਗਏ ਸਨ।

ਦੂਜੇ ਦਿਨ ਠੇਕੇਦਾਰ ਸਾਡੇ ਪਾਸ ਪੁੱਜਿਆ ਤਾਂ ਅਸੀਂ ਖੁਦਾਈ ਦਾ ਕੰਮ ਕਰਨ ਤੋਂ ਇਨਕਾਰ ਕਰ ਦਿੱਤਾ। ਸਾਡਾ ਖਿਆਲ ਸੀ ਕਿ ਜੇਕਰ ਇਸ ਨੇ ਕੰਮ ਤੋਂ ਜਵਾਬ ਦੇ ਦਿੱਤਾ ਤਾਂ ਹੋਰ ਕੰਮ ਭਾਲ ਲਵਾਂਗੇ। ਪਰ ਕੰਪਨੀ ਦੇ ਪਹਿਲਾਂ ਆਏ ਬੰਦਿਆਂ ਨੇ ਦੱਸਿਆ, "ਜਦੋਂ ਤੁਸੀਂ ਇਸ ਦੇਸ਼ ਵਿੱਚ ਆ ਗਏ ਤਾਂ ਸਮਝ ਲਵੋ, ਗੁਲਾਮਾਂ ਦੇ ਕੈਂਪ ਵਿੱਚ ਸ਼ਾਮਿਲ ਹੋ ਗਏ। ਤੁਸੀਂ ਹੁਣ ਹੋਰ ਕਿਤੇ ਨਹੀਂ ਜਾ ਸਕਦੇ ਜਾਂ ਇਹ ਹੋ ਸਕਦਾ ਹੈ ਕਿ ਵਾਪਸ ਚਲੇ ਜਾਓ। ਥੱਬਾ ਨੋਟਾਂ ਦਾ ਖਰਚ ਕੇ ਆਏ ਹੋਵੋਂਗੇ। ਸੋ ਵਾਪਸ ਜਾਣ ਦੀ ਥਾਂ ਠੀਕ ਇਹੋ ਹੈ ਜਿੰਨਾ ਕੰਮ ਕਰ ਸਕਦੇ ਹੋ, ਕਰੀ ਜਾਵੋ। ਕੰਮ ਤੋਂ ਜਵਾਬ ਨਾ ਦਿਓ। ਇੱਥੇ ਹੜਤਾਲ ਕਰਨੀ ਜਾਂ ਕੰਮ ਤੋਂ ਜਵਾਬ ਦੇਣਾ ਜੁਰਮ ਹੈ। ਇਹ ਸਾਰੇ ਅਰਬ ਮੁਲਕ ਤਾਂ ਦੂਜੇ ਮੁਲਕਾਂ ਤੋਂ ਭਰਤੀ ਕਰਕੇ ਲਿਆਂਦੇ ਹੋਏ ਗੁਲਾਮਾਂ ਦੀਆਂ ਬਸਤੀਆਂ ਹਨ। ਸਾਰੇ ਗੁਲਾਮਾਂ ਦੇ ਪਾਸਪੋਰਟ ਠੇਕੇਦਾਰਾਂ ਜਾਂ ਕੰਪਨੀਆਂ ਏਅਰਪੋਰਟ ਤੋਂ ਫੜ ਕੇ ਆਪਣੇ ਪਾਸ ਜਮ੍ਹਾਂ ਕਰ ਲੈਂਦੀਆਂ ਹਨ ਤਾਂ ਕਿ ਗੁਲਾਮ ਭੱਜ ਨਾ ਜਾਣ। ਜੇਕਰ ਤੁਸੀਂ ਮੁਲਕ ਵਾਪਸ ਜਾਣਾ ਚਾਹੋ ਤਾਂ ਵੀ ਮਾਲਕਾਂ ਦੀ ਮਰਜ਼ੀ ਤੋਂ ਬਿਨਾਂ ਨਹੀਂ ਜਾ ਸਕਦੇ।"

ਖ਼ੈਰ, ਤੀਜੇ-ਚੌਥੇ ਦਿਨ ਖੁਦਾਈ ਕਰਨ ਦੀ ਮਸ਼ੀਨ ਆ ਗਈ ਤੇ ਅਸੀਂ ਕੰਮ ਥੋੜ੍ਹੇ ਦਿਨਾਂ ਵਿੱਚ ਹੀ ਖ਼ਤਮ ਕਰ ਦਿੱਤਾ। ਕੰਮ ਇੰਨਾ ਸਖ਼ਤ ਸੀ ਕਿ ਮੇਰੇ ਨਾਲ ਪੂਰਨ ਸਿੰਘ ਵੀ ਕਦੇ ਘਰ ਤੋਂ ਬਾਹਰ ਨਹੀਂ ਸੀ ਗਿਆ। ਉਹ ਤਾਂ ਥਕੇਵੇਂ ਦਾ ਮਾਰਿਆ ਰਾਤ ਨੂੰ ਉੱਚੀ-ਉੱਚੀ ਰੋਇਆ ਕਰੇ। ਇਸ ਤਰ੍ਹਾਂ ਜਿੱਥੇ ਅਸੀਂ ਦੂਜੇ ਮੁਲਕਾਂ ਵਿੱਚ ਸਰੀਰਕ ਸੰਤਾਪ ਭੋਗਦੇ ਹਾਂ, ਉੱਥੇ ਮਾਨਸਿਕ ਸੰਤਾਪ ਵੀ ਭੋਗਦੇ ਹਾਂ। ਦੁੱਖ 'ਚ ਸਭ ਤੋਂ ਪਹਿਲਾਂ ਮਾਂ ਯਾਦ ਆਉਂਦੀ ਹੈ। ਫਿਰ ਭੈਣ, ਭਾਈ, ਬੀਵੀ, ਬੱਚੇ, ਰਿਸ਼ਤੇਦਾਰ ਤੇ ਹਮਦਰਦ ਬਹੁਤ ਯਾਦ ਆਉਂਦੇ ਹਨ। ਇਸ ਸੰਤਾਪ ਦੀ ਤੀਬਰਤਾ ਬਾਰੇ ਉਹੀ ਜਾਣ ਸਕਦਾ ਹੈ ਜੋ ਇਨ੍ਹਾਂ ਹਾਲਾਤ ਵਿੱਚੋਂ ਗੁਜ਼ਰਿਆ ਹੋਵੇ। ਉਸ ਸਮੇਂ ਦਿਲ ਕਹਿੰਦਾ ਹੈ ਕਿ ਸਭ ਕੁਝ ਛੱਡ ਕੇ ਵਾਪਸ ਚਲੇ ਜਾਈਏ।

ਜ਼ਿਆਦਾ ਮਾਨਸਿਕ ਤਕਲੀਫ਼ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਮੁਲਕਾਂ ਵਿੱਚ ਚਾਰ ਕਿਸਮ ਦੇ ਸ਼ਹਿਰੀ ਰਹਿੰਦੇ ਹਨ। ਇੱਕ ਨੰਬਰ ਦੇ ਸ਼ਹਿਰੀ ਉੱਥੋਂ ਦੇ ਮੂਲ ਵਾਸੀ, ਦੋ ਨੰਬਰ ਦੂਜੇ ਅਰਬ ਮੁਲਕਾਂ ਤੋਂ ਪਹੁੰਚੇ ਲੋਕ, ਤੀਜੇ ਨੰਬਰ 'ਤੇ ਗੈਰ ਅਰਬੀ ਮੁਸਲਿਮ ਲੋਕ ਅਤੇ ਅਸੀਂ ਗੈਰ ਅਰਬੀ ਤੇ ਗੈਰ-ਮੁਸਲਿਮ ਚੌਥੇ ਨੰਬਰ 'ਤੇ ਆਉਂਦੇ ਹਾਂ। ਅਸੀਂ ਅਰਬ ਮੁਲਕਾਂ ਦੇ ਸ਼ਹਿਰੀ ਬਣ ਹੀ ਨਹੀਂ ਸਕਦੇ। ਇਸ ਤੋਂ ਇਲਾਵਾ ਹਰ ਥਾਂ ਅਪਮਾਨ, ਹਰ ਜਗ੍ਹਾ ਨਮੋਸ਼ੀ।

ਪਰਵਾਸੀ ਵੀਰ ਆਪਣੇ ਆਪ ਨੂੰ ਜੇਲ੍ਹ ਵਿੱਚ ਹੀ ਮਹਿਸੂਸ ਕਰਦੇ ਹਨ। ਮੰਨਿਆ ਉੱਥੇ ਆਰਥਿਕ ਸਹੂਲਤਾਂ ਅਰਬ ਦੇਸ਼ਾਂ ਨਾਲੋਂ ਵੱਧ ਹਨ। ਇਸ ਲਈ ਉਸ ਜੇਲ੍ਹ ਵਿੱਚ ਦੂਸਰੀਆਂ ਜੇਲ੍ਹਾਂ ਨਾਲੋਂ ਵੱਧ ਮਿਠਾਸ ਹੈ। ਇਹ ਮਿਠਾਸ ਹੀ ਬੰਦੇ ਨੂੰ ਨਾ ਚਾਹੁੰਦੇ ਹੋਏ ਵੀ ਬੰਨ੍ਹ ਕੇ ਰੱਖਦੀ ਹੈ। ਪੈਸੇ ਦੀ ਮ੍ਰਿਗ ਤ੍ਰਿਸ਼ਨਾ ਪਿੱਛੇ ਦੂਜੇ ਮੁਲਕਾਂ ਵਿੱਚ ਕੀ-ਕੀ ਭੋਗੀਦਾ ਹੈ, ਮੈਂ ਆਪਣੇ ਹੱਡੀਂ ਉਹ ਸਭ ਹੰਢਾਅ ਆਇਆ ਹਾਂ। ਮੈਨੂੰ ਜਾਪਦਾ ਹੈ ਕਿ ਜੇਕਰ ਅਸੀਂ ਆਪਣੇ ਹੀ ਮੁਲਕ ਵਿੱਚ ਕਿਰਤ ਦੀ ਕਦਰ ਕਰਨੀ ਸਿੱਖ ਲਈਏ ਤਾਂ ਵਿਦੇਸ਼ਾਂ ਨਾਲੋਂ ਬਿਹਤਰ ਜੀਵਨ ਜੀ ਸਕਦੇ ਹਾਂ।

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM

KHALSA
INSURANCE AGENCY, INC.

**Khalsa Insurance Agency is among TOP 50 agencies of Blue Cross in USA.**




» GUARANTEED COVERAGE
» NO ANNUAL LIMITS, NO DENIAL FOR PRE-EXISTING CONDITIONS
» RATES NOT BASED ON HEALTH STATUS
» AFFORDABLE COVERAGE – PUBLIC OR PRIVATE
» REQUIRED FOR INDIVIDUALS

COVERED CALIFORNIA™

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
*Your destination for affordable health care*

Call Now for the
Lowest Health Insurance
Premiums available
Some Households
qualify for
FREE HEALTHCARE

408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

## Classified

### ਵਰ ਦੀ ਲੋੜ

**ਜੱਟ ਸਿੱਖ ਧਾਮੀ ਉਮਰ 24 ਸਾਲ 5’ 7’’ MSC B.Ed. ਲੜਕੀ ਇੰਡੀਆ ਵਿਚ ਰਹਿੰਦੀ ਲਈ ਅਮਰੀਕਾ ਜਾਂ ਕੈਨੇਡਾ ਤੋਂ ਇੰਮੀਗਰਾਂਟ ਤੇ ਯੋਗ ਲੜਕੇ ਦੀ ਲੋੜ ਹੈ ਸਾਰਾ ਪਰਿਵਾਰ ਅਮਰੀਕਾ ਸੈੱਟ ਹੈ।**

**ਹੋਰ ਜਾਣਕਾਰੀ ਲਈ ਸੰਪਰਕ ਫੋਨ ਨੰਬਰ**

**916-813-6863**

### Bride WANTED

Jat Sikh boy. B. Tech. Doing Master of Computer Science from NYIT New York. Height 6’4”. Well educated family Father professor. Mother math teacher in Govt school. Boy now in USA on study visa. Please contact @559-312-4428 or 001919872499741

Jat Sikh Dhillon, 24 years, 6’-3”, clean-shaven, handsome, doing M. Tech. Civil Canada, seeks working, beautiful, professionally qualified, above 5’-5” girl preferably from India, US or Canada. Boy owns large urban and rural property and is the son of Class 1 Officer. Contact : 70099-51163 or 9646114506 and erdhillonpseb@gmail.com .

Jatt sikh parents seeking suitable match for their handsome son residing in India, 26 years, 6’ 3” tall. Degrees in Bachelors of Business and MBA. Political family background. Farming, Property and Commission Agents Business(Aahartiya) in Ludhiana district. Parents have PR in USA. Preferred well-qualified tall beautiful girl from USA. Email - navneetbhandal@gmail.com Phone - 916-992-4538

### ਵਰਕਰਾਂ ਦੀ ਲੋੜ

ਯੂਰੇਕਾ, (Eureka) ਕੈਲੀਫੋਰਨੀਆ ਵਿਖੇ ਰੈਂਸਟੋਰੈਂਟ ਵਿਚ ਕੰਮ ਕਰਨ ਵਾਲੇ ਵਰਕਰ ਅਤੇ ਗੈਸ ਸਟੇਸ਼ਨ ਤੇ ਕੰਮ ਕਰਨ ਵਾਲੇ ਕੈਸ਼ੀਅਰ ਦੀ ਲੋੜ ਹੈ। ਸੰਪਰਕ ਕਰੋ:

Manpreet Heer : 707-502-5445

Email : redwoodpetroleum@gmail.com

### Office for Lease in Union City, CA



Nice clean office

1200 to 1500 Sq feet in the business area of Union City. Best for Trucking company if extra warehouse needed.

Call at:

**510-875-3279**

## ਪ੍ਰਕਾਸ਼ ਪੁਰਬ ਬਾਰੇ ਸਰਕਾਰੀ ਇਸ਼ਤਿਹਾਰ ਤੋਂ ਰੇੜਕਾ

ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਆਖਿਆ ਕਿ ਅਸਲ ਤਸਵੀਰ 1800 ਈਸਵੀ ਦੀ ਹੈ, ਜੋ ਕਿ ਗੁਰੂ ਸਾਹਿਬ ਦੇ ਸਮੇਂ ਤੋਂ ਇੱਕ ਸਦੀ ਬਾਅਦ ਦੀ ਹੈ। ਉਨ੍ਹਾਂ ਕਿਹਾ ਕਿ ਹੈਰਾਨੀ ਵਾਲੀ ਗੱਲ ਹੈ ਕਿ ਗੁਰੂ ਸਾਹਿਬ ਦੀਆਂ ਅਨੇਕ ਤਸਵੀਰਾਂ ਹੁੰਦਿਆਂ ਵੀ ਸਰਕਾਰੀ ਅਧਿਕਾਰੀਆਂ ਨੇ ਨੈਪੋਲੀਅਨ ਵਾਲੀ ਤਸਵੀਰ ਨਾਲ ਛੇੜਛਾੜ ਕਰ ਕੇ ਗੁਰੂ ਸਾਹਿਬ ਨੂੰ ਉਸੇ ਘੋੜੇ ‘ਤੇ ਸਵਾਰ ਦਰਸਾਉਣ ਦਾ ਪਾਪ ਕੀਤਾ ਹੈ।

ਸ਼੍ਰੋਮਣੀ ਅਕਾਲੀ ਦਲ ਵੱਲੋਂ ਲਾਏ ਦੋਸ਼ਾਂ ਨੂੰ ਬੇਬੁਨਿਆਦ ਦੱਸਦਿਆਂ ਕਾਂਗਰਸ ਦੇ ਬੁਲਾਰੇ ਨੇ ਕਿਹਾ ਕਿ ਨਾ ਤਾਂ ਇਹ ਤਸਵੀਰ ਕਿਸੇ ਹੋਰ ਤਸਵੀਰ ਦੀ ਨਕਲ ਕਰਕੇ ਬਣਾਈ ਹੈ ਤੇ ਨਾ ਹੀ ਤੋੜੀ-ਮਰੋੜੀ ਹੈ, ਬਲਕਿ ਇਹ ਸਿੱਖ ਧਰਮ ਨਾਲ ਸਬੰਧਤ ਇੱਕ ਵੈੱਬਸਾਈਟ ਤੋਂ ਲਈ ਗਈ ਹੈ। ਬੁਲਾਰੇ ਨੇ ਕਿਹਾ ਕਿ ਅਕਾਲੀ ਦਲ ਨੇ ਤੱਥਾਂ ਦੀ ਪੜਚੋਲ ਕੀਤੇ ਬਿਨਾਂ ਇੱਕ ਮੀਡੀਆ ਰਿਪੋਰਟ ਨੂੰ ਆਧਾਰ ਬਣਾ ਕੇ ਆਪਣਾ ਪ੍ਰਤੀਕਰਮ ਦੇ ਦਿੱਤਾ ਹੈ।

## ਜਿਨ੍ਹਾਂ ਸਿਦਕ ਨਹੀਂ ਹਾਰਿਆ

ਹੁਕਮਰਾਨ ਦਾ ਹੁਕਮ ਸੀ ਕਿ ਧਰਤੀ ਦੇ ਇਸ ਖ਼ਿੱਤੇ ਨੂੰ ਸਿੱਖ-ਵਿਹੂਣਾ ਕਰ ਦਿਓ, ਹੱਥਕੰਡਾ ਭਾਵੇਂ ਕੋਈ ਵੀ ਵਰਤਿਆ ਜਾਵੇ। ਮਾਰਨ ਵਾਲੇ ਨੂੰ ਲਾਲਚ ਦਿੱਤਾ ਗਿਆ ਕਿ ਮਾਰੇ ਗਏ ਸਿੱਖ ਦਾ ਕੱਟਿਆ ਸਿਰ ਜੇ ਹੁਕਮਰਾਨ ਸਾਹਮਣੇ ਪੇਸ਼ ਕੀਤਾ ਜਾਵੇ ਤਾਂ ਉਸ ਨੂੰ ਨਗਦ ਇਨਾਮ ਦਿੱਤਾ ਜਾਵੇਗਾ। ਇਹ ਦੋ ਵਿਅਕਤੀ ਉਸੇ ਤੱਥ ਦੀ ਜ਼ਾਮਨੀ ਭਰ ਰਹੇ ਹਨ।

ਇੱਕ ਭਾਲੇ ਦੇ ਸਿਖਰ ਉੱਪਰ ਬਜ਼ੁਰਗ ਸਿੱਖ ਦਾ ਸਿਰ ਹੈ ਜਦੋਂਕਿ ਦੂਜੇ ਦੇ ਸਿਖਰੀਂ ਨੌਜਵਾਨ ਦਾ ਸਿਰ ਪਰੁੱਚਿਆ ਹੋਇਆ ਹੈ। ਬਿਰਧ ਸਿਰ ਸਿਰੋਂ ਨੰਗਾ ਹੈ, ਪਰ ਨਿਸ਼ਾਨੀ ਵਜੋਂ ਉਹਦੇ ਸਿਰ ਜੂੜਾ ਹੈ, ਦਾੜ੍ਹੀ-ਮੁੱਛਾਂ ਹਨ। ਦੂਜੇ ਸਿਰ ਪਰਨਾ ਬੱਝਾ ਹੈ। ਚਿਹਰੇ ਉੱਪਰ ਹਲਕੀ-ਹਲਕੀ ਦਾੜ੍ਹੀ-ਮੁੱਛ ਹੈ। ਸੋਚ ਬਣਦੀ ਹੈ ਕਿ ਮਰਨ ਵਾਲਿਆਂ ਦਾ ਆਪਸ ਵਿੱਚ ਕੀ ਸਬੰਧ ਹੈ ? ਕੀ ਇਹ ਪਿਉ-ਪੁੱਤ ਹਨ ? ਕੀ ਇਹ ਇੱਕੋ ਪਿੰਡ ਦੇ ਹਨ ਜਾਂ ਵੱਖੋ-ਵੱਖਰੀ ਥਾਂ ਦੇ ਵਸਨੀਕ ਹਨ ? ਕੁਝ ਵੀ ਹੋਵੇ ਇੱਕ ਗੱਲ ਸਾਫ਼ ਹੈ, ਉਨ੍ਹਾਂ ਨੂੰ ਮਾਰ ਦਿੱਤਾ ਗਿਆ ਸੀ ਅਤੇ ਮਾਰਨ ਵਾਲੇ ਉਨ੍ਹਾਂ ਦੇ ਸਿਰ ਦੇ ਪੈਸੇ ਵੱਟਣ ਜਾ ਰਹੇ ਹਨ।

ਵਿਚਾਰ ਹੋ ਸਕਦਾ ਹੈ ਕਿ ਇਹ ਮਾਰੇ ਕਿਵੇਂ ਗਏ ? ਸਿੱਧੀ ਲੜਾਈ ਵਿੱਚ ਮਾਰੇ ਗਏ ਜਾਂ ਧੋਖੇ ਨਾਲ ਮਾਰਨ ਬਾਅਦ ਧੜੋਂ ਸਿਰ ਵੱਖ ਕਰ ਲਏ ਗਏ ? ਕੀ ਇਹੋ ਅਸਲ ਕਾਤਲ ਹਨ ਜਾਂ ਅਸਲੀ ਕਾਤਲਾਂ ਕੋਲੋਂ ਇਨ੍ਹਾਂ ਨੇ ਸਿਰਾਂ ਨੂੰ ਲੁੱਟਿਆ ਹੈ। ਸਿਰਾਂ ਦੀ ਦਿੱਖ ਦਸਦੀ ਹੈ ਕਿ ‘ਇਹ ਲੁੱਟ ਦਾ ਮਾਲ ਨਹੀਂ।’

ਦੋਵਾਂ ਦੀ ਸਰੀਰਕ ਭਾਸ਼ਾ ਉਤਸ਼ਾਹੀ ਹੈ। ਇਨ੍ਹਾਂ ਦੀਆਂ ਗੱਲਾਂ ਆਮ ਰਾਹੀਆਂ ਦੀਆਂ ਗੱਲਾਂ ਨਹੀਂ ਹੋਣਗੀਆਂ ਸਗੋਂ ਵਿਸ਼ੇ ਨਾਲ ਜੁੜੀਆਂ ਹੋਣਗੀਆਂ। ਅੱਗੇ ਤੁਰ ਰਹੇ ਆਦਮੀ ਦੀ ਬਾਂਹ ਦਾ ਉਲਾਰ ਰਾਹ ਦਾ ਦਿਸ਼ਾ-ਨਿਰਦੇਸ਼ ਦੱਸਣ ਵਾਲਾ ਨਹੀਂ ਸਗੋਂ ਸੁਣੀ-ਦੱਸੀ ਗੱਲ ਦਾ ਉਨਮਾਦੀ ਪ੍ਰਗਟਾਵਾ ਹੈ।

ਇਹ ਆਪਣੀ ਵਸਤੂ ਦਾ ਮੁੱਲ ਲੈਣ ਤੁਰੇ ਹਨ। ਇਹ ਜਲਦੀ ਚੱਲ ਕੇ ਮੰਜ਼ਿਲ ਉੱਪਰ ਜਲਦੀ ਪੁੱਜਣਾ ਚਾਹੁੰਦੇ ਹਨ। ਹੁਕਮਰਾਨ ਵੀ ਇਨ੍ਹਾਂ ਸਿਰਾਂ ਨੂੰ ਦੇਖ ਕੇ ਖ਼ੁਸ਼ ਹੋਵੇਗਾ ਕਿਉਂਕਿ ‘ਇਹ ਸਿਰ ਕਾਫ਼ਿਰਾਂ (ਦੁਸ਼ਮਣਾਂ) ਦੇ ਹਨ।’

ਚਿਤੇਰੇ ਲਈ ਦੱਸਣਾ ਜ਼ਰੂਰੀ ਨਹੀਂ ਕਿ ਇਹ ਕਿੱਥੋਂ ਤੁਰ ਕਿੱਥੇ ਪਹੁੰਚੇ ਹਨ। ਉਹ ਆਪਣੇ ਰਾਹ ਉੱਪਰ ਹਨ, ਬਸ ਇਹੋ ਕਾਫ਼ੀ ਹੈ।

ਹਾਕਮ ਜਮਾਤ ਆਮ ਤੌਰ ‘ਤੇ ਆਪਣੀ ਰਿਆਇਆ ਨੂੰ ਵੰਡ ਕੇ ਰੱਖਣ ਵਿੱਚ ਯਕੀਨ ਰੱਖਦੀ ਹੈ। ਮਾਇਆ ਜਾਂ ਸਹੂਲਤ ਦਾ ਲਾਲਚ ਦੇ ਕੇ ਆਪਣੇ ਵੱਸ ਕਰਨਾ ਹਕੂਮਤ ਨੂੰ ਸਦਾ ਰਾਸ ਆਉਂਦਾ ਹੈ। ਚਿੱਤਰ ਵਿਚਲੀ ਕਿਰਿਆ ਅਤੇ ਇਸ ਦੇ ਬਾਹਰ ਹੋ ਰਹੀ ਕਿਰਿਆ ਕਹੇ ਦੀ ਪੁਸ਼ਟੀ ਹੈ। ਇਹ ਦੋਵੇਂ ਕਾਤਲ ਹਥਿਆਰਬੰਦ ਹਨ। ਜੋ ਮੂਹਰੇ ਹੈ, ਉਸ ਦੇ ਖੱਬੇ ਮੋਢੇ ਨਾਲ ਬੰਦੂਕ ਲਟਕਦੀ ਦਿਸ ਰਹੀ ਹੈ। ਸੱਜੇ ਹੱਥ ਨੇਜ਼ਾ ਹੈ ਤੇ ਪਿੱਛੇ ਤੁਰ ਰਹੇ ਆਦਮੀ ਨੇ ਆਪਣੇ ਕਮਰਕੱਸੇ ਵਿੱਚ ਤਲਵਾਰ ਫਸਾਈ ਹੋਈ ਹੈ। ਪਿੱਠ ਪਿੱਛੇ ਢਾਲ ਵੀ ਹੈ। ਇਉਂ ਦੋਵੇਂ ਜਣੇ ਲੜਾਕੂ ਹਨ। ਦੋਵੇਂ ਨੇੜਿਓਂ ਅਤੇ ਦੂਰੋਂ ਮਾਰ ਕਰਨ ਦੇ ਸਮਰੱਥ ਹਨ। ਸੰਭਵ ਹੈ ਕਿ ਮਰਨ ਵਾਲੇ ਬੰਦੂਕ ਦੀ ਗੋਲੀ ਨਾਲ ਮਾਰੇ ਗਏ ਹੋਣ। ਮਾਰ ਕੇ ਫਿਰ ਸਿਰ ਵੱਖ ਕਰਨੇ ਦੁਖਦ ਕਿਰਿਆ ਹੈ, ਪਰ ਕਰਨ ਵਾਲਿਆਂ ਲਈ ਇਹ ਸਹਿਜ ਕੰਮ ਹੈ। ਇਹ ਇਨ੍ਹਾਂ ਜਿਹਿਆਂ ਲਈ ਨਿੱਤ ਦੀ ਕਿਰਿਆ ਹੈ। ਇਸ ਕੰਮ ਦੀ ਕੋਈ ਪੜਤਾਲ ਨਹੀਂ ਹੋਣੀ। ਜੋ ਮਾਰੇ ਗਏ ਹਨ, ਉਹ ਪਹਿਲਾਂ ਹੀ ਦੋਖੀ ਅਤੇ ਮੁਜਰਿਮ ਐਲਾਨੇ ਜਾ ਚੁੱਕੇ ਹਨ। ਮਾਰਨ ਵਾਲੇ ਤਾਂ ਆਪਣੇ ਤੌਰ ‘ਤੇ ਨਿਆਂ ਕਰ ਰਹੇ ਹਨ।

ਇਹ ਸ਼ਾਂਤੀ ਸਥਾਪਿਤ ਕਰਨ ਵਾਲੇ ਨਹੀਂ ਸਗੋਂ ਆਪਣੇ ਤਰੀਕੇ ਨਾਲ ਸਮਾਜ ਦੇ ਇੱਕ ਵਰਗ ਵਿੱਚ ਦਹਿਸ਼ਤ ਪੈਦਾ ਕਰਕੇ ਉਸ ਨੂੰ ਸਿੱਧਿਆਂ-ਅਸਿੱਧਿਆਂ ਹਾਕਮ ਦੇ ਧਰਮ ਨੂੰ ਅਪਣਾਉਣ ਦਾ ਦਬਾਅ ਬਣਾਇਆ ਜਾ ਰਿਹਾ ਹੈ।

ਕਿਰਪਾਲ ਸਿੰਘ ਦਰਸ਼ਕ ਦੇ ਮਨ ਵਿੱਚ ਇਹ ਸ਼ੱਕ ਨਹੀਂ ਰਹਿਣ ਦਿੰਦੇ ਕਿ ਇਹ ਕਿਸ ਧਰਮ ਨਾਲ ਸਬੰਧਿਤ ਹਨ। ਇੱਕ ਦੇ ਸਿਰ ਵੱਟਦਾਰ ਕੱਪੜੇ ਦੀ ਪੱਗ ਹੈ ਜਦੋਂਕਿ ਦੂਜੇ ਦੇ ਸਿਰ ਟੋਪੀ ਹੈ। ਤੇੜ ਪਾਏ ਕੱਪੜੇ ਫਟੇ-ਪੁਰਾਣੇ ਅਤੇ ਅੱਧ-ਅਧੂਰੇ ਹਨ। ਦਰਅਸਲ, ਇਨ੍ਹਾਂ ਦਾ ਲਿਬਾਸ ਇਨ੍ਹਾਂ ਦੀ ਆਰਥਿਕ, ਸਮਾਜਿਕ, ਵਰਗ ਸਥਿਤੀ ਦੱਸਦਾ ਹੈ। ਉਹ ਇਤਿਹਾਸ ਦਾ ਖੌਫ਼ਨਾਕ ਪੜਾਅ ਰਿਹਾ ਹੋਵੇਗਾ, ਜਦੋਂ ਸਿੱਖਾਂ ਨੂੰ ਲੱਭਣਾ ਅਤੇ ਲੱਭ ਕੇ ਮਾਰਨਾ ਇਨ੍ਹਾਂ ਲੋਕਾਂ ਦਾ ਕਿੱਤਾ ਬਣ ਚੁੱਕਾ ਸੀ। ਸਿਰਾਂ ਦੇ ਬਦਲੇ ਪੈਸਿਆਂ ਨਾਲ ਘਰਾਂ ਦਾ ਗੁਜ਼ਰ-ਬਸਰ ਹੁੰਦਾ ਸੀ।

ਕਿਰਪਾਲ ਸਿੰਘ ਦੀ ਪੇਂਟਿੰਗ ਦਾ ਮਹੱਤਵ ਚਿੱਤਰ ਕਰਕੇ ਨਹੀਂ ਸਗੋਂ ਇਸ ਦੀ ਸਾਰਥਿਕਤਾ ਇਤਿਹਾਸਕ ਸੰਦਰਭ ਕਰਕੇ ਹੈ। ਰਾਜ ਆਪਣੇ ਹੀ ਅਧੀਨ ਖੇਤਰ ਉੱਪਰ ਰਹਿ ਰਹੀ ਵਸੋਂ ਦੇ ਇੱਕ ਹਿੱਸੇ ਨੂੰ ਦੁਸ਼ਮਣ ਵਾਂਗ ਦੇਖਣਾ ਆਪਣਾ ਫ਼ਰਜ਼ ਸਮਝਦਾ ਰਹਿੰਦਾ ਹੈ।

ਦੋ ਕਾਤਲਾਂ ਦੇ ਪਿੱਛੇ-ਪਿੱਛੇ ਤੁਰਿਆ ਹੋਇਆ ਇੱਕ ਕੁੱਤਾ ਹੈ। ਯਕੀਨਨ ਇਹ ਰਾਹਗੀਰਾਂ ਦਾ ਸਾਥੀ ਹੈ। ਅਜਿਹੇ ਲੋਕਾਂ ਵਾਸਤੇ ਇਹ ਜਾਨਵਰ ਵੀ ਇੱਕ ਹਥਿਆਰ ਹੀ ਹੈ। ਇਸ ਦੀ ਮਦਦ ਨਾਲ ਇਹ ਲੋਕ ਆਪਣੇ ਸ਼ਿਕਾਰ ਨੂੰ ਆਸਾਨੀ ਨਾਲ ਲੱਭ ਲੈਂਦੇ ਹੋਣਗੇ ਕਿਉਂਕਿ ਵਫ਼ਾਦਾਰ ਕੁੱਤਾ ਅਣਜਾਣ ਵਿਅਕਤੀ ਦੀ ਬਾਸ ਪਛਾਣ ਭੌਂਕਣ ਲੱਗ ਪੈਂਦਾ ਹੈ। ਮਾਸ ਦੀ ਗੰਧ ਕੁੱਤੇ ਨੂੰ ਖਿੱਚ ਆਪਣੇ ਨਾਲ ਤੋਰ ਰਹੀ ਹੈ, ਏਦਾਂ ਲੱਗਦਾ ਨਹੀਂ। ਉਸ ਸਥਿਤੀ ਵਿੱਚ ਕੁੱਤੇ ਦਾ ਵਿਹਾਰ ਖੂੰਖਾਰ ਹੋਣਾ ਸੀ। ਨਾਲ-ਨਾਲ ਤੁਰਿਆ ਕੁੱਤਾ ਆਪਣੇ ਮਾਲਕਾਂ ਦੀ ਆਪਣੀ ਸਮਰੱਥਾ ਅਨੁਸਾਰ ਹਿਫ਼ਾਜ਼ਤ ਕਰ ਰਿਹਾ ਹੈ ਅਤੇ ਕਿਸੇ ਅਣਹੋਣੀ ਨਾਲ ਮੇਲ ਹੋਣ ਦੀ ਅਗਾਉਂ ਸੂਚਨਾ ਵੀ ਦੇ ਰਿਹਾ ਹੋਵੇਗਾ। ਉਹ ਸਹਿਜ ਭਾਵ ਨਾਲ ਦੋਵਾਂ ਦੇ ਨਾਲ-ਨਾਲ ਤੁਰ ਰਿਹਾ ਹੈ।

ਇਨਾਮ ਦੀ ਇੱਛਾ ਰੱਖ ਘਰੋਂ ਤੁਰੇ ਇਹ ਲੋਕ ਕਿਸੇ ਬਣੇ-ਬਣਾਏ ਲਾਂਘੇ ਨੂੰ ਨਹੀਂ ਵਰਤ ਰਹੇ। ਜਿੱਧਰ ਜਾਣਾ ਹੈ, ਉਸ ਵੱਲ ਦਾ ਰਾਹ ਖ਼ੁਦ ਬਣਾਉਣਾ ਪੈਣਾ ਹੈ। ਕੰਮ ਦੁਸ਼ਵਾਰ ਹੈ, ਪਰ ਦਿਸਦੇ-ਅਣਦਿਸਦੇ ਲਾਲਚ ਸਾਹਮਣੇ ਸਭ ਬੇਮਾਅਨੇ ਹੈ।

ਖੱਬੇ ਪਾਸੇ ਵੱਲ ਵੱਡਾ ਰੁੱਖ ਹੈ। ਉਹ ਜੜ੍ਹੋਂ ਨਿਕਲਿਆ ਹੋਇਆ ਹੈ, ਪਰ ਅਜੇ ਹਰਾ ਹੈ। ਜੰਗਲ-ਬੀਆਬਾਨ ਵਿੱਚ ਅਜਿਹੀ ਵਸਤੂ ਸਥਿਤੀ ਦਾ ਹੋਣਾ ਆਮ ਘਟਨਾ ਹੈ। ਕੁਝ ਨਾ ਕੁਝ ਬਣਦੇ ਮਿਟਦੇ ਰਹਿਣਾ ਜੰਗਲ ਦੇ ਸੁਭਾਅ ਦਾ ਅੰਗ ਹੈ। ਖੜ੍ਹਾ ਰੁੱਖ ਛਾਂ ਦੇਣ ਦੇ ਸਮਰੱਥ ਹੋ ਸਕਦਾ ਸੀ, ਪਰ ਇਸ ਵੇਲੇ ਇਹ ਖ਼ੁਦ ਆਪਣੀ ਹੋਂਦ ਵਾਸਤੇ ਲੜ ਰਿਹਾ ਲੱਗਦਾ ਹੈ। ਰੁੱਖ ਭਾਰਾ ਹੈ ਅਤੇ ਪ੍ਰਮੁੱਖਤਾ ਨਾਲ ਪੇਂਟਿੰਗ ਵਿੱਚ ਦਰਜ਼ ਹੈ। ਰੁੱਖ ਅਤੇ ਵਹਿੰਦਾ ਪਾਣੀ ਚਿੱਤਰਕਾਰ ਨੇ ਜਾਣ-ਸਮਝ ਕੇ ਰਚੇ ਹਨ ਜਾਂ ਅਚੇਤ ਹੀ ਰਚ ਹੋ ਗਏ ਹਨ, ਸਪਸ਼ਟ ਕਿਹਾ ਨਹੀਂ ਜਾ ਸਕਦਾ। ਅਗਲੇਰਾ ਪ੍ਰਸ਼ਨ ਹੈ: ਕੀ ਇਨ੍ਹਾਂ ਦੋ ਮੋਟਿਫਾਂ ਨੂੰ ਪ੍ਰਤੀਕ ਰੂਪ ਵਿੱਚ ਵਿਚਾਰਿਆ ਜਾ ਸਕਦਾ ਹੈ ? ਰੁੱਖ ਰਾਜ ਸੱਤਾ ਦਾ ਪ੍ਰਤੀਕ ਹੋ ਸਕਦਾ ਹੈ ਜੋ ਹੁਣ ਗਿਰਨ ਕੰਢੇ ਹੈ। ਕਦੇ ਸਮਾਂ ਸੀ, ਉਹ ਮਜ਼ਬੂਤ ਸੀ। ਛਾਂਦਾਰ ਹੋਣ ਕਰਕੇ ਸੁਖ ਦੇਣਹਾਰ ਰਿਹਾ, ਪਰ ਸਮੇਂ ਦੇ ਗੁਜ਼ਰਨ ਨਾਲ ਧਰਤੀ ਪ੍ਰਤੀ ਉਸ ਦੀ ਪਕੜ ਜਾਂਦੀ ਰਹੀ। ਦੂਜੇ ਨੂੰ ਸੁਖ ਦੇਣ ਦੀ ਬਜਾਏ ਉਹਦੇ ਲਈ ਖ਼ੁਦ ਨੂੰ ਬਚਾਉਣਾ ਔਖਾ ਹੋ ਗਿਆ ਹੈ। ਸਪਸ਼ਟ ਸੰਕੇਤ ਮੁਗ਼ਲ ਹਕੂਮਤ ਵੱਲ ਹੈ ਜੋ ਪਰਜਾ ਨੂੰ ਨਿਆਂ ਦੇਣ ਦੀ ਬਜਾਏ ਉਸ ਦੇ ਸਿਰਾਂ ਦਾ ਮੁੱਲ ਪਾ ਰਹੀ ਹੈ। ਇਹਦੇ ਸਾਹਮਣੇ ਵਗਦੀ ਜਲਧਾਰਾ ਹੈ ਜੋ ਸਮੇਂ ਦੀ ਪ੍ਰਤੀਕ ਹੈ।

ਜਿਵੇਂ ਸਮਾਂ ਨਿਰਬਾਧ ਤੁਰਦਾ ਰਹਿੰਦਾ ਹੈ, ਠੀਕ ਉਸੇ ਤਰ੍ਹਾਂ ਪਾਣੀ ਹਰ ਵੇਲੇ ਗਤੀ ਵਿੱਚ ਰਹਿੰਦਾ ਹੈ। ਉਸ ਵਾਸਤੇ ਚੰਗੇ-ਬੁਰੇ ਦਾ ਕੋਈ ਸੰਕਲਪ ਨਹੀਂ।

ਇਸ ਤੋਂ ਇਹ ਵੀ ਪਤਾ ਚੱਲਦਾ ਹੈ ਕਿ ਭੈੜਾ ਸਮਾਂ ਵੀ ਸਦਾ ਨਹੀਂ ਰਹਿਣਾ ਜਿਵੇਂ ਵਗਦਾ ਪਾਣੀ ਇੱਕ ਥਾਂ ਉਪਰ ਅਟਕਦਾ ਨਹੀਂ। ਨਿਰੰਤਰ ਬਦਲਾਅ ਕ੍ਰਾਂਤੀ ਦਾ ਸੰਕੇਤ ਵੀ ਦਿੰਦਾ ਹੈ। ਦੋਵੇਂ ਕਾਤਲ ਅਤੇ ਉਨ੍ਹਾਂ ਦੀ ਸੰਗਤ ਕਰ ਰਿਹਾ ਕੁੱਤਾ ਵੀ ਹਰਕਤ ਵਿੱਚ ਹੈ। ਹਰ ਇੱਕ ਦੇ ਪੈਰ ਦੀ ਪੁਜ਼ੀਸ਼ਨ ਦੱਸਦੀ ਹੈ ਕਿ ਅਗਲਾ ਪੈਰ ਚੁੱਕਣਾ ਹੀ ਪੈਣਾ ਹੈ। ਇਹ ਗਤੀਸ਼ੀਲਤਾ ਦਾ ਸੰਕੇਤ ਹੈ।

ਚਿੱਤਰ ਵਿੱਚ ਦਿਸਦੇ ਰੁੱਖ ਕਿਹੜੇ ਹਨ। ਬਨਾਵਟ ਤੋਂ ਕਿਸੇ ਦਾ ਨਾਮ ਚੇਤੇ ਵਿੱਚ ਨਹੀਂ ਉੱਭਰਦਾ। ਜੇ ਕੋਲ ਦੇ ਰੁੱਖ ਬਾਰੇ ਇਹ ਗੱਲ ਹੈ ਤਾਂ ਦੂਰ ਅਤੇ ਹੋਰ ਦੂਰ ਬਾਰੇ ਕੁਝ ਕਹਿਣਾ ਹੋਰ ਵੀ ਕਠਿਨ ਹੈ। ਹਰਿਆਵਲ ਵੀ ਭਰਪੂਰ ਹਰੀ-ਭਰੀ ਨਹੀਂ। ਪੇਂਟਿੰਗ ਦੀ ਸਮੁੱਚੀ ਦਿਖ ਪੱਤਝੜ ਮਾਹੌਲ ਦਾ ਪ੍ਰਭਾਵ ਦਿੰਦੀ ਹੈ। ਜਿਸ ਜ਼ਮੀਨ ਉਪਰ ਪ੍ਰਕਿਰਤੀ ਰਸੀ-ਵਸੀ ਹੈ, ਉਹ ਸਮਤਲ ਨਹੀਂ। ਇਸੇ ਜ਼ਮੀਨ ਤੋਂ ਉਤਾਂਹ ਖਲਾਅ ਦੀ ਸ਼ੁਰੂਆਤ ਹੁੰਦੀ ਹੈ। ਖਲਾਅ ਵੀ ਆਪਣੀ ਨਿਲੱਤਣ ਤੋਂ ਪੂਰੀ ਤਰ੍ਹਾਂ ਮੁਕਤ ਹੈ। ਰੰਗ ਸਪਸ਼ਟਤਾ ਦਾ ਸੰਗ ਪੂਰਦੇ ਹਨ, ਪਰ ‘ਜਿਨ੍ਹਾਂ ਸਿਦਕ ਨਹੀਂ ਹਾਰਿਆ’ ਚਿੱਤਰ ਦੇ ਆਸਮਾਨ ਉਪਰ ਹਲਕੇ ਬੱਦਲਾਂ ਦੀਆਂ ਪਰਤਾਂ ਹਨ ਜੋ ਸੋਗੀ ਪ੍ਰਭਾਵ ਰਚਦੀਆਂ ਹਨ।

ਸਾਰੀ ਰਚਨਾ ਵਿੱਚ ਕਿਤੇ ਕੋਈ ਤੇਜ਼, ਚਮਕਦਾ ਰੰਗ ਨਹੀਂ। ਸਭ ਰੰਗ ਦੱਬੇ-ਦੱਬੇ ਅਤੇ ਭੂਸਲੇ ਰੰਗ ਦੀ ਪਰਤ ਵਾਲੇ ਪ੍ਰਤੀਤ ਹੁੰਦੇ ਹਨ। ਚਿੱਤਰ ਵਿਚਲੀ ਕਿਰਿਆ ਚਿੱਤਰ ਦੇ ਵਾਤਾਵਰਣ ਤੋਂ ਵੱਖਰੀ ਨਹੀਂ ਹੋ ਸਕਦੀ।

ਉਹ ਦੌਰ ਦੋ ਧਿਰਾਂ ਵਿਚਾਲੇ ਵਿਚਾਰਾਂ ਅਤੇ ਜੀਵਨ ਵਿਧੀ ਨੂੰ ਲੈ ਕੇ ਹੋਣ ਵਾਲੇ ਸੰਘਰਸ਼ ਦਾ ਦੌਰ ਸੀ। ਸਿੱਖ ਸਤਾਏ ਲੋਕਾਂ ਦੀ ਹਿਫ਼ਾਜ਼ਤ ਕਰਦੇ ਸਨ। ਉਧਾਲੀਆਂ ਕੁੜੀਆਂ-ਔਰਤਾਂ ਨੂੰ ਧਾੜਵੀ ਮੁਸਲਮਾਨਾਂ ਕੋਲੋਂ ਛੁਡਵਾ ਕੇ ਉਨ੍ਹਾਂ ਨੂੰ ਉਨ੍ਹਾਂ ਦੇ ਘਰ ਪੂਰੇ ਆਦਰ ਨਾਲ ਪਹੁੰਚਾਉਂਦੇ ਸਨ। ਸਿੱਖਾਂ ਦਾ ਇਹ ਵਿਹਾਰ ਹਕੂਮਤ ਆਪਣੇ ਲਈ ਵੰਗਾਰ ਸਮਝਦੀ ਸੀ। ਇਹ ਚਿੱਤਰ ਹਾਕਮ ਧਿਰ ਦੇ ਰਵੱਈਏ ਦਾ ਪੇਂਟਿੰਗ ਰੂਪ ਵਿੱਚ ਅੰਸ਼ਮਾਤਰ ਚਿਤਰਣ ਹੈ।

(ਪੰਜਾਬੀ ਟ੍ਰਿਬਿਊਨ ’ਚੋਂ ਧੰਨਵਾਦ ਸਹਿਤ)

## ਸਰਹਿੰਦ ਅਤੇ ਚਮਕੌਰ ਸਾਹਿਬ ਦੀਆਂ ਸ਼ਹਾਦਤਾਂ ਤੋਂ ਸੇਧ ਲੈ ਕੇ ਵਰਤਮਾਨ ਸੁਧਾਰੀਏ : ਡਾ. ਉੱਦੋ ਕੇ

ਇਸ ਲਗਾਤਾਰ ਵਧ ਰਹੇ ਡਰ ਤੇ ਭੈ ਦੇ ਵਾਤਾਵਰਣ ਵਿਚ ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਸਾਡੇ ਲਈ ਚਾਨਣ ਮੁਨਾਰਾ ਹਨ। ਜਿਸ ਦ੍ਰਿੜਤਾ, ਸਿਰੜ ਤੇ ਸਿਦਕ ਨਾਲ ਪੈਗ਼ੰਬਰਾਂ ਦੇ ਸ਼ਹਿਨਸ਼ਾਹ ਦੇ ਲਖਤੇ ਜਿਗਰਾਂ ਨੇ ਮਰਜ਼ੀ ਨਾਲ ਸਿੱਖ ਕੌਮ ਤੇ ਸਮੁੱਚੇ ਸੰਸਾਰ ਦੀ ਅਜ਼ਾਦੀ, ਇਨਸਾਫ ਤੇ ਹੱਕ-ਸੱਚ ਲਈ ਸ਼ਹਾਦਤ ਦਿੱਤੀ, ਇਹ ਸਾਡੇ ਲਈ ਬਹੁਤ ਫਖਰ ਤੇ ਚੜ੍ਹਦੀ ਕਲਾ ਵਾਲੀ ਗੱਲ ਹੈ ਤੇ ਅਸੀਂ ਉਨਾਂ ਦੇ ਮਾਰਗ ਤੇ ਚਲਦਿਆਂ ਆਪਣੀ ਕੌਮ ਦੀ ਹੋਂਦ ਤੇ ਹਸਤੀ ਨੂੰ ਹਰ ਤਰਾਂ ਦੇ ਖਤਰਿਆਂ ਤੋਂ ਬਚਾ ਸਕਦੇ ਹਾਂ। ਸਾਹਿਬਜ਼ਾਦਿਆਂ ਦੀ ਕੁਰਬਾਨੀ ਸਾਨੂੰ ਹਰ ਤਰਾਂ ਦੇ ਭੈਅ ਭਰਪੂਰ ਸਮਿਆਂ ਵਿਚ ਜੱਦੋਜਹਿਦ ਕਰਨ ਲਈ ਪ੍ਰੇਰਨਾ ਦਾ ਸਭ ਤੋਂ ਵੱਡਾ ਇਲਾਹੀ ਸਰੋਤ ਹੈ ਤੇ ਸਾਡੀਆਂ ਆਉਣ ਵਾਲੀਆਂ ਸਿੱਖ ਪੀੜ੍ਹੀਆਂ ਸਾਹਿਬਜ਼ਾਦਿਆਂ ਦੇ ਜੀਵਨ, ਨਿਸ਼ਾਨੇ ਤੇ ਸ਼ਹਾਦਤ ਦੇ ਜਜ਼ਬੇ ਤੋਂ ਸਿਖਿਆ ਲਰਿ ਵਿਚ ਸਦਾ ਗੱਲ ਚਲਦੀ ਰਹਿਣੀ ਚਾਹੀਦੀ ਹੈ ਤਾਂ ਕਿ ਖਾਲਸੇ ਦੀ ਪਰਵਾਜ਼ ਬਾਜ਼ਾਂ ਵਾਲੀ ਹੋਵੇ। ਡਾ: ਉਦੋਕੇ ਨੇ ਸਿੱਖ ਇਤਿਹਾਸ ਦੇ ਅਣਗੌਲੇ ਪੰਨਿਆਂ ਨਾਲ ਸਿੱਖ ਸੰਗਤਾਂ ਨੂੰ ਜਾਣੂੰ ਕਰਵਾਇਆ।

## ਭਾਜਪਾ ਆਗੂ ਰੂਪਾਨੀ ਨੇ ਦੂਜੀ ਵਾਰ ਗੁਜਰਾਤ ਦੇ ਮੁੱਖ ਮੰਤਰੀ ਦਾ ਅਹੁਦਾ ਸੰਭਾਲਿਆ

ਜਮਹੂਰੀ ਗੱਠਜੋੜ (ਐਨਡੀਏ) ਸ਼ਾਸਤ ਰਾਜਾਂ ਦੇ ਮੁੱਖ ਮੰਤਰੀਆਂ ਨਾਲ ਦੁਆ ਸਲਾਮ ਕੀਤੀ। ਇਸ ਤੋਂ ਪਹਿਲਾਂ ਰੂਪਾਨੀ ਤੇ ਉਨ੍ਹਾਂ ਦੀ ਪਤਨੀ ਨੇ ਪੰਚਦੇਵ ਮਹਾਦੇਵ ਮੰਦਿਰ ਵਿੱਚ ਪੂਜਾ ਅਰਚਨਾ ਵੀ ਕੀਤੀ। ਹਲਫ਼ਦਾਰੀ ਸਮਾਗਮ ਵਿੱਚ ਸ਼ਾਮਲ ਉੱਘੀਆਂ ਹਸਤੀਆਂ ’ਚ ਭਾਜਪਾ ਦੇ ਬਜ਼ੁਰਗ ਆਗੂ ਲਾਲ ਕ੍ਰਿਸ਼ਨ ਅਡਵਾਨੀ, ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ, ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ, ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਅਨਾਥ ਤੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਸ਼ੁਮਾਰ ਸਨ। ਪਟੇਲ ਤੋਂ ਇਲਾਵਾ ਕੈਬਨਿਟ ਮੰਤਰੀ ਵਜੋਂ ਸਹੁੰ ਚੁੱਕਣ ਵਾਲਿਆਂ ’ਚ ਭੁਪੇਂਦਰਸਿੰਹ ਚੁਦਾਸਾਮਾ, ਆਰ.ਸੀ.ਫ਼ਾਲਦੂ, ਕੌਸ਼ਿਕ ਪਟੇਲ, ਸੌਰਭ ਪਟੇਲ, ਗਣਪਤਸਿੰਹ ਵਸਾਵਾ, ਜਯੇਸ਼ ਰਾਡਾਡੀਆ, ਦਿਲੀਪ ਠਾਕੁਰ ਤੇ ਇਸ਼ਵਰ ਪਰਮਾਰ ਸ਼ਾਮਲ ਹਨ। ਪਰਦੀਪਸਿੰਹ ਜਡੇਜਾ, ਪ੍ਰਭਾਤ ਪਟੇਲ, ਜੈਦਰਥਸਿੰਹ ਪਰਮਾਰ, ਰਮਨ ਪਟਕਰ, ਪਰਸ਼ੋਤਮ ਸੋਲੰਕੀ, ਈਸ਼ਵਰਸਿੰਹ ਪਟੇਲ, ਵਾਸਨ ਅਹੀਰ, ਕਿਸ਼ੋਰ ਕਾਨਾਨੀ, ਬਚੂਭਾਈ ਖਾਬਦ ਤੇ ਵਿਭਾਵਾਰਬੇਨ ਦਵੇ ਨੇ ਰਾਜ ਮੰਤਰੀ ਵਜੋਂ ਸਹੁੰ ਚੁੱਕੀ। ਗੁਜਰਾਤ ਦੀ 192 ਮੈਂਬਰੀ ਵਿਧਾਨ ਸਭਾ ਵਿੱਚ ਭਾਜਪਾ ਕੋਲ 99 ਵਿਧਾਇਕ ਹਨ, ਜੋ ਕਿ ਬਹੁਮਤ ਤੋਂ 7 ਸੀਟਾਂ ਵੱਧ ਹੈ। ਮੁੱਖ ਵਿਰੋਧੀ ਧਿਰ ਕਾਂਗਰਸ ਕੋਲ 77 ਵਿਧਾਇਕ ਹਨ ਜਦਕਿ ਭਾਈਵਾਲਾਂ ਨੂੰ ਮਿਲਾ ਕੇ ਨਵੇਂ ਹਾਊਸ ਵਿੱਚ ਪਾਰਟੀ ਦੀ ਕੁੱਲ ਗਿਣਤੀ 80 ਹੈ।

## *ਪਾਠਕਾਂ ਦੀ ਸੱਥ*

## ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨਵੰਬਰ 2020 ਵਿਚ ਮਨਾਈ ਜਾਣ ਵਾਲੀ ਪਹਿਲੀ ਸ਼ਤਾਬਦੀ ਸਬੰਧੀ

ਖਾਲਸਾ ਜੀ,

ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਹਿ।।

ਅੱਜ ਤੋਂ ਸੌ ਸਾਲ ਪਹਿਲਾਂ ਦੇ ਕੁਝ ਵਰ੍ਹੇ ਪਹਿਲਾਂ ਸਿੱਖਾਂ ਵੱਲੋਂ ਵਿਭਚਾਰੀ ਮਹੰਤਾਂ ਅਤੇ ਗੈਰ-ਪੰਥਕ ਅਨਸਰਾਂ ਵਿਰੁੱਧ ਮੋਰਚਿਆਂ ਗੁਰਦੁਆਰਾ ਸੁਧਾਰ ਲਹਿਰਾਂ, ਸਿੰਘ ਸਭਾ ਲਹਿਰ, ਬੱਬਰ ਅਕਾਲੀ ਲਹਿਰ ਦੀ ਭਾਰੀ ਜਦੋਂ ਜਹਿਦ ਅਤੇ ਸ਼ਹਾਦਤਾਂ ਉਪਰੰਤ 15 ਨਵੰਬਰ 1920 ਨੂੰ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਹੋਂਦ ਵਿਚ ਲਿਆਂਦੀ ਗਈ। ਮਕਸਦ ਇਹ ਸੀ ਕਿ ਭਵਿੱਖ ਵਿਚ ਸਿੱਖਾਂ ਦੇ ਧਾਰਮਿਕ, ਸਿਆਸੀ ਹਿੱਤਾਂ ਦੀ ਪ੍ਰਤੀਨਿਧਤਾ ਇਹ ਸੰਸਥਾ ਕਰੇਗੀ। ਆਓ! ਪੜਚੋਲ ਕਰੀਏ ਕਿ ਬੀਤੇ ਤਕਰੀਬਨ 100 ਸਾਲਾਂ ਵਿਚ ਇੰਜ ਹੀ ਹੋਇਆ ਜਾਂ ਕਿ ਕੁਝ ਘਾਟਾਂ ਰਹੀਆਂ। ਇਤਿਹਾਸ 'ਤੇ ਝਾਤ ਮਾਰੀਏ ਅਤੇ ਵਿਚਾਰੀਏ-

1. 15 ਨਵੰਬਰ 1920 ਵਿਚ ਉਪਰੋਕਤ 'ਸ੍ਰਕਮੇਟੀ' ਅਤੇ ਦਸੰਬਰ 1920 ਵਿਚ ਅਕਾਲੀ ਦਲ ਦੀ ਸਥਾਪਨਾ।
2. 1925 ਵਿਚ 'ਸਿੱਖ ਗੁਰਦੁਆਰਾ ਐਕਟ' ਬਣਿਆ।
3. 1932 ਵਿਚ 'ਸਿੱਖ ਰਹਿਤ ਮਰਿਆਦਾ' ਬਣਾਈ ਗਈ।
4. 1947 ਵਿਚ 'ਭਾਰਤ' ਅਤੇ 'ਪੰਜਾਬ' ਦੇਸ਼ ਦਾ ਬਟਵਾਰਾ।
5. 1950 ਵਿਚ 'ਭਾਰਤੀ ਵਿਧਾਨ' ਦੀ ਸਥਾਪਨਦ ਅਤੇ ਸਿੱਖ ਕੌਮ ਵੱਲੋਂ ਅਸਵਿਕਾਰ ਕਰਨਾ।
6. 1960 'ਪੰਜਾਬੀ ਬੋਲੀ' ਦੀ ਹੋਂਦ ਲਈ ਸੰਘਰਸ਼ ਦਾ ਆਰੰਭ।
7. 1966 ਵਿਚ 'ਪੰਜਾਬੀ ਸੂਬਾ' ਹੋਂਦ ਵਿਚ ਆਇਆ।
8. 1973 ਵਿਚ 'ਆਨੰਦਪੁਰ ਮਤੇ' ਦਾ ਉਲੀਕਣਾ।
9. 1975 ਵਿਚ ਭਾਰਤ ਵਿਚ 'ਐਮਰਜੈਂਸੀ' ਲਗਾਈ ਗਈ ਅਤੇ ਸਿੱਖਾਂ ਦੇ ਰੋਲ।
10. 1978 ਵਿਚ ਨਕਲੀ ਨਿਰੰਕਾਰੀਆਂ ਹੱਥੋਂ ਅੰਮ੍ਰਿਤਸਰ ਵਿਖੇ 'ਖੂਨੀ ਸਾਕਾ' (ਸਿੱਖਾਂ ਦੀਆਂ ਸ਼ਹਾਦਤਾਂ)।
11. 1981 ਵਿਚ 'ਧਰਮ ਯੁੱਧ' ਮੋਰਚੇ ਦਾ ਆਰੰਭਿਆ ਸੰਘਰਸ਼।
12. 1984 ਦਾ 'ਅੰਮ੍ਰਿਤਸਰ' ਪੰਜਾਬ ਵਿਖੇ ਤੀਸਰਾ ਘਲੂਘਾਰਾ।
13. 1984 ਨਵੰਬਰ ਵਿਚ ਸਿੱਖਾਂ ਦੀ ਨਸਲਕੁਸ਼ੀ।
14. 1986 ਸਮੇਂ 'ਸ੍ਰੀ ਦਰਬਾਰ ਸਾਹਿਬ' ਅੰਮ੍ਰਿਤਸਰ ਵਿਖੇ 'ਸਰਬੱਤ ਖਾਲਸਾ' ਦਾ ਇਕੱਠ ਅਤੇ 'ਖਾਲਿਸਤਾਨ' ਦੇ ਮਤੇ ਦਾ ਐਲਾਨ ਨਾਮਾ।
15. ਖਾਸ ਕਰ ਕਿ 'ਪੰਜਾਬ' ਵਿਚ ਅਥਵਾ ਭਾਰਤ ਵਿਚ 'ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਿਅਦਬੀ' ਦੀਆਂ ਘੋਰ ਘਟਨਾਵਾਂ ਉਪਰੰਤ 2015 ਸਮੇਂ ਸਰਬੱਤ ਖਾਲਸੇ ਦਾ ਇਕੱਠ।

ਅਸੀਂ ਸਮੁੱਚੀ ਸਿੱਖ ਕੌਮ ਨੂੰ ਬੇਨਤੀ ਕਰਦੇ ਹਾਂ ਕਿ ਉਪਰ ਲਿਖੇ ਪੂਰਨਿਆਂ ਅਤੇ ਹਾਲਾਤਾਂ ਨੂੰ ਧਿਆਨ ਵਿਚ ਰੱਖਦੇ ਹੋਏ 'ਕੌਮੀ ਤੌਰ 'ਤੇ ਲੇਖਾ ਜੋਖਾ ਕਰੀਏ ਕਿ ਕੀ ਖਟਿਆ ਕੀ ਪਾਇਆ। ਅਤੇ ਕੀ ਕੀ ਗਵਾਇਆ? ਇਸ ਤਰ੍ਹਾਂ ਦੀ 'ਪੜਚੋਲ' ਕਰੀਏ ਕਿ ਆਉਣ ਵਾਲੇ 100 ਸਾਲ ਦਾ ਭਵਿੱਖ ਉਲੀਕਣ ਵਿਚ ਕਾਮਯਾਬ ਹੋਈਏ।

ਅਸੀਂ ਆਉਂਦੇ 2018-2019-2020 (ਤਿੰਨਾਂ ਸਾਲਾਂ) ਵਿਚ ਵਿਦਵਾਨਾਂ, ਲਿਖਾਰੀਆਂ, ਇਤਿਹਾਸਕਾਰਾਂ, ਬੁੱਧੀਜੀਵਾਂ ਨੂੰ ਸੁਝਾਵਾਂ ਅਤੇ ਲਿਖਤਾਂ ਲਿਖਣ ਲਈ ਬੇਨਤੀ ਕਰਦੇ ਹਾਂ। ਨਵੰਬਰ 2020 ਤੋਂ ਉਪਰੰਤ ਇਸਨੂੰ ਇਕ 'ਪੁਸਤਕ' ਦੇ ਰੂਪ ਵਿਚ ਪ੍ਰਕਾਸ਼ਤ ਕਰਾਂਗੇ। ਕਿਸੇ ਵੀ ਜਾਣਕਾਰੀ ਜਾਂ ਲਿਖਤ ਸੁਝਾਅ ਲਈ ਹੇਠਾਂ ਦਿੱਤੀ ਈ-ਮੇਲ 'ਸੰਪਰਕ ਕਰੋ ਜੀ।

ਗੁਰੂ ਪੰਥ ਦੇ ਦਾਸ,

**ਪਰਮਿੰਦਰ ਸਿੰਘ ਬੱਲ, ਅਮਰਜੀਤ ਸਿੰਘ ਮਿਨਹਾਸ, ਹਰਦਿਆਲ ਸਿੰਘ**
**ਪੰਚ ਪ੍ਰਧਾਨੀ ਯੂ ਕੇ (ਈਮੇਲ ਸੰਪਰਕ : panchpardhani@outlook.com)**

## ਲੱਖਾਂ ਸੰਗਤਾਂ ਵਲੋਂ ਫਤਹਿਗੜ੍ਹ ਸਾਹਿਬ ਵਿਖੇ ਸ਼ਰਧਾ ਪੂਰਵਕ ਸਿੱਜਦਾ

ਕੋਈ ਮਿਸਾਲ ਨਹੀਂ ਮਿਲਦੀ ਅਤੇ ਇਹ ਸ਼ਹਾਦਤ ਰਹਿੰਦੀ ਦੁਨੀਆਂ ਤਕ ਪ੍ਰੇਰਨਾ ਸਰੋਤ ਬਣੀ ਰਹੇਗੀ। ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਫਤਹਿਗੜ੍ਹ ਸਾਹਿਬ ਵਿਖੇ ਸਰਹਿੰਦ ਚੋਅ ਦੇ ਕਿਨਾਰੇ ਪੱਕੇ ਕਰਨ ਲਈ 5.71 ਕਰੋੜ ਰੁਪਏ ਮਨਜ਼ੂਰ ਕੀਤੇ ਗਏ ਹਨ। ਇਸ ਪ੍ਰਕਿਰਿਆ ਨੂੰ ਅਮਲ 'ਚ ਲਿਆਉਣ ਬਾਰੇ ਸੂਬਾ ਸਰਕਾਰ ਨੇ ਰੇਲਵੇ ਮੰਤਰਾਲੇ ਨਾਲ ਮਸਲੇ ਨੂੰ ਵੀ ਹੱਲ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਸੂਬਾਈ ਸਰਕਾਰ ਨੇ ਫਤਹਿਗੜ੍ਹ ਸਾਹਿਬ-ਸਰਹਿੰਦ ਖੇਤਰ 'ਚ ਇਤਿਹਾਸਕ ਥਾਵਾਂ ਦੇ ਵਿਕਾਸ ਦੇ ਨਾਲ-ਨਾਲ ਇਸ ਦੇ ਸੁੰਦਰੀਕਰਨ ਲਈ ਵਿਸ਼ੇਸ਼ ਯੋਜਨਾ ਵੀ ਤਿਆਰ ਕੀਤੀ ਹੈ, ਜਿਸ ਅਧੀਨ ਫ਼ਤਹਿਗੜ੍ਹ ਸਾਹਿਬ ਨੂੰ ਸੈਰ ਸਪਾਟਾ ਕੇਂਦਰ ਵਜੋਂ ਵਿਕਸਤ ਕੀਤਾ ਜਾਵੇਗਾ। ਇਸ ਮੌਕੇ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ, ਹਲਕਾ ਵਿਧਾਇਕ ਕੁਲਜੀਤ ਸਿੰਘ ਨਾਗਰਾ, ਬੱਸੀ ਪਠਾਣਾ ਤੋਂ ਵਿਧਾਇਕ ਗੁਰਪ੍ਰੀਤ ਸਿੰਘ ਜੀ.ਪੀ. ਅਤੇ ਮੁਹਾਲੀ ਤੋਂ ਵਿਧਾਇਕ ਬਲਬੀਰ ਸਿੰਘ ਸਿੱਧੂ ਹਾਜ਼ਰ ਸਨ। ਕੈਪਟਨ ਅਮਰਿੰਦਰ ਸਿੰਘ ਨੂੰ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋਣ 'ਤੇ ਹੈੱਡ ਗ੍ਰੰਥੀ ਭਾਈ ਹਰਪਾਲ ਸਿੰਘ ਨੇ ਸਿਰੋਪਾਓ ਦਿੱਤਾ। ਮੁੱਖ ਮੰਤਰੀ ਨੇ ਇਸ ਬਾਅਦ ਪੰਗਤ 'ਚ ਬੈਠ ਕੇ ਲੰਗਰ ਵੀ ਛਕਿਆ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਕਰਨੈਲ ਸਿੰਘ ਪੰਜੋਲੀ ਨੇ ਮੁੱਖ ਮੰਤਰੀ ਨੂੰ ਇਕ ਯਾਦ ਪੱਤਰ ਵੀ ਸੌਂਪਿਆ।

## ਪ੍ਰਮੁੱਖ ਧਾਰਮਿਕ ਸਮਾਗਮਾਂ ਦੌਰਾਨ ਸਿਆਸੀ ਮੀਟਿੰਗਾਂ ਤੇ ਰੈਲੀਆਂ ਕੀਤੇ ਜਾਣ ਦੀ ਸਿੱਖ ਧਰਮ 'ਚ ਕੋਈ ਮਨਾਹੀ ਨਹੀਂ : ਏਜੀਪੀਸੀ

ਅਤੇ ਇਸ 'ਤੇ ਰੋਕ ਲਗਾਉਣਾ ਮੀਰੀ ਪੀਰੀ ਸਿਧਾਂਤ 'ਤੇ ਉਲਟ ਹੈ। ਉਨ੍ਹਾਂ ਕਿਹਾ ਪਿਛਲੇ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੁਕਮਾਂ ਮੁਤਾਬਕ ਕਿਸੇ ਵੀ ਧਾਰਮਿਕ ਸਮਾਗਮ ਮੌਕੇ ਸਿਆਸੀ ਰੈਲੀਆਂ ਅਤੇ ਮੀਟਿੰਗਾਂ 'ਤੇ ਪਾਬੰਦੀ ਲਗਾਈ ਗਈ ਸੀ, ਜਿਸ ਦੇ ਬਾਵਜੂਦ ਸਿਮਰਨਜੀਤ ਸਿੰਘ ਮਾਨ ਵੱਲੋਂ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਿਹਾੜੇ ਮੌਕੇ ਸਿਆਸੀ ਰੈਲੀ ਵੀ ਕਰਵਾਈ ਗਈ ਪਰ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਪਾਰਟੀਆਂ ਨੇ ਹੁਕਮਾਂ ਨੂੰ ਮੰਨਦਿਆਂ ਰੈਲੀਆਂ ਅਤੇ ਮੀਟਿੰਗਾਂ ਕਰਨੀਆਂ ਬੰਦ ਕਰ ਦਿੱਤੀਆਂ। ਉਨ੍ਹਾਂ ਕਿਹਾ ਕਿ ਅਜਿਹੀਆਂ ਰੈਲੀਆਂ 'ਚ ਆਪਣੇ ਧਰਮ ਤੇ ਹੱਕਾਂ ਪ੍ਰਤੀ ਆਪਣੀ ਗੱਲਬਾਤ ਸਾਂਝੀ ਕਰ ਸਕਦੇ ਹਨ। ਇਸ ਧਾਰਮਿਕ ਸਮਾਗਮਾਂ 'ਚ ਰਾਜਨੀਤਿਕ ਰੈਲੀਆਂ ਤੇ ਮੀਟਿੰਗਾਂ 'ਚ ਪਾਬੰਦੀਆਂ ਹਟਾਉਣੀਆਂ ਚਾਹੀਦੀਆਂ ਹਨ। ਅਮਰੀਕਨ ਸਿੱਖ ਆਗੂਆਂ ਨੇ ਕਿਹਾ ਕਿ ਇਹ ਨਹੀਂ ਕਿ ਉਕਤ ਧਾਰਮਿਕ ਸਮਾਗਮਾਂ 'ਚ ਕੀਤੀਆਂ ਜਾਣ ਵਾਲੀਆਂ ਰਾਜਨੀਤਿਕ ਰੈਲੀਆਂ ਤੇ ਮੀਟਿੰਗਾਂ 'ਚ ਵਿਰੋਧਤਾ ਜਤਾਈ ਜਾਵੇ, ਸਗੋਂ ਇਨ੍ਹਾਂ ਰੈਲੀਆਂ 'ਚ ਆਪਣੇ ਧਰਮ, ਰਾਜਨੀਤੀ ਅਤੇ ਹੱਕਾਂ ਬਾਰੇ ਵਿਚਾਰ-ਚਰਚਾਵਾਂ ਹੋਣੀਆਂ ਚਾਹੀਦੀਆਂ ਹਨ।

## ਪੰਜਾਬ ਤੇ ਕਿਸਾਨਾਂ ਨੂੰ ਆਰਥਿਕ ਮੰਦਹਾਲੀ ਵਿਚੋਂ ਕੱਢਣ ਲਈ ਵਾਹਗਾ ਸਰਹੱਦ ਰਾਹੀਂ ਵਪਾਰ ਖੋਲਿਆ ਜਾਵੇ: ਸਿੱਖ ਯੂਥ ਆਫ ਪੰਜਾਬ

'ਚ ਸੰਘਰਸ਼ਸ਼ੀਲ ਧਿਰਾਂ ਲਈ ਨਵੇਂ ਮੌਕੇ ਪੈਦਾ ਕੀਤੇ ਜਾਣ ਦਾ ਜ਼ਿਕਰ ਕਰਦਿਆਂ ਉਨ੍ਹਾਂ ਨੇ ਇਸਦੀ ਵਰਤੋਂ ਗੰਭੀਰਤਾ ਨਾਲ ਕਰਨ ਦੀ ਲੋੜ ਉੱਤੇ ਦਿੱਤਾ।

ਦਲ ਖਾਲਸਾ ਦੇ ਜਨਰਲ ਸਕੱਤਰ ਅਤੇ ਸਿੱਖ ਯੂਥ ਆਫ ਪੰਜਾਬ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਟਾਂਡਾ ਨੇ ਕਿਹਾ ਕਿ ਪੰਜਾਬ ਨੂੰ ਬਚਾਉਣ ਅਤੇ ਕਿਸਾਨਾਂ ਨੂੰ ਆਰਥਿਕ ਮੰਦਹਾਲੀ ਵਿਚੋਂ ਕੱਢਣ ਲਈ ਵਾਹਗਾ ਬਾਰਡਰ ਰਾਂਹੀ ਵਿਉਪਾਰ ਖੋਲਿਆ ਜਾਵੇ ਤਾਂ ਜੋ ਕਿਸਾਨ ਆਪਣੀਆਂ ਜਿਣਸਾਂ ਸੈਂਟਰਲ ਏਸ਼ੀਆ ਦੀ ਮੰਡੀ ਵਿੱਚ ਵੇਚ ਸਕਣ।

ਨੌਜਵਾਨ ਆਗੂ ਦਾ ਕਹਿਣਾ ਸੀ ਕਿ ਪੰਜਾਬ ਦੀ ਆਰਥਿਕਤਾ ਨੂੰ ਹੁਲਾਰਾ ਦੇਣ ਲਈ ਵਾਹਗਾ ਬਾਰਡਰ ਰਾਹੀਂ ਖੁਲਾ ਵਿਉਪਾਰ ਸ਼ੁਰੂ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕਿਸਾਨ ਭਰਾ ਲੰਮੇ ਸਮੇਂ ਤੋਂ ਆਰਥਿਕ ਮੰਦਹਾਲੀ ਵਿੱਚੋਂ ਗੁਜਰ ਰਹੇ ਹਨ ਅਤੇ ਨਿਤ ਦਿਨ ਹੋ ਰਹੀਆਂ ਖੁਦਕੁਸ਼ੀਆਂ ਇਸ ਦੁਖਾਂਤ ਦੀ ਤਲਖ ਸਚਾਈ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇ ਅੰਦਰ ਮੁੰਬਈ ਅਤੇ ਗੁਜਰਾਤ ਪੋਰਟ ਰਾਂਹੀ ਹੀ ਪਾਕਿਸਤਾਨ ਅਤੇ ਹੋਰਨਾਂ ਸੈਂਟਰਲ ਏਸ਼ੀਆ ਮੁਲਕਾਂ ਨਾਲ ਵਿਉਪਾਰ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਵਾਹਗਾ ਬਾਰਡਰ ਦੇ ਖੋਲਣ ਨਾਲ ਪੰਜਾਬ ਦਾ ਕਿਸਾਨ ਆਪਣੀਆਂ ਜਿਣਸਾਂ ਅੰਤਰਰਾਸ਼ਟਰੀ ਮੰਡੀ ਵਿੱਚ ਚੰਗੇ ਦਾਮਾਂ ਤੇ ਵੇਚ ਸਕੇਗਾ।

ਸਿੱਖ ਆਗੂ ਭਾਈ ਮਨਧੀਰ ਸਿੰਘ ਨੇ ਆਪਣੇ ਸੰਖੇਪ ਭਾਸ਼ਣ ਵਿੱਚ ਕਿਹਾ ਕਿ ਸਰਬੱਤ ਦੇ ਭਲੇ ਦੇ ਰਾਹ ਤੇ ਚੱਲਣ ਲਈ ਸਾਨੂੰ ਕਿਰਤ ਕਰੋ, ਨਾਮ ਜਪੋ ਅਤੇ ਵੰਡ ਕੇ ਛਕੋ ਦੇ ਸਿਧਾਂਤ 'ਤੇ ਅਨੁਸਾਰ ਆਪਣਾ ਜੀਵਨ ਬਸਰ ਕਰਨਾ ਚਾਹੀਦਾ ਹੈ ਅਤੇ ਗੁਰੂ ਪਾਤਿਸ਼ਾਹ ਅੱਗੇ ਅਰਦਾਸ ਕਰਨੀ ਚਾਹੀਦੀ ਹੈ ਕਿ ਉਹ ਸਾਨੂੰ ਇਸ ਰਾਹ ਤੇ ਚੱਲਣ ਦੀ ਬਲ-ਬੁਧਿ ਬਖਸ਼ਣ।

ਸਿੱਖ ਯੂਥ ਆਫ ਪੰਜਾਬ ਜਥੇਬੰਦੀ ਦੇ ਪ੍ਰਧਾਨ ਪਰਮਜੀਤ ਸਿੰਘ ਮੰਡ ਨੇ ਕਿਹਾ ਕਿ ਸਰਕਾਰਾਂ ਕਿਸਾਨਾਂ ਪ੍ਰਤੀ ਸੰਜੀਦਾ ਨਹੀਂ ਹਨ। ਉਨ੍ਹਾਂ ਕਿਹਾ ਕਿ ਕਰਜਾ ਮੁਆਫੀ ਦਾ ਲਾਰਾ ਕਿਸਾਨ ਨੂੰ ਕੇਵਲ ਵਕਤੀ ਰਾਹਤ ਹੀ ਦੇ ਸਕੇਗਾ। ਉਨ੍ਹਾਂ ਕਿਹਾ ਕਿ ਟਰੈਕਟਰ ਲੈਣ ਲਈ ਬੈਂਕਾਂ ਵਲੋਂ ਦਿੱਤੇ ਸਸਤੇ ਦਰ ਤੇ ਕਰਜਿਆਂ ਨੇ ਕਿਸਾਨਾਂ ਦਾ ਘੱਟ ਅਤੇ ਟਰੈਕਟਰ ਇੰਡਸਟਰੀ ਦਾ ਜਿਆਦਾ ਫਾਇਦਾ ਕੀਤਾ ਹੈ। ਉਹਨਾਂ ਕਿਹਾ ਕਿ ਸਰਕਾਰ ਦੀ ਭੂਮਿਕਾ ਸਹੂਲਤ ਮੁਹਈਆ ਕਰਵਾਉਣ ਦੇ ਹੁੰਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਕਾਨੂੰਨ ਪਾਸ ਕਰਕੇ ਸਰਕਾਰੀ ਅਤੇ ਗੈਰ-ਸਰਕਾਰੀ ਖੇਤਰ ਅੰਦਰ ਗੈਰ-ਪੰਜਾਬੀਆਂ ਨੂੰ ਰੋਜਗਾਰ ਦੇਣ ਦੀ ਹੱਦ ਮਿਥੇ। ਇਹ ਹੱਦ ਕਿਸੇ ਵੀ ਕੀਮਤ ਤੇ 30 ਪ੍ਰਤੀਸ਼ਤ ਤੋਂ ਵੱਧ ਨਹੀਂ ਹੋਣੀ ਚਾਹੀਦੀ। ਉਨ੍ਹਾਂ ਦਸਿਆ ਕਿ ਇਸ ਤਰਾਂ ਸਰਕਾਰ ਸਥਾਨਕ ਪੰਜਾਬੀ ਨੌਜਵਾਨਾਂ ਨੂੰ ਰੋਜ਼ਗਾਰ ਮੁਹੱਈਆ ਕਰਨ ਦੇ ਵੱਧ ਮੌਕੇ ਪ੍ਰਦਾਨ ਕਰੇਗੀ।

## ਸਾਹਿਬਜ਼ਾਦਿਆਂ ਦੀ ਮਹਾਨ ਸ਼ਹਾਦਤ ਬਾਰੇ ਗੁਰਦੁਆਰਾ ਸਿੰਘ ਸਭਾ ਮਿਲਪੀਟਸ ਵਿਖੇ ਵਿਚਾਰ ਚਰਚਾ ਦੌਰਾਨ ਨੌਜਵਾਨਾਂ ਨੇ ਸਿੱਖ ਇਤਿਹਾਸ ਦੇ ਅਹਿਮ ਪਲਾਂ ਨੂੰ ਯਾਦ ਕੀਤਾ

ਪਾਇਆ। ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਤੇ ਵਡੇ ਸਾਹਿਬਜ਼ਾਦਿਆਂ ਦੁਆਰਾ ਲੜੀ ਜੰਗ ਤੇ ਹਾਸਲ ਕੀਤੀ ਸ਼ਹਾਦਤ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ। ਸਾਹਿਬਜ਼ਾਦਿਆਂ ਦੀ ਬਹਾਦਰੀ ਬਾਰੇ ਗੱਲ ਕਰਦਿਆਂ ਉਨਾਂ ਦੁਆਰਾ ਗੁਲਾਮੀ ਸਵੀਕਾਰ ਨਾ ਕੀਤੇ ਜਾਣ ਬਾਰੇ ਚਾਨਣਾ ਪਾਇਆ। ਬੀਬੀ ਪੁਨੀਤ ਕੌਰ ਨੇ ਕੁਝ ਨੁਕਤਿਆਂ ਨੂੰ ਸਰੋਤਿਆਂ ਦੀ ਉਮਰ ਦੇ ਹਿਸਾਬ ਨਾਲ ਸਪਸ਼ਟ ਕੀਤਾ ਤਾਂ ਕਿ ਇਤਿਹਾਸ ਨੂੰ ਸਮਝਣ ਵਿਚ ਔਖ ਨਾ ਹੋਵੇ।

ਵਿਚਾਰ ਚਰਚਾ ਦੇ ਦੂਜੇ ਦੌਰ ਵਿਚ ਚਰਨਕਮਲ ਸਿੰਘ ਨੇ ਸੁਆਲ ਜਵਾਬ ਦੇ ਰੂਪ ਵਿਚ ਗੱਲਬਾਤ ਜਾਰੀ ਰੱਖਦਿਆਂ ਨੌਜਵਾਨਾਂ ਤੇ ਬੱਚਿਆਂ ਵੱਲੋਂ ਪੁੱਛੇ ਸੁਆਲਾਂ ਦੇ ਜਵਾਬ ਦਿੱਤੇ। ਕੁਝ ਜਵਾਬ ਸੰਗਤ ਵਿਚੋਂ ਵੀ ਹਾਸਲ ਹੋਏ, ਜਿਸ ਵਿਚ ਲੈਥਰੋਪ ਤੋਂ ਸੁਖਦੇਵ ਸਿੰਘ ਨੇ ਸੰਖੇਪ ਵਿਚ ਬ੍ਰਾਹਮਣਵਾਦੀ ਸ਼ੈਤਾਨੀ ਤਾਕਤਾਂ ਦੀ ਸਿੱਖਾਂ ਵਿਰੁੱਧ ਚਲਾਈ ਜਾ ਰਹੀ ਗੁੱਝੀ ਸਾਜ਼ਿਸ਼ ਬਾਰੇ ਚਾਨਣਾ ਪਾਇਆ। ਤਿੰਨ ਸੌ ਸਾਲ ਦੇ ਸਿੱਖ ਇਤਿਹਾਸ ਦੇ ਚੱਕਰ ਨੂੰ ਵਰਤਮਾਨ ਨਾਲ ਜੋੜਦਿਆਂ ਚਰਨਕਮਲ ਸਿੰਘ , ਪ੍ਰਭਜੋਤ ਸਿੰਘ ਤੇ ਦਲਜੀਤ ਕੌਰ ਨੇ ਕਿਹਾ ਕਿ ਸੱਚ ਨੂੰ ਸਦਾ ਹੀ ਫਾਂਸੀ ਮਿਲਦੀ ਹੈ ਪਰ ਸੱਚ ਅਮਰ ਹੈ ਕਿਉਂਕਿ ਸੱਚ ਵਿਚ ਰੂਹਾਨੀ ਤਾਕਤ ਹੈ। ਸਿੱਖ ਕੌਮ ਆਪਣੇ ਖਾਲਸਾ ਰਾਜ ਲਈ ਸਦਾ ਹੀ ਸੰਘਰਸ਼ ਕਰਦੀ ਰਹੀ ਹੈ ਤੇ ਕਰਦੀ ਰਹੇਗੀ। ਸਾਹਿਬਜ਼ਾਦਿਆ ਦੇ ਸੁਪਨਿਆਂ ਦਾ ਵਾਤਾਵਰਣ ਤੇ ਹਲੇਮੀ ਰਾਜ ਰਾਜ ਕਰੇਗਾ ਖਾਲਸਾ ਅਕਾਲ ਪੁਰਖ ਦੀ ਬਖਸ਼ਿਸ਼ ਨਾਲ ਹਾਸਲ ਹੋਣਾ ਹੈ।

ਸਮਾਗਮ ਦੇ ਅਖੀਰ ਵਿਚ ਬੀਬੀ ਦਲਜੀਤ ਕੌਰ ਨੇ ਸਿੰਘ ਸਭਾ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦਾ ਨੌਜਵਾਨਾ ਨੂੰ ਆਪਣੀ ਗੱਲ ਕਹਿਣ ਲਈ ਸੱਦਾ ਦੇਣ ਤੇ ਸਤਿਕਾਰ ਨਾਲ ਗੱਲ ਕਰਨ ਵਾਸਤੇ ਹਾਰਦਿਕ ਧੰਨਵਾਦ ਕੀਤਾ।

ਏਜੀਪੀਸੀ ਤੇ ਪ੍ਰਧਾਨ ਭਾਈ ਜਸਵੰਤ ਸਿੰਘ ਹੋਠੀ ਤੇ ਕੋਆਰਡੀਨੇਟਰ ਡਾ: ਪ੍ਰਿਤਪਾਲ ਸਿੰਘ ਨੇ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਸਾਹਿਬਜ਼ਾਦਿਆਂ ਬਾਰੇ ਹੋਏ ਸੈਮੀਨਾਰ ਨੂੰ ਸੁਣਿਆ ਤੇ ਮਾਣਿਆ। ਭਾਈ ਹੋਠੀ ਨੇ ਕਿਹਾ ਕਿ ਨੌਜਵਾਨਾਂ ਦਾ ਸਦਾ ਹੀ ਸੁਆਗਤ ਹੈ ਤੇ ਉਹ ਜਦ ਵੀ ਚਾਹੁਣ ਇਥੇ ਸਮਾਗਮ ਕਰ ਸਕਦੇ ਹਨ।

## ਖਾਲਸਾ ਕੇਅਰ ਫਾਉਂਡੇਸ਼ਨ ਵਲੋਂ ਬੇਸਹਾਰਾ ਤੇ ਲੋੜਵੰਦ ਪਰਿਵਾਰਾਂ ਦੀ ਮਦਦ ਲਈ ਸ਼ਲਾਘਾਯੋਗ ਉੱਦਮ

ਦੇ ਮਨੋਰੰਜਨ ਦੀਆਂ ਆਈਟਮਾਂ ਪੇਸ਼ ਕੀਤੀਆਂ ਗਈਆਂ। ਬੱਚਿਆਂ ਦੇ ਸੱਜ-ਧੱਜ ਲਈ ਸਮਾਨ ਤੇ ਸਹਿਯੋਗ ਹਾਜ਼ਰ ਸੀ। ਫੈਨਸੀ ਡਰੈੱਸ ਅਤੇ ਹੋਰਨਾਂ ਮੁਕਾਬਲਿਆਂ ਲਈ ਇਨਾਮ ਵੀ ਵੰਡੇ ਗਏ।

ਇਸ ਸਾਰੇ ਉੱਦਮ ਦੀ ਰੂਹੇ ਰਵਾਂ ਫਾਉਂਡੇਸ਼ਨ ਦੇ ਸੀਨੀਅਰ ਵਾਲੰਟੀਅਰ ਗੁਰਦੀਪ ਸਿੰਘ ਮਲਿਕ ਦਾ ਉਤਸ਼ਾਹ ਅਤੇ ਸਰਗਰਮੀ ਵੇਖਣ ਹੀ ਵਾਲੀ ਸੀ। ਮੇਅਰ ਦੇ ਦਫ਼ਤਰ ਦੀ ਨੁਮਇੰਦਗੀ ਤੇ ਮਿਸਟਰ ਗਰਸੇਟੀ ਵਲੋਂ ਇੱਕ ਪਲੇਕ ਖਾਲਸਾ ਕੇਅਰ ਫਾਉਂਡੇਸ਼ਨ ਪੈਕੋਇਮਾ ਨੂੰ ਭੇਟ ਕੀਤੀ ਗਈ। ਇੱਥੇ ਪੁੱਜੇ ਪਤਵੰਤਿਆਂ ਨੇ ਇਸ ਮੌਕੇ ਬੋਲਦਿਆਂ ਪ੍ਰਬੰਧਕਾਂ ਵਲੋਂ ਕੀਤੇ ਉੱਦਮ ਦੀ ਵਾਰ ਵਾਰ ਸ਼ਲਾਘਾ ਕੀਤੀ।

ਇਸ ਲੋਕ ਮਿਲਣੀ ਦੀ ਖ਼ਾਸੀਅਤ ਇਹ ਸੀ ਕਿ ਪ੍ਰੋਗਰਾਮ ਦਾ ਸਮਾਂ ਦੁਪਹਿਰ 12:00 ਵਜੇ ਤੋਂ ਬਾਅਦ ਦੁਪਹਿਰ 2:00 ਵਜੇ ਤੱਕ ਦਾ ਰਖਿਆ ਗਿਆ ਸੀ। ਪਰ ਲੋਕ ਜਾਣ ਦਾ ਨਾਂਅ ਲਈ ਲੈ ਰਹੇ ਸਨ। ਇਸ ਲਈ ਪ੍ਰਬੰਧਕਾਂ ਨੇ ਸ਼ਾਮੀਂ 4:00 ਵਜੇ ਦੇ ਕਰੀਬ ਲੋੜਵੰਦ ਪਰਿਵਾਰਾਂ ਨੂੰ ਨਿੱਤ ਵਰਤੋਂ ਦੀਆਂ ਵਸਤਾਂ ਦੇ ਪੈਕਟ ਦੇ ਕੇ ਵਿਦਾ ਕਰਦਿਆਂ ਸਭਨਾਂ ਦਾ ਧੰਨਵਾਦ ਕੀਤਾ।

ਸਾਰੇ ਪ੍ਰੋਗਰਾਮ ਦੇ ਸ਼ੁਰੂ ਤੋਂ ਲੈ ਕੇ ਪੈ ਰਿਹਾ ਦਿਸਦਾ ਸੀ।

## ਆਨੰਦਪੁਰ ਤੋਂ ਸਰਹਿੰਦ ਤੱਕ ਸ਼ਹਾਦਤਾਂ ਦਾ ਸਫ਼ਰ

ਹਨ, "ਨੀਚਾਂ, ਅੰਦਰਿ ਨੀਚ ਜਾਤਿ, ਨੀਚੀ ਹੂ ਅਤਿ ਨੀਚੁ। ਨਾਨਕੁ ਤਿਨ ਕੈ ਸੰਗ ਸਾਥਿ ਵਡਿਆ ਸਿਉ ਕਿਆ ਰੀਸੁ (ਪੰਨਾ 15)"।

ਫਿਰ ਮਾਛੀਵਾੜੇ ਦੇ ਜੰਗਲ ਵਿੱਚ ਸੰਘਣੇ ਅੰਬਾਂ ਦੇ ਝੁੰਡ ਦੇ ਨੇੜੇ ਇੱਕ ਖੂਹ ਕੋਲ 'ਮਿੱਤਰ ਪਿਆਰੇ ਨੂੰ', ਸ਼ਬਦ ਦੀ ਗੂੰਜ ਵੀ ਇੱਕ ਲਲਕਾਰ ਹੈ: ਉਨ੍ਹਾਂ ਤਾਕਤਾਂ ਦੇ ਖ਼ਿਲਾਫ਼ ਜੋ ਇਸ ਰੂਹਾਨੀ ਦੁਨਿਆਵੀ ਸ਼ਬਦ ਵਿੱਚ ਸੂਲ, ਵਿੰਗ, ਖੰਜਰ ਤੇ ਖੇੜਿਆਂ ਦਾ ਰੂਪ ਧਾਰ ਕੇ ਦੁਖਾਂ, ਤਕਲੀਫ਼ਾਂ ਤੇ ਮੁਸੀਬਤਾਂ ਦਾ ਕਾਰਨ ਬਣੀਆਂ ਹਨ। ਪਰ ਗੁਰੂ ਸਾਹਿਬ ਨੂੰ ਮੁਸੀਬਤਾਂ ਦੇ ਇਹ ਪਹਾੜ ਵੀ 'ਯਾਰੜੇ ਦਾ ਸੱਥਰ" ਹੀ ਲੱਗਦੇ ਹਨ ਅਤੇ ਇਹ ਸ਼ਬਦ ਜੰਗ ਜਾਰੀ ਰੱਖਣ ਦਾ ਇੱਕ ਇਕਰਾਰਨਾਮਾ ਵੀ ਹੈ ਜੋ ਅੱਗੇ ਜਾ ਕੇ ਦੀਨਾ ਕਾਂਗੜ ਦੇ ਅਸਥਾਨ 'ਤੇ 'ਜ਼ਫਰਨਾਮਾ' ਦੇ ਰੂਪ ਵਿੱਚ ਪ੍ਰਗਟ ਹੋਇਆ। ਕੌਣ ਸਨ ਨਬੀ ਖਾਂ ਤੇ ਗਨੀ ਖਾਂ? ਘੋੜਿਆਂ ਦੇ ਇਹ ਵਪਾਰੀ ਗੁਰੂ ਗੋਬਿੰਦ ਸਿੰਘ ਨੂੰ ਸੱਚੀ ਮੁਹੱਬਤ ਕਰਨ ਵਾਲੀਆਂ ਰੂਹਾਂ ਸਨ। ਚਮਕੌਰ ਦੀ ਜੰਗ ਖ਼ਤਮ ਹੋਣ ਪਿੱਛੋਂ ਦੂਰ-ਦੂਰ ਤੱਕ ਸਾਰੇ ਰਸਤਿਆਂ ਅਤੇ ਡਾਂਡੇ-ਮੀਂਡੇ ਰਾਹਾਂ ਉੱਤੇ ਅਤੇ ਅਣਜਾਣ ਪਗਡੰਡੀਆਂ 'ਤੇ ਵੀ ਗੁਰੂ ਸਾਹਿਬ ਦੀ ਭਾਲ ਵਿੱਚ ਪਹਿਰੇ ਲੱਗੇ ਹੋਏ ਸਨ। ਪਰ ਇਨ੍ਹਾਂ ਦੋਵਾਂ ਭਰਾਵਾਂ ਨੇ ਗੁਰੂ ਸਾਹਿਬ ਨੂੰ 'ਉੱਚ ਦਾ ਪੀਰ' ਬਣਾ ਕੇ ਆਲਮਗੀਰ ਤੱਕ ਸਫ਼ਰ ਕੀਤਾ। ਉਨ੍ਹਾਂ ਸਿੱਧ ਕੀਤਾ ਕਿ ਉਹ ਸੱਚਮੁੱਚ ਹੀ ਇਸਲਾਮ ਦੀ ਧੁਰ ਅੰਦਰਲੀ ਜਗਦੀ ਮਘਦੀ ਜਰਖੇਜ਼ ਚੇਤਨਾ ਦੇ ਹਾਣੀ ਸਨ। ਪਰ ਦੂਜੇ ਪਾਸੇ ਗੰਗੂ ਰਸੋਈਏ ਨੇ ਪਨਾਹ ਵਿੱਚ ਆਏ ਦੋ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਨੂੰ ਗ੍ਰਿਫ਼ਤਾਰ ਕਰਵਾ ਕੇ ਇੱਕ ਅਜਿਹਾ ਗੁਨਾਹ ਕੀਤਾ ਜੋ ਸ਼ਾਇਦ ਜੂਡਸ ਇਸਕਾਰੀਓਟ ਤੋਂ ਵੀ ਕਿਤੇ ਵੱਧ ਸੀ, ਜਿਸ ਨੇ ਪ੍ਰਭੂ ਯਸੂ ਮਸੀਹ ਨੂੰ ਫੜਾਉਣ ਦਾ ਘੋਰ ਪਾਪ ਕੀਤਾ ਸੀ। ਗੰਗੂ ਨੇ ਏਡਾ ਵੱਡਾ ਵਿਸ਼ਵਾਸਘਾਤ ਕਿਉਂ ਕੀਤਾ? ਇਹ ਅਜੇ ਤੱਕ ਭੇਤ ਹੀ ਬਣਿਆ ਹੋਇਆ ਹੈ। ਜਦੋਂ ਵਜ਼ੀਰ ਖਾਂ ਦੀ ਕਚਹਿਰੀ ਵਿੱਚ ਛੋਟੇ ਸਾਹਿਬਜ਼ਾਦਿਆਂ ਨੂੰ ਪੇਸ਼ ਕੀਤਾ ਜਾਂਦਾ ਹੈ ਤਾਂ ਉਸ ਸਮੇਂ ਦੀਵਾਨ ਸੁੱਚਾ ਨੰਦ ਅਤੇ ਮਾਲੇਰਕੋਟਲਾ ਦੇ ਨਵਾਬ ਸ਼ੇਰ ਮੁਹੰਮਦ ਖਾਂ ਦਾ ਜ਼ਿਕਰ ਆਉਂਦਾ ਹੈ, ਜਿਸ ਵਿੱਚ ਸੁੱਚਾ ਨੰਦ ਬਹਿਸ ਦੌਰਾਨ 'ਸੱਪਾਂ ਦੇ ਬੱਚੇ ਸੱਪ ਹੀ ਰਹਿਣਗੇ' ਦਾ ਤਰਕ ਦੇ ਕੇ ਸਾਹਿਬਜ਼ਾਦਿਆਂ ਲਈ ਸਜ਼ਾ-ਏ-ਮੌਤ ਦੀ ਸਲਾਹ ਦਿੰਦਾ ਹੈ ਜਦਕਿ ਸ਼ੇਰ ਮੁਹੰਮਦ ਖਾਂ ਦੀ ਜਾਗੀ ਜ਼ਮੀਰ ਬੱਚਿਆਂ ਉੱਤੇ ਅਜਿਹਾ ਜ਼ੁਲਮ ਢਾਹੁਣ ਤੋਂ ਵਜ਼ੀਰ ਖਾਂ ਨੂੰ ਰੋਕਦੀ ਹੈ। ਓੜਕ ਬੱਚਿਆਂ ਨੂੰ ਨੀਹਾਂ ਵਿੱਚ ਜਿਉਂਦੇ ਚਿਣ ਕੇ ਨਿਰਮਲ ਮਾਸੂਮੀਅਤ ਦਾ ਕਤਲ ਕਰ ਦਿੱਤਾ ਜਾਂਦਾ ਹੈ। ਸ਼ੇਰ ਮੁਹੰਮਦ ਖਾਂ ਦੀ ਜਾਗੀ ਜ਼ਮੀਰ ਵਿੱਚੋਂ ਉੱਠੀ ਆਵਾਜ਼ ਨੂੰ ਇਤਿਹਾਸ ਅਤੇ ਖਾਲਸਾ ਅੱਜ ਤੱਕ 'ਹਾਅ ਦੇ ਨਾਅਰੇ' ਨਾਲ ਯਾਦ ਕਰਦਾ ਹੈ। ਮਾਤਾ ਗੁਜਰੀ ਜੀ ਵੀ ਕਹਿਰ ਦੇ ਇਸ ਸਦਮੇ ਨੂੰ ਸਹਿ ਨਾ ਸਕੇ ਅਤੇ ਉਹ ਵੀ ਸ਼ਹੀਦ ਹੋ ਗਏ। ਇੰਜ, 26 ਦਸੰਬਰ ਨੂੰ ਸ਼ਹਾਦਤਾਂ ਦਾ ਇਹ ਸੱਤ ਦਿਨਾਂ ਦਾ ਸਫ਼ਰ ਦਰਦਨਾਕ ਯਾਦਾਂ ਛੱਡ ਕੇ ਸਮਾਪਤ ਹੁੰਦਾ ਹੈ।

ਚਮਕੌਰ ਦੀ ਜੰਗ ਜਿੱਥੇ ਰੂਹਾਨੀ ਤੇ ਇਤਿਹਾਸਕ ਰੰਗਾਂ ਦਾ ਇਸ ਧਰਤੀ ਉੱਤੇ ਇੱਕ ਸੁਹਾਵਣਾ ਮੇਲਾ ਹੈ, ਉੱਥੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨਿਰਭਉ ਤੇ ਨਿਰਵੈਰ ਮਾਸੂਮੀਅਤ ਦਾ ਕਤਲ ਹੈ। ਸਾਹਿਬਜ਼ਾਦਿਆਂ ਨੂੰ ਕਤਲ ਕਰਨ ਦਾ ਇਰਾਦਾ ਮਾਸੂਮੀਅਤ ਨੂੰ ਇਸ ਧਰਤੀ ਤੋਂ ਖ਼ਤਮ ਕਰਨ ਦਾ ਯਤਨ ਸੀ, ਪਰ ਸਾਹਿਬਜ਼ਾਦਿਆਂ ਨੇ ਸ਼ਹਾਦਤਾਂ ਦੇ ਕੇ ਇਸ ਧਰਤੀ ਉੱਤੇ ਮਾਸੂਮੀਅਤ ਦਾ ਪਰਚਮ ਬੁਲੰਦ ਕੀਤਾ। ਇਸ ਮਾਸੂਮੀਅਤ ਵਿੱਚ ਗਿਆਨ ਦੇ ਚਾਨਣ ਦੀਆਂ ਕਿਰਨਾਂ ਵੀ ਹਾਜ਼ਰ-ਨਾਜ਼ਰ ਹਨ ਜੋ ਵਜ਼ੀਰ ਖਾਂ ਦੀ ਕਚਹਿਰੀ ਵਿੱਚ ਛੋਟੇ ਸਾਹਿਬਜ਼ਾਦਿਆਂ ਦੇ ਦਲੇਰਾਨਾ ਜਵਾਬਾਂ ਵਿੱਚੋਂ ਮਿਲਦੀਆਂ ਹਨ।


Watch Your Favorite Channel On
FREE PREVIEW
Happy Holidays from
jus punjabi
MUDDA
Daily Dose
KHIDI DUPEHAR
PRIME TIME NEWS
Kitty Party
Sadde Jalwe
AMERICAN VISION
FIRELINE
Ithihas De Panne
The 1st American-Punjabi Television Channel
WATCH jus punjabi ON CHANNEL 736 ON
dish | sling TELEVISION
for advertisement & more information call: +1-718-752-9290 x 202
www.jusbroadcasting.com


GLOBAL CPN
Channel Punjabi Network
3 HD PUNJABI TV CHANNELS - PACK
in
ONE SINGLE APP
SPIRITUAL
NEWS
MUSIC
AATAM ras
GLOBAL PUNJAB
channel punjabi BEATS
Kirtan
Katha
News
Discussion
Debate
Entertainment
DOWNLOAD GLOBAL CPN APP ON
Roku
android
Website
Apple Devices
log on to:
www.globalcpn.tv
For More Details:
GILL PARDEEP
646-520-6706
HARBHAJAN SINGH
201-281-4889

# RESIDENTIAL, COMMERCIAL AND SOLAR FARMS

**with Sunpreme High Performance Bifacial Smart Panels**

## ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ




## ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ

**Satnam Singh Khalsa 510.706.1300**

info@sunsolarmax.com

SUNPREME
Premium Bifacial Thin Film Solar


ਤੁਹਾਡੀ ਆਪਣੀ
MJSB ਟਰਾਂਸਪੋਰਟੇਸ਼ਨ
ਓਨਰ ਅਪਰੇਟਰਾਂ ਅਤੇ ਅਨੁਭਵੀ ਡਰਾਈਵਰਾਂ ਦੀ ਲੋੜ ਹੈ
Wanted Owner Operators and Experienced Drivers.
Long and Local Routes, all 50 states.
Drivers: 42 cents to 50 cents per mile.
Owner Operators: With own Truck/Trailer get 92% of gross (6% Dispatch+ Insurance).
Using company trailer get 80% of gross.
Fuel Discount: 25 Cents To 40 Cents Per Gallon @ Pilot, Flying J, TA And Petro.
Direct deposit available.
ਪੇਮੈਂਟ ਹਰ ਲੋਡ ਤੋਂ ਬਾਅਦ ਆਪਣੇ ਆਪ ਹੀ ਅਕਾਊਂਟਸ ਵਿਚ ਪਾ ਦਿੱਤੀ ਜਾਵੇਗੀ
ਤੁਸੀਂ ਸਹੂਲਤ ਲਈ ਆਪਣੀ ਲੇਨ ਦੇ ਲੋਡ ਪਿਕ ਕਰ ਸਕਦੇ ਹੋ।
ਜੇ ਤੁਹਾਨੂੰ ਟਰੱਕ ਦੇ ਲੋਡ ਬੁੱਕ ਕਰਨ ਵਾਸਤੇ ਡਿਸਪੈਚ ਦੀ ਲੋੜ ਹੈ। (ਤੁਸੀਂ ਗਾਰੰਟੀ ਨਾਲ $6000 ਤੋਂ $8000 ਪ੍ਰਤੀ ਹਫ਼ਤੇ ਕਮਾ ਸਕਦੇ ਹੋ)
ਜੇ ਤੁਹਾਨੂੰ ਟਰੱਕ ਡਰਾਈਵਰ ਦੀ ਨੌਕਰੀ ਚਾਹੀਦੀ ਹੋਵੇ। (ਨਵੇਂ ਲਾਇਸੰਸ ਵਾਲੇ ਸਟੂਡੈਂਟਸ ਵੀ ਟਰੱਕ ਡਰਾਈਵਰ ਦੀ ਨੌਕਰੀ ਵਾਸਤੇ ਸੰਪਰਕ ਕਰ ਸਕਦੇ ਹਨ)
ਸੰਪਰਕ ਕਰੋ:
ਗਗਨ ਸਿੰਘ: 917-518-5125
ਸਿਮਰਨ ਸਿੰਘ: 469-235-3077


Travel for Less Inc.
SPECIALIZED IN DISCOUNT FARES WORLDWIDE
INDIA | PAKISTAN | EUROPE
ASIANA AIRLINES
A STAR ALLIANCE MEMBER
Asiana Airlines Daily Flight To New Delhi
ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜ਼ਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।
Best deals on major airlines like
ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
ETIHAD AIRWAYS
Lufthansa
QATAR AIRWAYS
IATAN
8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.
CST NO : 2031914-40
We have moved to
Serving the Bay Area Since 1996
32116-Alvarado Blvd. Union City, CA-94587
Email: info@travelforlessinc.com
CALL 510-791-3300 Book online 24x7 @ www.Letsflyhome.com


SHER®
Wishing you
a very happy
2018
SHER ATTA GHAR LAAO
www.sherbrarmills.com